# ਇਹ ਸਰਹੰਦ ਨਹੀਂ
# ਸਿੱਖਾਂ ਦੀ ਕਰਬਲਾ ਹੈ !

**ਸੰਪਾਦਕ : ਡਾ: ਇੰਦਰਜੀਤ ਕੌਰ**

ਪ੍ਰਕਾਸ਼ਕ : ਡਾ: ਇੰਦਰਜੀਤ ਕੌਰ
ਮੁੱਖ ਸੇਵਿਕਾ,
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ ।

ਫ਼ੋਨ : 0183 2584586, 2584713 ਫ਼ੈਕਸ : 0183 2584586
Email : pingalwara 57@ gmail.com .
Website : www. Pingalwara.org



## ਤਤਕਰਾ


| ਕ੍ਰਮ ਅੰਕ | ਪੰਨਾ |
|---|---|
| 1. ਭੂਮਿਕਾ | 3 |
| 2. ਪ੍ਰਸਤਾਵਨਾ | 6 |
| 3. ਇਹ ਸਰਹੰਦ ਨਹੀਂ ਸਿੱਖਾਂ ਦੀ 'ਕਰਬਲਾ' ਹੈ ! | 13 |
| 4. ਮੈ ਹੋ ਪਰਮ ਪੁਰਖ ਕੋ ਦਾਸਾ | 24 |
| 5. ਸਰਹਿੰਦ ਦਾ ਸਾਕਾ | 27 |
| 6. ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ | 33 |
| 7. ਚਾਉ ਸ਼ਹੀਦੀ | 40 |
| 8. ਮੇਰੀ ਦਸਤਾਰ—ਮੇਰਾ ਤਾਜ | 42 |
| 9. ਬਾਲ ਸ਼ਹੀਦੀਆਂ ਦਾ ਜੋੜ-ਮੇਲਾ | 47 |
| 10. ਸਿਦਕ ਦਾ ਭਰ ਵਗਦਾ ਦਰਿਆ ਮਾਤਾ ਗੁਜਰੀ ਜੀ | 52 |
| 11. ਚੜ੍ਹਦੀ ਕਲਾ ਦਾ ਪ੍ਰਤੀਕ ਹੈ ਸਾਹਿਬਜ਼ਾਦਿਆਂ ਦੀ ਸ਼ਹਾਦਤ | 56 |
| 12. ਸ਼ਹੀਦਾਨਿ-ਵਫ਼ਾ | 59 |
| 13. ਗੰਜਿ -ਸ਼ਹੀਦਾਂ | 87 |
| 14. ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ | 125 |


## —ਮੁਫ਼ਤ ਭੇਟਾ—

ਛਾਪਕ : ਪੂਰਨ ਪ੍ਰਿੰਟਿੰਗ ਪ੍ਰੈਸ (ਮਾਨਾਂਵਾਲਾ ਕੰਪਲੈਕਸ )
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:) ਅੰਮ੍ਰਿਤਸਰ ।

ਮਈ 2014 ਨੂੰ ਪਹਿਲੀ ਵਾਰ ਛਪੀ 10,000 ਪੁਸਤਕ
ਦਸੰਬਰ 2015 ਨੂੰ ਦੂਜੀ ਵਾਰ ਛਪੀ 10,000 ਪੁਸਤਕ
ਨਵੰਬਰ 2017 ਨੂੰ ਤੀਜੀ ਵਾਰ ਛਪੀ 10,000 ਪੁਸਤਕ
ਦਸੰਬਰ 2019 ਨੂੰ ਚੌਥੀ ਵਾਰ ਛਪੀ 20,000 ਪੁਸਤਕ

# ਭੂਮਿਕਾ

ਦੇਸ਼, ਕੌਮ ਅਤੇ ਧਰਮ ਦਾ ਪਿਆਰ ਇਨਸਾਨ ਨੂੰ ਤਿਆਗ ਅਤੇ ਕੁਰਬਾਨੀ ਦੇ ਰਾਹ 'ਤੇ ਤੋਰ ਦਿੰਦਾ ਹੈ । ਜਦੋਂ ਸੰਸਾਰ ਦੇ ਲੋਕ ਈਰਖਾ, ਲਾਲਚ ਅਤੇ ਵਾਸ਼ਨਾਵਾਂ ਦੀਆਂ ਹੱਦਾਂ ਟੱਪ ਜਾਂਦੇ ਹਨ ਫਿਰ ਅਕਾਲ ਪੁਰਖ ਕੋਈ ਮਹਾਨ ਪੁਰਖ ਜਾਂ ਅਵਤਾਰ ਨੂੰ ਇਸ ਸੰਸਾਰ ਵਿੱਚ ਭੇਜਦਾ ਹੈ ਜੋ ਸੱਚ, ਹੱਕ ਤੇ ਇਨਸਾਫ਼ ਦਾ ਹੋਕਾ ਦਿੰਦਾ ਹੈ । ਇਸ ਲਈ ਉਸ ਇਨਸਾਨ ਨੂੰ ਭਾਰੀ ਜੱਦੋ-ਜਹਿਦ ਦਾ ਸਾਹਮਣਾ ਕਰਨਾ ਅਤੇ ਜ਼ੁਲਮ ਸਹਿਣਾ ਪੈਂਦਾ ਹੈ ਅਤੇ ਬਹੁਤੀ ਵਾਰੀ ਤਾਂ ਜਾਨ ਵੀ ਕੁਰਬਾਨ ਕਰਨੀ ਪੈਂਦੀ ਹੈ, ਕਿਉਂਕਿ ਅਕਾਲ ਪੁਰਖ ਨੇ ਖ਼ਾਸ ਕੰਮ ਲਈ ਇਹਨਾਂ ਨੂੰ ਸੰਸਾਰ ਵਿੱਚ ਭੇਜਿਆ ਹੁੰਦਾ ਹੈ; ਇਸ ਲਈ ਅਦਭੁੱਤ ਸ਼ਕਤੀ ਵੀ ਇਹਨਾਂ ਦੀ ਸਹਾਇਤਾ ਕਰਦੀ ਹੈ ਅਤੇ ਤਾਕਤ ਬਖ਼ਸ਼ਦੀ ਹੈ । ਇਸ ਲਈ ਇਹਨਾਂ ਦੇ ਮਨ ਜ਼ੁਲਮ ਸਹਿੰਦਿਆਂ ਹੋਇਆਂ ਵੀ ਪਰਬਤ ਵਰਗੇ ਅਡੋਲ ਰਹਿੰਦੇ ਹਨ ।

ਇਹ ਮਾਰਗ ਬਿਖੜਾ ਹੈ; ਇਸ ਲਈ ਵਿਰਲੇ ਹੀ ਇਨਸਾਨ ਉਹਨਾਂ ਨਾਲ ਤੁਰਦੇ ਹਨ । ਸਮੇਂ ਦੇ ਨਾਲ ਅਜਿਹੇ ਇਨਸਾਨ ਇਤਿਹਾਸ ਸਿਰਜਦੇ ਹਨ। ਉਹਨਾਂ ਦੇ ਪੈਰੋਕਾਰ ਫਿਰ ਆਪਣੇ ਵਿਰਸੇ 'ਤੇ ਮਾਣ ਕਰ ਸਕਦੇ ਹਨ । ਸਿੱਖ ਧਰਮ ਕੁਰਬਾਨੀਆਂ ਦਾ ਇਤਿਹਾਸ ਹੈ । ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ, ਉਹਨਾਂ ਦੇ ਸ਼ਾਹਿਬਜ਼ਾਦੇ ਅਤੇ ਅਨੇਕਾਂ ਸਿੱਖਾਂ ਨੇ ਦਿਲ ਕੰਬਾਊ ਜ਼ੁਲਮ ਸਹੇ, ਅਨੇਕਾਂ ਕੁਰਬਾਨੀਆਂ ਦਿੱਤੀਆਂ ਤਾਂ ਕਿ ਲੋਕ ਸੱਚ, ਪਿਆਰ ਅਤੇ ਇਨਸਾਫ਼ ਦੀ ਜ਼ਿੰਦਗੀ ਜੀਅ ਸਕਣ ।

ਅਫ਼ਸੋਸ ਹੈ ਕਿ ਸਿੱਖ ਆਪਣੇ ਵਿਰਸੇ ਨੂੰ ਵਿਸਾਰਦੇ ਜਾ ਰਹੇ ਹਨ। ਸਿੱਖ ਆਪਣੇ ਬੱਚਿਆਂ ਨੂੰ ਵੀ ਆਪਣੇ ਪਾਕ ਅਤੇ ਪਵਿੱਤਰ ਇਤਿਹਾਸ ਤੋਂ ਜਾਣੂ ਨਾ ਕਰਵਾ ਸਕੇ । ਇਸ ਪਦਾਰਥਵਾਦ ਦੇ ਯੁੱਧਾਂ ਵਿਚ ਉਹ ਵੀ ਪੈਸੇ ਦੀ ਦੌੜ ਵਿੱਚ ਸ਼ਾਮਲ ਹਨ, ਸਵਾਰਥੀ ਹੋ ਚੁੱਕੇ ਹਨ ।

ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਦਾਸਤਾਨ ਜਿਹੜੀ ਕਿ ਅੱਖਾਂ ਵਿੱਚੋਂ ਹੰਝੂਆਂ ਤੋਂ ਬਿਨਾਂ ਬਿਆਨ ਨਹੀਂ ਕੀਤੀ ਜਾ ਸਕਦੀ; ਸਿੱਖਾਂ ਦੇ ਘਰਾਂ ਵਿਚ ਪੈਦਾ ਹੋਏ ਬੱਚੇ ਵੀ ਇਸ ਦਾਸਤਾਨ ਤੋਂ ਅਨਜਾਣ ਹਨ ।

ਬੀਰ ਦਵਿੰਦਰ ਸਿੰਘ ਸਰਹੰਦ ਦਾ ਲਿਖਿਆ ਲੇਖ "ਇਹ ਸਰਹੰਦ ਨਹੀਂ ਸਿੱਖਾਂ ਦੀ ਕਰਬਲਾ ਹੈ" ਨੇ ਮੇਰੇ ਹਿਰਦੇ ਨੂੰ ਝੰਜੋੜ ਕੇ ਰੱਖ ਦਿੱਤਾ । ਅਮਰੀਕਾ ਯੂਨੀਵਰਸਿਟੀ ਵਿੱਚ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਪ੍ਰਸੰਗ ਵਿੱਚ ਗੋਰਿਆਂ ਵੱਲੋਂ ਪੁੱਛੇ ਸਵਾਲਾਂ ਨੇ ਸਾਰੇ ਸਿੱਖ ਜਗਤ ਨੂੰ ਸ਼ਰਮਸ਼ਾਰ ਕਰ ਦਿੱਤਾ ਅਤੇ ਸੋਚਣ ਲਈ ਮਜ਼ਬੂਰ ਕਰ ਦਿੱਤਾ ਕਿ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀਆਂ ਤਕਲੀਫ਼ਾਂ ਨੂੰ ਸਿੱਖ ਜਗਤ ਵੱਲੋਂ ਕਿਵੇਂ ਅਨੁਭਵ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਜੋ ਅੱਜ ਵਾਪਰ ਰਿਹਾ ਹੈ ਉਸ ਤੋਂ ਤਾਂ ਇੰਵ ਮਹਿਸੂਸ ਹੁੰਦਾ ਹੈ ਕਿ ਸਿੱਖ



ਕਿਵੇਂ ਅਨੁਭਵ ਤੋਂ ਖ਼ਾਲੀ ਪੱਥਰ-ਦਿਲ ਬਣੇ ਹੋਏ ਹਨ । ਰਾਜਸੀ ਅਤੇ ਧਾਰਮਿਕ ਨੇਤਾ ਵੀ ਆਪਣਾ-ਆਪਣਾ ਪੂਰਾ ਫ਼ਰਜ਼ ਨਹੀਂ ਪਹਿਚਾਣਦੇ । ਪਤਾ ਲੱਗਾ ਹੈ ਕਿ ਪੁਰਾਤਨ ਸਮਿਆਂ ਵਿੱਚ ਪੋਹ ਦੇ ਮਹੀਨੇ ਵਿੱਚ ਕੋਈ ਖ਼ੁਸ਼ੀਆਂ ਨਹੀਂ ਸੀ ਮਨਾਈਆਂ ਜਾਂਦੀਆਂ। ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਹਫ਼ਤੇ ਲੋਕ ਭੁੰਜੇ ਸੌਂਦੇ ਸਨ ਅਤੇ ਸ਼ਹੀਦੀ ਵਾਲੇ ਦਿਨ ਤਾਂ ਰਾਤ ਨੂੰ ਰੋਟੀ ਵੀ ਨਹੀਂ ਸਨ ਪਕਾਉਂਦੇ, ਆਪਣੇ ਬੱਚਿਆਂ ਨੂੰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਦਾਸਤਾਨ ਸੁਣਾਉਂਦੇ ਸਨ । ਆਪ ਵੀ ਬਾਣੀ ਪੜ੍ਹਦੇ ਸਨ ਅਤੇ ਬੱਚਿਆਂ ਨੂੰ ਵੀ ਬਾਣੀ ਦੇ ਲੜ ਲਾਉਂਦੇ ਸਨ । ਇਸ ਤਰ੍ਹਾਂ ਬੱਚੇ ਆਪਣੇ ਅਮੀਰ ਵਿਰਸੇ ਨਾਲ ਜੁੜਦੇ ਸਨ ਅਤੇ ਚੰਗੇ ਸੰਸਕਾਰ ਆਪਣੇ ਆਪ ਹੀ ਮਿਲ ਜਾਂਦੇ ਸਨ ।

ਭਗਤ ਪੂਰਨ ਸਿੰਘ ਜੀ ਵੀ ਹਿੰਦੂ ਪਰਿਵਾਰ ਵਿੱਚ ਪੈਦਾ ਹੋਏ । ਉਹਨਾਂ ਦਾ ਪਿੰਡ ਫ਼ਤਹਿਗੜ੍ਹ ਸਾਹਿਬ ਦੇ ਨੇੜੇ ਹੀ ਸੀ । ਇਕ ਵਾਰੀ ਭਗਤ ਜੀ ਸ਼ਹੀਦੀ ਜੋੜ ਮੇਲੇ 'ਤੇ ਸਰਹੰਦ ਗਏ । ਉਹਨਾਂ ਨੇ ਜੋ ਅਨੁਭਵ ਕੀਤਾ ਉਸਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ :

"ਗੁਰਦੁਆਰਾ ਜੋਤੀ ਸਰੂਪ ਪੁੱਜਣ ਉੱਤੇ ਮੈਂ ਉਹ ਅਸਥਾਨ ਦੇਖਿਆ ਜਿੱਥੇ ਸ਼ਹੀਦ ਸਾਹਿਬਜ਼ਾਦਿਆਂ ਦੇ ਮ੍ਰਿਤਕ ਸਰੀਰਾਂ ਦਾ ਸਸਕਾਰ ਕੀਤਾ ਗਿਆ ਸੀ। ਉਸ ਅਸਥਾਨ ਦੇ ਦਰਸ਼ਨ ਕਰਦਿਆਂ ਹੀ ਮੇਰਾ ਹਿਰਦਾ ਥਰਥਰਾ ਗਿਆ ਤੇ ਮੈਂ ਉਸ ਅਸਥਾਨ ਵਿੱਚੋਂ ਇੱਕ ਅਜਿਹੀ ਗੁਪਤ ਲਹਿਰ ਨਿਕਲਦੀ ਅਨੁਭਵ ਕੀਤੀ ਜਿਹੜੀ ਬੰਦੇ ਦੇ ਮਨ ਨੂੰ ਇਕਾਗਰ ਕਰਕੇ ਇਹ ਦੱਸ ਰਹੀ ਹੋਵੇ ਕਿ ਤੂੰ ਸੰਸਾਰ ਵਿੱਚ ਕਿਸ ਮਕਸਦ ਲਈ ਆਇਆ ਹੈਂ ਅਤੇ ਇੱਕ ਮਨੁੱਖ ਦੇ ਤੌਰ 'ਤੇ ਤੇਰੇ ਕੀ ਕਰਤੱਵ ਹੋ ਸਕਦੇ ਹਨ, ਜਿਨ੍ਹਾਂ ਨੂੰ ਪੂਰਨ ਕਰਨਾ ਹੀ ਜੀਵਨ ਦੇ ਮਨਰੋਥ ਨੂੰ ਪ੍ਰਾਪਤ ਕਰਨਾ ਅਤੇ ਸਦਾ ਲਈ ਅਮਰ ਹੋਣਾ ਹੈ । ਮੈਂ ਜਿੰਨਾ ਚਿਰ ਜੀਵਾਂਗਾ ਮੇਰੇ ਹਿਰਦੇ ਵਿੱਚੋਂ ਸ਼ੁਕਰਾਨੇ ਦੇ ਭਾਵ ਨਾਲ ਸਿੱਖ ਅਰਦਾਸ ਦੇ ਇਹ ਸ਼ਬਦ ਸਦਾ ਉੱਛਲਦੇ ਰਹਿਣਗੇ :

'ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਬਿਬੇਕ ਦਾਨ, ਰਹਿਤ ਦਾਨ, ਦਾਨਾਂ ਸਿਰ ਦਾਨ, ਨਾਮ ਦਾਨ, ਭਰੋਸਾ ਦਾਨ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ, ਚੌਕੀਆਂ ਝੰਡੇ ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ'

ਉਸ ਸ਼ੁਕਰਾਨੇ ਦੇ ਭਾਵ ਨੂੰ ਮੇਰੇ ਹਿਰਦੇ ਵਿੱਚੋਂ ਇਹ ਅਸੀਸ ਵੀ ਨਿਕਲਦੀ ਰਹੇਗੀ ਕਿ ਭਾਰਤ ਦੇ ਹਰ ਘਰ ਤੋਂ ਸਿੱਖ ਸੱਭਿਅਤਾ ਦੀ ਉਸ ਮਹਾਨਤਾ ਦਾ ਪ੍ਰਗਟਾਵਾ ਹੋਵੇ ਜਿਸ ਦੀ ਝਾਕੀ ਨੂੰ ਉਸ ਪੁਰਬ ਦੇ ਅਵਸਰ 'ਤੇ ਅਨੇਕਾਂ ਪੱਖਾਂ ਤੋਂ ਦੇਖਿਆ ਸੀ ।"

ਜਿਸ ਤਰ੍ਹਾਂ ਸੰਸਕਾਰ ਭਗਤ ਪੂਰਨ ਸਿੰਘ ਜੀ ਸਰਹੰਦ ਤੋਂ ਲੈ ਕੇ ਆਏ ਸਾਨੂੰ ਵੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਸ਼ਹੀਦੀ ਜੋੜ ਮੇਲੇ 'ਤੇ ਕੁਝ ਇਸ ਤਰ੍ਹਾਂ ਪ੍ਰਚਾਰ ਕੀਤਾ ਜਾਵੇ ਕਿ ਪੰਜਾਬ ਦੀ ਗਰਕ ਰਹੀ ਜਵਾਨੀ ਨੂੰ ਬਚਾ ਸਕੀਏ ।

ਇਸ ਲਈ ਮੇਰੀ ਸੰਸਥਾ ਦੀ ਕੋਸ਼ਿਸ਼ ਹੈ ਕਿ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਿਰਤਾਂਤ ਇਸ ਕਿਤਾਬਚੇ ਵਿੱਚ ਨਵੇਕਲੇ ਢੰਗ ਨਾਲ ਪੇਸ਼ ਕੀਤਾ ਜਾਵੇ ਤਾਂ ਕਿ ਅਸੀਂ ਬੱਚਿਆਂ ਦੇ ਹਿਰਦਿਆਂ ਨੂੰ ਟੁੰਬ ਸਕੀਏ ।

ਸੋ, ਇਸ ਕਿਤਾਬ ਵਿੱਚ ਸਰਦਾਰ ਭਗਵਾਨ ਸਿੰਘ ਜੌਹਲ ਅਤੇ ਭਾਈ ਵੀਰ ਸਿੰਘ ਜੀ ਦੇ ਲੇਖਾਂ ਤੋਂ ਇਲਾਵਾ ਅੱਲਾ ਯਾਰ ਖਾਂ ਜੋਗੀ ਦੀਆਂ ਦੋ ਕਵਿਤਾਵਾਂ ਗੰਜਿ ਸ਼ਹੀਦਾਂ ਅਤੇ ਸਹੀਦਾਨਿ-ਵਫ਼ਾ ਵੀ ਸ਼ੋ: ਗੁ: ਪ੍ਰੰ: ਕਮੇਟੀ ਵੱਲੋਂ ਛਾਪੀ, ਦਾ ਉਤਾਰਾ ਵੀ ਪਾਇਆ ਹੈ । ਅੱਲਾ ਯਾਰ ਖਾਂ ਜੋਗੀ ਨੇ ਕਾਵਿ ਰੂਪ ਵਿੱਚ ਬਹੁਤ ਸੋਹਣੀ ਤਰ੍ਹਾਂ ਸ਼ਹੀਦੀ ਦੀ ਦਾਸਤਾਨ ਬਿਆਨ ਕੀਤੀ ਹੈ । ਆਸ ਕਰਦੀ ਹਾਂ ਕਿ ਇਹ ਕਿਤਾਬ ਪੜ੍ਹ ਕੇ ਲੋਕਾਂ ਦੀ ਸੋਚ ਵਿੱਚ ਤਬਦੀਲੀ ਆਵੇਗੀ ਤੇ ਪੰਜਾਬ ਦੀ ਰੁੜ੍ਹਦੀ ਜਾਂਦੀ ਜਵਾਨੀ ਨੂੰ ਠੱਲ੍ਹ ਪੈ ਸਕੇਗੀ । ਸੰਗਤਾਂ ਨੂੰ ਬੇਨਤੀ ਹੈ ਕਿ ਇਹੋ ਜਿਹੇ ਕਾਰਜਾਂ ਵਾਸਤੇ ਮਾਇਆ ਦੇ ਗੱਫੇ ਭੇਜੀ ਜਾਣ ।

ਡਾ : ਇੰਦਰਜੀਤ ਕੌਰ
ਮੁੱਖ ਸੇਵਿਕਾ,
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ:), ਅੰਮ੍ਰਿਤਸਰ ।



# ਪ੍ਰਸਤਾਵਨਾ

ਗੁਰੂ ਗੋਬਿੰਦ ਸਿੰਘ ਜੀ ਦੀ ਬਹਾਦਰੀ ਦੀਆਂ ਅਨੇਕ ਦੰਦ-ਕਥਾਵਾਂ ਇਤਿਹਾਸ ਦੇ ਪੰਨਿਆਂ ਦਾ ਸ਼ਿੰਗਾਰ ਹਨ। ਗੁਰੂ ਜੀ ਵੱਲੋਂ ਲੜੀਆਂ ਗਈਆਂ ਭੰਗਾਣੀ ਤੋਂ ਖਿਦਰਾਣੇ (ਮੁਕਤਸਰ) ਤਕ ਦੀਆਂ ਜੰਗਾਂ ਦੇ ਵੇਰਵਿਆਂ ਦੁਆਰਾ ਗੁਰੂ ਸਾਹਿਬ ਦੀ ਸੁਚੱਜੀ ਅਗਵਾਈ ਅਤੇ ਉਨ੍ਹਾਂ ਦੇ ਸੂਰਬੀਰ ਸਿੱਖਾਂ ਦੀ ਬਹਾਦਰੀ ਦਾ ਅਜਿਹਾ ਵਿਵੇਕਸ਼ੀਲ ਬਿਰਤਾਂਤ ਸਾਹਮਣੇ ਆਉਂਦਾ ਹੈ ਕਿ ਵੱਖ-ਵੱਖ ਵਰਗਾਂ, ਕੌਮਾਂ ਅਤੇ ਧਰਮਾਂ ਨਾਲ ਸੰਬੰਧ ਰੱਖਣ ਵਾਲੇ ਕਵੀਆਂ ਅਤੇ ਲਿਖਾਰੀਆਂ ਨੇ ਗੁਰੂ ਜੀ ਦੇ ਕਾਰਨਾਮਿਆਂ ਅਤੇ ਅਦੁੱਤੀ ਕੁਰਬਾਨੀਆਂ ਤੋਂ ਉਤਸ਼ਾਹਿਤ ਹੋ ਕੇ ਆਪਣੀਆਂ ਮਨ-ਪਸੰਦ ਭਾਸ਼ਾਵਾਂ ਦੇ ਮਾਧਿਅਮ ਦੁਆਰਾ ਵੱਡਮੁੱਲੀਆਂ ਰਚਨਾਵਾਂ ਪੇਸ਼ ਕੀਤੀਆਂ। ਇਹ ਵੀ ਇਕ ਵਚਿੱਤਰ ਸੱਚਾਈ ਹੈ ਕਿ—

**'ਦੇਹੁਰਾ ਮਸੀਤ ਸੋਈ, ਪੂਜਾ ਔ ਨਿਵਾਜ਼ ਓਈ;**
**ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ।"**

ਦਰਸਾਉਣ ਵਾਲੇ ਗੁਰੂ ਜੀ ਨੂੰ ਆਪਣੇ ਜੀਵਨ ਕਾਲ ਵਿੱਚ ਬਹੁਤਾ ਕਰਕੇ ਮੁਗ਼ਲਾਂ ਦੇ ਜ਼ੁਲਮਾਂ ਦਾ ਟਾਕਰਾ ਕਰਨਾ ਪਿਆ ਅਤੇ ਕਈ ਮੁਸਲਮਾਨ ਕਵੀਆਂ ਅਤੇ ਇਤਿਹਾਸਕਾਰਾਂ ਨੇ ਗੁਰੂ ਸਾਹਿਬ ਦੀ ਬਹਾਦਰੀ, ਉਨ੍ਹਾਂ ਦੇ ਪਿਤਾ, ਮਾਤਾ ਅਤੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਦੇ ਪ੍ਰਸੰਗ ਲਿਖੇ। ਇਹ ਵੱਡਮੁੱਲੀਆਂ ਕਿਰਤਾਂ ਅੱਜ ਵੀ ਸ਼ਰਧਾਲੂ ਸਿੱਖ ਸੰਗਤਾਂ ਲਈ ਵੱਡਮੁੱਲੇ ਪ੍ਰੇਰਨਾ-ਸਰੋਤ ਬਣ ਕੇ ਉਤਸ਼ਾਹ ਦੇ ਰਹੀਆਂ ਹਨ।

ਅਜਿਹੇ ਕਵੀਆਂ ਵਿੱਚੋਂ ਜੋਗੀ ਅੱਲ੍ਹਾਯਾਰ ਖ਼ਾਂ ਦਾ ਨਾਂ ਉਚੇਚੇ ਵਰਣਨ ਦਾ ਹੱਕਦਾਰ ਹੈ। ਅੱਲ੍ਹਾਯਾਰ ਖ਼ਾਂ ਮੂਲ ਰੂਪ ਵਿੱਚ ਅਧਿਆਤਮਕ ਪੁਰਸ਼ ਜਾਪਦਾ ਹੈ, ਜਿਸ ਦੇ ਨਾਂ ਨਾਲ 'ਹਕੀਮ', ਮਿਰਜ਼ਾ, 'ਜੋਗੀ' ਅਤੇ 'ਰਹਿਮਾਨੀ' ਵਰਗੇ ਸਨਮਾਨਜਨਕ ਉਪਨਾਮ ਵੀ ਲਿਖੇ ਮਿਲਦੇ ਹਨ। ਅੱਲ੍ਹਾਯਾਰ ਖ਼ਾਂ ਉਨ੍ਹਾਂ ਵਿਰਲੇ ਮੁਸਲਮਾਨ ਲਿਖਾਰੀਆਂ ਵਿੱਚੋਂ ਹੋਇਆ ਹੈ ਜੋ ਗੁਰੂ ਸਾਹਿਬ ਦੀ ਸ਼ਖ਼ਸੀਅਤ ਦੇ ਮੂਲ ਅਧਿਆਤਮਕ ਅਸਲੇ ਨੂੰ ਪਹਿਚਾਣ ਸਕੇ ਹਨ ਅਤੇ ਜਿਨ੍ਹਾਂ ਨੂੰ ਸਿੱਖ ਸ਼ਬਦਾਵਲੀ ਦੀ ਵਰਤੋਂ ਅਤੇ ਸਮਝ ਦੀ ਵੀ ਪੂਰੀ ਸੋਝੀ ਪ੍ਰਾਪਤ ਹੋ ਸਕੀ। ਉਸ ਨੇ ਜ਼ੋਰ ਨਾਲ ਬਿਆਨ ਕੀਤਾ ਹੈ ਕਿ ਗੁਰੂ ਗੋਬਿੰਦ ਸਿੰਘ 'ਰੱਬੀ ਰਜ਼ਾ ਅਤੇ ਭਾਣੇ' ਨੂੰ ਖਿੜੇ ਮੱਥੇ ਪ੍ਰਵਾਨ ਕਰਦੇ ਸਨ :

*'ਜਿਸ ਹਾਲ ਮੇਂ ਰੱਖੇਂ ਤੂ ਵੁਹੀ ਹਾਲ ਹੈ ਅੱਛਾ!*
*ਜੁਜ਼ ਸ਼ੁਕਰ ਕੇ ਆਨੇ ਕਾ ਜ਼ਬਾਂ ਪ੍ਰ ਨਹੀਂ ਸ਼ਿਕਵਾ'।੧੧। (ਗੰਜਿ ਸ਼ਹੀਦਾਂ)*

ਅੱਲ੍ਹਾਯਾਰ ਖ਼ਾਂ ਦੱਸਦਾ ਹੈ ਕਿ ਚਮਕੌਰ ਪੁੱਜ ਕੇ ਗੁਰੂ ਜੀ ਦੇ ਸਿੱਖਾਂ ਨੇ ਪਹਿਲਾਂ 'ਵਾਹਿਗੁਰੂ ਜੀ ਕੀ ਫ਼ਤਹਿ' ਗਜਾਈ, ਰਹਿਰਾਸ ਦਾ ਪਾਠ ਹੋਇਆ ਅਤੇ ਪਰਮਾਤਮਾ ਦੀ ਉਸਤਤੀ ਦੇ ਸ਼ਬਦ ਗਾਏ ਗਏ :

*੧. ਤੰਬੂ ਵਿੱਚ ਰਾਤ ਵੇਲੇ ਪਹੁੰਚੇ।*

*'ਗੋਬਿੰਦ ਭੀ ਸ਼ਬਬਾਸ਼ ਹੁਏ-[1]ਖ਼ੈਮਾ ਮੇਂ ਜਾ ਕਰ ।*
*ਦੇਖਾ ਤੋ ਵਹਾਂ ਬੈਠੇ ਹੈਂ ਗਰਦਨ ਕੋ ਝੁਕਾ ਕਰ ।*
*'ਵਾਹਗੁਰੂ', 'ਵਾਹਗੁਰੂ' ਹੈ ਮੂੰਹ ਸੇ ਨਿਕਲਤਾ ।*
*''ਹੈ ਤੂ ਹੀ ਤੂ!'', ''ਤੂ ਹੀ ਤੂ!'' ਹੈ ਮੂੰਹ ਸੇ ਨਿਕਲਤਾ।੯ ।* *(ਗੰਜਿ ਸ਼ਹੀਦਾਂ)*

ਇੱਥੇ ਹੀ ਬਸ ਨਹੀਂ ਅੱਲ੍ਹਾਯਾਰ ਖ਼ਾਂ ਦਾ ਕਹਿਣਾ ਹੈ ਕਿ ਗੁਰੂ ਜੀ ਆਪਣੇ ਸਿੱਖਾਂ ਨੂੰ ਅਤਿ ਦਰਜੇ ਦਾ ਪਿਆਰ ਕਰਦੇ ਸਨ। ਇਸ ਬਾਰੇ ਉਨ੍ਹਾਂ ਦਾ ਕਹਿਣਾ ਹੈ:

*'ਯਿਹ ਪਿਆਰ ਮੁਰੀਦੋਂ ਸੇ ਯਿਹ [1]ਸ਼ਫ਼ਕਤ ਭੀ ਕਹੀਂ ਹੈ?*
*ਭਗਤੀ ਮੇਂ ਗੁਰੂ ਅਰਸ਼ ਹੈ, ਸੰਸਾਰ ਜ਼ਮੀਂ ਹੈ।੧੭।(ਗੰਜਿ-ਸ਼ਹੀਦਾਂ)*

ਅੱਗੇ ਜਾ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦਾ ਬਿਆਨ ਕਰਦਿਆਂ ਇਉਂ ਜਾਪਦਾ ਹੈ ਕਿ ਕਵੀ ਢੁੱਕਵੇਂ ਸ਼ਬਦਾਂ ਦੀ ਥੁੜ ਮਹਿਸੂਸ ਕਰਨ ਲੱਗ ਪੈਂਦਾ ਹੈ :

*ਇਨਸਾਫ ਕਰੇ ਜੀ ਮੇਂ ਜ਼ਮਾਨਾ ਤੋ ਯਕੀਂ ਹੈ।*
*ਕਹਿ ਦੇ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ ।' (੧੭,ਉਹੀ)*
*'ਕਰਤਾਰ ਕੀ ਸੁਗੰਦ ਹੈ, ਨਾਨਕ ਕੀ ਕਸਮ ਹੈ।*
*ਜਿਤਨੀ ਭੀ ਹੋ ਗੋਬਿੰਦ ਕੀ ਤੱਰੀਫ, ਵੁਹ ਕਮ ਹੈ।'* (੧੮, ਉਹੀ)

ਅੱਲ੍ਹਾਯਾਰ ਖ਼ਾਂ ਮੁਸਲਮਾਨ ਸੀ। ਉਹ ਤੌਹੀਦ (ਇਕੋ ਅਕਾਲ ਵਿੱਚ ਵਿਸ਼ਵਾਸ ਅਤੇ ਮੁਰੱਵਤ (ਸਰਬੱਤ ਦੇ ਭਲੇ) ਦੇ ਸਿਧਾਂਤਾਂ ਦਾ ਪੱਕਾ ਧਾਰਨੀ ਸੀ। ਉਹ ਗੁਰੂ-ਘਰ ਦੀਆਂ ਅਦੁੱਤੀ ਕੁਰਬਾਨੀਆਂ ਦੇ ਮਹੱਤਵ ਨੂੰ ਸਮਝਦਾ ਸੀ। ਇਸੇ ਕਰਕੇ ਉਹ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਤੋਂ ਬਹੁਤ ਜ਼ਿਆਦਾ ਪ੍ਰਭਾਵਤ ਸੀ। ਚਮਕੌਰ ਸਾਹਿਬ ਦੀ ਜੰਗ ਦਾ ਮੁਕਾਬਲਾ ਉਹ ਕਰਬਲਾ ਦੀ ਜੰਗ ਨਾਲ ਕਰਦਾ ਹੈ ਜਿਸ ਵਿਚ ਇਸਲਾਮ ਦੇ ਪੈਗ਼ੰਬਰ, ਹਜ਼ਰਤ ਮੁਹੰਮਦ ਸਾਹਿਬ ਦੇ ਦੋ ਦੋਹਤੇ ਸ਼ਹੀਦ ਹੋਏ ਸਨ। ਚਮਕੌਰ ਦੀ ਧਰਤੀ ਨੂੰ ਉਹ ਸਿੱਖਾਂ ਦੇ ਕਾਅਬੇ[2] ਦਾ ਦਰਜਾ ਦਿੰਦਾ ਹੈ। ਇਨ੍ਹਾਂ ਭਾਵਨਾਵਾਂ ਤੋਂ ਉਤਸ਼ਾਹਿਤ ਹੋ ਕੇ ਉਸ ਨੇ ਅਨੀਸ ਅਤੇ ਦਬੀਰ ਦੁਆਰਾ ਲਿਖੇ ਗਏ ਕਰਬਲਾ ਦੀ ਜੰਗ ਦੇ ਸ਼ਹੀਦਾਂ ਦੇ ਮਰਸੀਏ ਦੀ ਤਰਜ਼ 'ਤੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਸੰਬੰਧੀ 'ਗੰਜਿ-ਸ਼ਹੀਦਾਂ' ਅਤੇ 'ਸ਼ਹੀਦਾਨਿ-ਵਫ਼ਾ' ਨਾਮੀ ਮਰਸੀਏ ਉਰਦੂ ਵਿੱਚ ਲਿਖੇ। ਇਕ ਮੱਤ ਇਹ ਵੀ ਹੈ ਕਿ ਅੱਲ੍ਹਾਯਾਰ ਖ਼ਾਂ ਨੇ ਮੱਧਕਾਲੀ ਉਰਦੂ ਸ਼ਾਇਰ ਮੀਰ ਅਨੀਸ ਦੀ ਪੈਰਵੀ ਕਰਦਿਆਂ ਇਹ ਮਰਸੀਏ ਲਿਖੇ।[3]

ਅੱਲ੍ਹਾਯਾਰ ਖ਼ਾਂ ਦੇ ਜਨਮ ਅਤੇ ਦਿਹਾਂਤ ਦੀਆਂ ਤਾਰੀਖ਼ਾਂ ਅਤੇ ਮਾਤਾ ਪਿਤਾ ਸੰਬੰਧੀ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੈ ਪਰ ਇਹ ਪਤਾ ਲੱਗਦਾ ਹੈ ਕਿ ਉਸ ਦੇ ਵੱਡ-ਵਡੇਰੇ ਦੱਖਣ ਤੋਂ ਪੰਜਾਬ ਆਏ ਅਤੇ ਲਾਹੌਰ ਵੱਸ ਗਏ। ਉਸ ਦੇ ਨਾਂ ਨਾਲ ਜੋਗੀ, ਰਹਿਮਾਨੀ, ਮਿਰਜ਼ਾ, ਹਕੀਮ ਤੋਂ ਛੁੱਟ ਦੱਖਣੀ ਵੀ ਲਿਖਿਆ ਮਿਲਦਾ ਹੈ।

*੧. ਮਿਹਰਬਾਨੀ। ੨. ਇਸਲਾਮ ਦਾ ਸਭ ਤੋਂ ਪਵਿੱਤਰ ਤੀਰਥ ਅਸਥਾਨ ਜਿਸ ਵੱਲ ਮੂੰਹ ਕਰਕੇ, ਮੁਸਲਮਾਨ ਨਿੱਤ ਨਮਾਜ਼ ਪੜ੍ਹਦੇ ਹਨ। ਹੱਜ ਕਰਨ ਵਾਲੇ ਇਸ ਅਸਥਾਨ ਦੀ ਸੱਤ ਵੇਰ ਪਰਕਰਮਾ ਕਰਦੇ ਹਨ। ੩. ਪੰਜਾਬੀ ਵਿਸ਼ਵ ਕੋਸ਼, ਜਿਲਦ, ੨, ੧੨੪ (ਭਾਸ਼ਾ ਵਿਭਾਗ, ਪਟਿਆਲਾ)*



ਮਿਰਜ਼ਾ ਅੱਲ੍ਹਾਯਾਰ ਖ਼ਾਂ ਰਿਸ਼ਟ-ਪੁਸ਼ਟ ਅਤੇ ਸ਼ੌਕੀਨ ਮਿਜ਼ਾਜ ਪੁਰਸ਼ ਸੀ ਅਤੇ ਸ਼ਕਲੋਂ ਸੁਨੱਖਾ ਵੀ ਸੀ। ਉਹ ਧਾਰਮਿਕ ਰੁਚੀਆਂ ਵਾਲਾ, ਚੰਗਾ ਪੜ੍ਹਿਆ ਲਿਖਿਆ ਸ਼ਾਇਰ ਮੰਨਿਆ ਜਾਂਦਾ ਸੀ। ਉਸ ਦੇ ਦਿਆਲੂ ਸੁਭਾਅ ਕਰਕੇ ਉਹ ਰਹਿਮਾਨੀ ਕਰਕੇ ਜਾਣਿਆ ਜਾਂਦਾ ਸੀ। ਰਹਿਮਾਨੀ ਦਾ ਸ਼ਾਬਦਿਕ ਅਰਥ ਰੱਬੀ ਜਾਂ ਦਿਆਲੂ ਹੈ। ਉਸ ਦੀ ਧਾਰਨਾ ਸੀ :

*'ਹਿੰਦੂ ਹੈ ਸਭ ਅੱਛੇ ਨਾ ਮੁਸਲਮਾਨ ਹੈਂ ਅੱਛੇ।*
*ਦਿਲ ਨੇਕ ਹੈਂ ਜਿਨ ਕੇ, ਵੁਹੀ ਇਨਸਾਨ ਹੈਂ ਅੱਛੇ। ੩੮। (ਗੰਜਿ-ਸ਼ਹੀਦਾਂ)*

ਅੱਲ੍ਹਾਯਾਰ ਖ਼ਾਂ ਸੁਲਾਹ-ਇ-ਕੁਲ ਦੇ ਨਿਯਮ ਦਾ ਪੱਕਾ ਧਾਰਨੀ ਤਾਂ ਹੈ ਹੀ ਸੀ, ਪਰ ਉਹ ਸਿੱਖ ਗੁਰੂ ਸਾਹਿਬਾਨ ਅਤੇ ਵਿਸ਼ੇਸ਼ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੇ, ਜ਼ੁਲਮ ਅਤੇ ਬੇਇਨਸਾਫ਼ੀ ਵਿਰੁੱਧ ਧਰਮ ਯੁੱਧ ਵਿੱਚ ਲੈਣ ਤੋਂ ਬਹੁਤ ਪ੍ਰਭਾਵਿਤ ਸੀ।ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਉਹ ਸੰਸਾਰ ਦੇ ਇਤਿਹਾਸ ਦੀ ਇਕ ਨਵੇਕਲੀ ਘਟਨਾ ਮੰਨਦਾ ਹੈ। ਜਾਪਦਾ ਹੈ ਅੱਲ੍ਹਾਯਾਰ ਖ਼ਾਂ ਉਰਦੂ ਦਾ ਇਕ ਮਸ਼ਹੂਰ ਸਟੇਜੀ ਕਵੀ ਸੀ ਤੇ ਉਹ ਸਿੱਖ ਸੰਗਤਾਂ ਵਿਚ ਮਕਬੂਲ ਸੀ। ਜਿੱਥੇ ਵੀ ਉਹ ਸਿੱਖ ਇਤਿਹਾਸ ਦੇ ਪ੍ਰਸੰਗ ਵੱਡੇ ਦੀਵਾਨਾਂ ਵਿਚ ਆਪਣੇ ਸ਼ੇਅਰਾਂ ਦੇ ਰੂਪ ਵਿੱਚ ਸੁਣਾਉਂਦਾ, ਉਸ ਨੂੰ ਚੋਖੀ ਦਾਦ ਮਿਲਦੀ ਅਤੇ ਇਵਜ਼ਾਨਾ ਵੀ। ਉਸ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪ੍ਰਸੰਗ ਬਹੁਤ ਹੀ ਦਿਲ ਟੁੰਬਵਾਂ ਲੱਗਾ। ਇਸ ਕਰਕੇ ਉਸ ਨੇ ਪਹਿਲਾਂ 'ਸ਼ਹੀਦਾਨਿ-ਵਫ਼ਾ' ਦੀ ਰਚਨਾ ਕੀਤੀ। ਇਸ ਲੰਮੀ ਨਜ਼ਮ ਦੇ ਸ਼ੁਰੂ ਵਾਲੇ ਭਾਗ ਵਿਚ ਅੱਲ੍ਹਾਯਾਰ ਖ਼ਾਂ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤ ਗਾਉਂਦਾ ਹੈ। ਉਹ ਗੁਰੂ ਜੀ ਵੱਲੋਂ ਅਨੰਦਪੁਰ ਸਾਹਿਬ ਨੂੰ ਛੱਡਣ ਦੇ ਹਾਲਾਤ ਪੈਦਾ ਹੋਣ ਅਤੇ ਮੁਗ਼ਲ ਰਾਜਪੂਤ ਗੱਠਜੋੜ ਦੇ ਧਰੋਹ ਦੇ ਵੇਰਵੇ ਵੀ ਦਿੰਦਾ ਹੈ। ਉਪਰੰਤ ਸਰਸਾ ਦੇ ਕੰਢੇ ਪਰਿਵਾਰ ਵਿਛੋੜੇ ਦਾ ਦ੍ਰਿਸ਼ ਬਿਆਨ ਕਰਦਿਆਂ ਉਹ ਗੁਰੂ ਜੀ ਦੇ ਹਾਵ ਭਾਵ ਦਰਸਾਉਣ ਦਾ ਵੀ ਯਤਨ ਕਰਦਾ ਹੈ :

*'ਹਮਰਾਹ ਰਹ ਗਏ ਥੇ ਗਰਜ਼ ਚੰਦ ਜਾਂ-ਨਿਸਾਰ*
*ਫ਼ਰਜ਼ੰਦੋਂ[1] ਮੇਂ ਥੇ ਸਾਥ ਅਜੀਤ ਔਰ ਥੇ ਜੁਝਾਰ'*
*'ਜ਼ੋਰਾਵਰ ਔਰ ਫ਼ਤਹ ਜੋ ਦਾਦੀ ਕੇ ਸਾਥ ਥੇ*
*ਦਾਯੇਂ ਕੀ ਜਗਹ ਚਲ ਦਿਏ ਵੁਹ ਬਾਯੇਂ ਹਾਥ ਥੇ'(੪੧)*
*'ਪਹਲੇ ਪਿਤਾ ਕਟਾਯਾ ਅਬ ਬੇਟੇ ਕਟਾਊਂਗਾ*
*ਨਾਨਕ ਕਾ ਬਾਗ਼ ਖ਼ੂਨਿ ਜਿਗਰ ਸੇ ਖਿਲਾਊਂਗਾ'(੪੪)* *(ਸ਼ਹੀਦਾਨਿ ਵਫ਼ਾ)*

*ਫੇਰ ਅੱਲ੍ਹਾਯਾਰ ਖ਼ਾਂ ਕਹਿੰਦਾ ਹੈ :*

*'ਜ਼ੋਰ-ਅਵਾਰ ਔਰ ਫ਼ਤਹ ਕਾ ਇਸ ਦਮ ਬਯਾਂ ਸੁਨੋ'(੪੬) ਅਤੇ*
*'ਜੋ ਕੁੱਛ ਵਹਾਂ ਪ: ਗੁਜ਼ਰੀ ਯਿਹ ਲਿਖਨਾ ਮੁਹਾਲ ਹੈ*
*ਯਿਹ ਮਰਸੀਯ ਸੁਨਾਨਾ ਤੁਮ੍ਹੇਂ ਅਗਲੇ ਸਾਲ ਹੈ (੪੫)* *(ਸ਼ਹੀਦਾਨਿ-ਵਫ਼ਾ)*

ਇਸ ਪ੍ਰਕਾਰ ਇਹ ਸਪੱਸ਼ਟ ਹੈ ਕਿ ਸਰਹਿੰਦ ਦੇ ਸਾਕੇ 'ਸ਼ਹੀਦਾਨਿ-ਵਫ਼ਾ' ਦੀ ਰਚਨਾ 'ਗੰਜਿ-ਸ਼ਹੀਦਾਂ' ਦੀ ਰਚਨਾ ਤੋਂ ਪਹਿਲਾਂ ਹੋਈ। 'ਸ਼ਹੀਦਾਨਿ ਵਫ਼ਾ' ਤੋਂ ਪ੍ਰਭਾਵਿਤ ਹੋ ਕੇ ਅਤੇ ਅੱਲ੍ਹਾਯਾਰ ਖ਼ਾਂ ਦੇ ਚਮਕੌਰ ਦੇ ਸ਼ਹੀਦਾਂ ਅਤੇ ਵਿਸ਼ੇਸ਼ ਕਰਕੇ ਸਾਹਿਬਜ਼ਾਦਾ

*੧.ਸਾਹਿਬਜ਼ਾਦੇ।*

ਅਜੀਤ ਸਿੰਘ ਤੇ ਜੁਝਾਰ ਸਿੰਘ ਦੀ ਸ਼ਹੀਦੀ ਦਾ ਮਰਸੀਆ ਲਿਖਣ ਦੇ ਦਾਈਏ ਬਾਰੇ ਸੁਣ ਕੇ ਚਮਕੌਰ ਨਿਵਾਸੀ ਬਾਬਾ ਵੀਰ ਸਿੰਘ ਨੇ ਕੁਝ ਚੋਣਵੇਂ ਤੇ ਪ੍ਰਸਿੱਧ ਸੱਜਣਾਂ ਦੀ ਇਕ ਕਮੇਟੀ ਬਣਾਈ, ਜਿਸ ਦਾ ਨਾਂ **'ਮੁਰੱਵਤ ਫੰਡ ਕਮੇਟੀ'** ਰੱਖਿਆ। ਇਸ ਕਮੇਟੀ ਦੁਆਰਾ ਅੱਲ੍ਹਾਯਾਰ ਖ਼ਾਂ ਨੂੰ ਚਮਕੌਰ ਦੀ ਜੰਗ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਪ੍ਰਸੰਗ ਨੂੰ ਉਰਦੂ ਵਿੱਚ ਨਜ਼ਮਾਉਣ ਲਈ ਬੇਨਤੀ ਕੀਤੀ ਗਈ।

ਇਸ ਪ੍ਰਕਾਰ ਪਹਿਲੀ ਵੇਰ 'ਗੰਜਿ-ਸ਼ਹੀਦਾਂ', ਮੁਰੱਵਤ ਫੰਡ ਕਮੇਟੀ, ਚਮਕੌਰ ਸਾਹਿਬ ਵੱਲੋਂ ੧੯੧੩ ਈ. ਵਿੱਚ ਛਾਪੀ ਗਈ।[1] ਉਪਰੰਤ ਇਹ ਦੋਵੇਂ ਪੁਸਤਕਾਂ[2] ੧੯੧੫ ਈ. ਵਿੱਚ ਅਮਰ ਸਿੰਘ ਸ਼ੇਰੇ ਪੰਜਾਬ ਵੱਲੋਂ ਲਾਹੌਰ ਤੋਂ ਪ੍ਰਕਾਸ਼ਤ ਕੀਤੀਆਂ ਗਈਆਂ। ਕਾਫ਼ੀ ਸਮੇਂ ਪਿੱਛੋਂ ਪਿਛਲੀ ਸਦੀ ਦੇ ਸੱਤ੍ਹਰਵਿਆਂ ਵਿੱਚ ਭਾਸ਼ਾ ਵਿਭਾਗ,ਪਟਿਆਲਾ ਵੱਲੋਂ 'ਸ਼ਹੀਦਾਨਿ-ਵਫ਼ਾ' ਮੁੜ ਛਾਪੀ ਗਈ। ਇਸ ਵਿੱਚ ਮੂਲ ਪਾਠ ਸ਼ਾਹਮੁਖੀ ਅਤੇ ਗੁਰਮੁੱਖੀ ਦੋਹਾਂ ਲਿਪੀਆਂ ਵਿੱਚ ਦਿੱਤਾ ਗਿਆ ਹੈ। 'ਗੰਜ ਸ਼ਹੀਦਾਂ' ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਉੱਦਮ ਨਾਲ ਗੁਰਮੁੱਖੀ ਅੱਖਰਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵੱਲੋਂ ਵੀ ਛਾਪੀ ਗਈ, ਜਿਸ ਦੀ ਤੀਜੀ ਛਾਪ ੧੯੯੯ਈ. ਵਿੱਚ ਜਾਰੀ ਹੋਈ। ਅਜੋਕੇ ਸਮੇਂ ਵਿੱਚ ਜਦੋਂ ਪੂਰਬੀ ਪੰਜਾਬ ਅਤੇ ਇਸਦੇ ਨਾਲ ਲੱਗਦੇ ਭਾਰਤੀ ਖ਼ਿੱਤੇ ਵਿੱਚ ਉਰਦੂ ਦਾ ਪ੍ਰਭਾਵ ਨਾਂ-ਮਾਤਰ ਰਹਿ ਗਿਆ ਹੈ ਤਾਂ ਵੀ 'ਗੰਜਿ-ਸ਼ਹੀਦਾਂ'ਦੀ ਹਰਮਨ ਪਿਆਰਤਾ ਵਿੱਚ ਬਹੁਤਾ ਫ਼ਰਕ ਨਹੀਂ ਪਿਆ। ਇਸ ਤੱਥ ਦੀ ਪੁਸ਼ਟੀ 'ਗੰਜਿ ਸ਼ਹੀਦਾਂ' ਦੀ ਛਾਪ ਦੀ ਗਿਣਤੀ ਤੋਂ ਭਲੀ-ਭਾਂਤਿ ਹੋ ਜਾਂਦੀ ਹੈ।

'ਗੰਜਿ-ਸ਼ਹੀਦਾਂ' ਵਿੱਚ ਅੱਲ੍ਹਾਯਾਰ ਖ਼ਾਂ ਨੇ ਬਾਬਾ ਅਜੀਤ ਸਿੰਘ ਨੂੰ ਦਲੇਰ ਅਤੇ ਯੁੱਧ ਕਲਾ ਵਿੱਚ ਪ੍ਰਬੀਨ ਦਰਸਾਇਆ ਹੈ। ਵੈਰੀ ਉਨ੍ਹਾਂ ਦੀ ਤਲਵਾਰ ਨੂੰ ਬਿਜਲੀ ਸਮਝ ਕੇ ਸਾਹਿਬਜ਼ਾਦਾ ਅਜੀਤ ਸਿੰਘ ਨਾਲ ਸਾਹਮਣੇ ਹੋ ਕੇ ਲੜਨ ਤੋਂ ਝਿਜਕਦਾ ਸੀ :

***'ਕਹਤੇ ਥੇ ਅੱਦੂ[3]: "ਬਰਕ[4] ਹੈ ਤਲਵਾਰ ਨਹੀਂ ਹੈ।***
***ਇਸ ਕਾਟ ਕਾ ਦੇਖਾ ਕਭੀ ਹਥਿਆਰ ਨਹੀਂ ਹੈ!***
***ਨੌ ਮਸ਼ਕ[5] ਜਵਾਂ ਯਿਹ ਕੋਈ ਜ਼ਿਨਹਾਰ ਨਹੀਂ ਹੈ'।*** (੮੧) *(ਗੰਜਿ ਸ਼ਹੀਦਾਂ)*

ਇਸੇ ਲਈ ਕਵੀ ਦਾ ਕਹਿਣਾ ਹੈ ਕਿ ਬਾਬਾ ਅਜੀਤ ਸਿੰਘ ਨੂੰ ਕੋਈ ਸਾਹਮਣੇ ਤੋਂ ਆ ਕੇ ਦੁਵੱਲੀ ਭੇੜ ਲਈ ਲਲਕਾਰ ਨਹੀਂ ਸਕਿਆ। ਪਹਿਲੇ ਹੱਲੇ ਵਿੱਚ ਹੀ ਬਾਬਾ ਅਜੀਤ ਸਿੰਘ ਨੇ ਵੈਰੀ ਦਾ ਬਹੁਤ ਨੁਕਸਾਨ ਕੀਤਾ।

***'ਪਲਟਨ ਪਿ ਗਿਰੀ, ਕਾਟ ਦੀਆ ਪਲ ਮੇਂ ਰਸਾਲਾ । (੮੫)***
**ਅਤੇ ਫੇਰ ਕਿਸੇ ਨੇ ਪਿੱਛੋਂ ਦੀ ਵਾਰ ਕੀਤਾ :**
***'ਇਸ ਵਕਫਾ ਮੇਂ ਫੌਜਿ ਸਿਤਮ-ਆਰਾ[6] ਉਮੰਡ ਆਈ।***
***ਬਰਛੀ ਕਿਸੀ ਬਦਬਖ਼ਤ ਨੇ ਪੀਛੇ ਸੇ ਲਗਾਈ'। (੯੫)***

ਇਸ ਉਪਰੰਤ ਬਾਬਾ ਜੁਝਾਰ ਸਿੰਘ ਜੀ ਨੇ ਪਿਤਾ ਪਾਸੋਂ 'ਮੈਦਾਨਿ-ਜੰਗ' ਵਿੱਚ ਜੂਝਣ ਦੀ ਆਗਿਆ ਮੰਗੀ। ਅੱਲ੍ਹਾਯਾਰ ਖ਼ਾਂ ਨੇ ਗੁਰੂ ਜੀ ਦਾ ਉੱਤਰ ਇਹ ਦੱਸਿਆ ਹੈ :

*1. Ganda Singh, Biblography of the Punjab, 173 (P.U.P., 1996) ਮੁਰੱਵਤ ਦੇ ਪੰਜਾਬੀ ਅਰਥ, ਦਿਆਲੂ, ਸਦਭਾਵੀ, ਪਰਉਪਕਾਰੀ ਹਨ।ਉਪਰੋਕਤ ਪੁਸਤਕ ਵਿਚ ਟਪਲੇ ਨਾਲ ਮਰੱਵਤ ਦੀ ਥਾਂ ਮਰੰਮਤ ਲਿਖਿਆ ਹੈ ਜੋ ਠੀਕ ਨਹੀਂ ਹੈ। ੨. ਪੰਜਾਬੀ ਵਿਸ਼ਵ ਕੋਸ਼ ਜਿਲਦ ੨, ੧੨੪, ਭਾਸ਼ਾ ਵਿਭਾਗ, ਪਟਿਆਲਾ। ੩. ਵੈਰੀ। ੪. ਬਿਜਲੀ। ੫. ਅੱਲ੍ਹੜ, ਨਵਾਂ ਅਭਿਆਸੀ। ੬. ਜ਼ਾਲਿਮ।*



***'ਬੇਟਾ ਹੋ ਤੁਮ ਹੀ ਪੰਥ ਕੇ ਬੇੜੇ ਕੇ ਖਵੱਯਾ!***
***ਸਰ ਭੇਟ ਕਰੋ ਤਾਕਿ ਧਰਮ ਕੀ ਚਲੇ ਨੱਯਾ'।(੧੦੭)***

ਚਮਕੌਰ ਦੀ ਜੰਗ ਦਾ ਬਹਾਦਰੀ, ਸਾਹਸ ਅਤੇ ਜੇਰੇ ਪੱਖੋਂ ਕੋਈ ਸਾਨੀ ਨਹੀਂ ਹੈ।[1] ਕਵੀ ਅੱਲ੍ਹਾਯਾਰ ਖ਼ਾਂ ਇਸ ਤੱਥ ਦੀ ਸਾਖੀ ਭਰਦਾ ਹੈ। ਉਹ ਮੰਨਦਾ ਹੈ ਕਿ 'ਮੇਰੇ ਕੋਲ ਜ਼ੋਰਦਾਰ ਕਲਮ ਤਾਂ ਹੈ ਪਰ ਮੇਰੇ ਕੋਲ ਗੁਰੂ ਦੀ ਮਹਿਮਾ ਅਤੇ ਚਮਕੌਰ ਦੇ ਜੰਗ ਦੇ ਲਾਮਿਸਾਲ ਹਾਲਾਤ ਲਿਖਣ ਦੀ ਸ਼ਕਤੀ ਨਹੀਂ ਹੈ ।' ਅਸਲ ਵਿੱਚ ਕਵੀ ਵਿਦਵਾਨ ਹੈ। ਉਹ ਫ਼ਾਰਸੀ-ਅਰਬੀ ਦੀ ਸ਼ਬਦਾਵਲੀ ਦੀ ਖੁਲ੍ਹੇ ਤੌਰ 'ਤੇ ਵਰਤੋਂ ਕਰਦਾ ਹੈ ਅਤੇ ਉਹ ਵੀ ਤੱਤਸਮ ਰੂਪ ਵਿੱਚ। ਉਸ ਨੇ ਹਿੰਦੂ,ਯਹੂਦੀ ਅਤੇ ਈਰਾਨੀ ਇਤਿਹਾਸ-ਮਿਥਿਹਾਸ ਦੇ ਵੀ ਕਈ ਹਵਾਲੇ ਦਿੱਤੇ ਹਨ।

'ਸ਼ਹੀਦਾਨਿ-ਵਫ਼ਾ ਵਿੱਚ ਸਰਸਾ ਨਦੀ ਦੇ ਕੰਢੇ ਮਾਤਾ ਗੁਜਰੀ ਜੀ ਅਤੇ ਬਾਬਾ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਦੇ ਗੁਰੂ ਜੀ ਦੀ ਵਹੀਰ ਤੋਂ ਵਿਛੜਨ ਤੋਂ ਲੈ ਕੇ ਸਰਹਿੰਦ ਦੇ ਸੂਬੇ (ਨਵਾਬ) ਵੱਲੋਂ ਸਾਹਿਬਜ਼ਾਦਿਆਂ ਨੂੰ ਕੰਧ ਵਿੱਚ ਚਿਣਵਾਏ ਜਾਣ ਤਕ ਦੀ ਵਾਰਤਾ ਅੰਕਤ ਹੈ। ਕਮਾਲ ਦੀ ਗੱਲ ਇਹ ਹੈ ਕਿ ਅੱਲ੍ਹਾਯਾਰ ਖ਼ਾਂ ਨੇ ਆਪਣੀ ਇਸ ਲੰਮੀ ਨਜ਼ਮ (ਮਰਸੀਏ) ਵਿੱਚ ਪਹਿਲਾਂ ਦਾਦੀ (ਮਾਤਾ ਗੁਜਰੀ) ਦੇ ਮਮਤਾ ਭਰਪੂਰ ਭਾਵਾਂ ਅਤੇ ਸਿਰ ਉੱਤੇ ਮੰਡਰਾਉਂਦੇ ਖ਼ਤਰਿਆਂ ਸੰਬੰਧੀ ਵਿਚਾਰਾਂ ਨੂੰ ਚਿਤਵਿਆ ਹੈ :

***ਵਰਨ: ਜਵਾਬ ਦੂੰਗੀ ਮੈਂ ਕ੍ਯਾ ਇਨ ਕੇ ਬਾਪ ਕੋ***
***ਸਦਕੇ ਕਰੂੰ ਮੈਂ ਇਨ ਕੇ ਸਰੋਂ ਪਰ ਸੇ ਆਪ ਕੋ (੫੬)***

ਗੰਗੂ ਰਸੋਈਏ ਦਾ ਪ੍ਰਸੰਗ ਅੱਲ੍ਹਾਯਾਰ ਖ਼ਾਂ ਨੇ ਇਤਨਾ ਖੁੱਭ ਕੇ ਲਿਖਿਆ ਹੈ ਕਿ ਜਿਵੇਂ ਇਹ ਘਟਨਾਵਾਂ ਉਸ ਨੇ ਅੱਖੀਂ ਡਿੱਠੀਆਂ ਹੋਣ। ਇਸੇ ਲਈ ਉਸ ਦੀ ਇਸ ਰਚਨਾ ਦਾ ਸਿੱਖ ਸੰਗਤਾਂ ਉੱਪਰ ਡੂੰਘਾ ਪ੍ਰਭਾਵ ਸੀ।ਗੰਗੂ ਨੂੰ ਅੱਲ੍ਹਾਯਾਰ ਖ਼ਾਂ ਨਮਕ ਹਰਾਮ ਤਾਂ ਕਹਿੰਦਾ ਹੀ ਹੈ, ਨਾਲ ਹੀ ਉਸ ਨੂੰ ਬਦਜ਼ਾਤ[2] ਅਤੇ ਬਦਸਿਫਾਤ[3] ਕਹਿਣੋਂ ਵੀ ਨਹੀਂ ਟਲਦਾ ਤੇ ਫੇਰ :

***'ਦੁਨਿਯਾ ਮੇਂ ਅਪਨੇ ਨਾਮ ਕੋ ਬਦਨਾਮ ਕਰ ਗਯਾ***
***ਦੁਸ਼ਮਨ ਭੀ ਜੋ ਨਾ ਕਰਤਾ ਵੁਹ ਯਿਹ ਕਾਮ ਕਰ ਗਯਾ' (੬੦)***
***'ਅਲਕਿੱਸਾ ਲੇ ਕੇ ਸਾਥ ਵੁਹ ਜਾਸੂਸ ਆ ਗਯਾ***
***ਪਕੜਾਨੇ ਸ਼ਾਹਜ਼ਾਦੋਂ ਕੋ ਮਨਹੂਸ ਆ ਗਯਾ (੬੬)***

ਸਰਹਿੰਦ ਵਿਖੇ ਜੋ ਵਾਪਰਿਆ, ਉਹ ਅਸਹਿ ਸੀ। ਇਸੇ ਲਈ ਅੱਲ੍ਹਾਯਾਰ ਖ਼ਾਂ ਦੇ ਬਿਆਨ ਵਿੱਚ ਦਰਦ ਹੈ ਪਰ ਜਦੋਂ ਉਹ ਸਾਹਿਬਜ਼ਾਦਿਆਂ ਨੂੰ ਇਸਲਾਮ ਕਬੂਲ ਕਰਨ ਲਈ ਕਹੇ ਜਾਣ ਦੀ ਗੱਲ ਦਾ ਵਰਣਨ ਕਰਦਾ ਹੈ ਤਾਂ ਉਹ ਸਾਫਗੋਈ ਦੇ ਨਾਲ ਮੂੰਹ-ਫੱਟ ਹੋਣ ਤੋਂ ਵੀ ਸੰਕੋਚ ਨਹੀਂ ਕਰਦਾ। ਇਹੀ ਉਸ ਦੇ ਬਿਆਨ ਦੀ ਖ਼ੂਬਸੂਰਤੀ ਹੈ:

***'ਮਜ਼ਹਬ ਬਦਲ ਰਹਾ ਹੈ ਵੁਹ ਜ਼ੋਰੇ ਸਿਪਾਹ ਸੇ***
***ਫੈਲਾਨਾ ਦੀਨ ਪਾਪ ਹੈ ਜਬ੍ਰੋ ਕਰਾਹ ਸੇ' (੮੧)***

*1. Bannerjee I.B. Evolution of the Khalsa VI II, 135, (A Mukherjee & Co. Calcutta, 1972) ੨. ਕਮੀਨਾ। ੩. ਔਗੁਣ ਭਰਿਆ।*

ਇਨ੍ਹਾਂ ਸਾਰੇ ਬੰਦਾਂ ਵਿੱਚ ਕਵੀ ਔਰੰਗਜ਼ੇਬ ਨੂੰ ਖਰੀਆਂ-ਖਰੀਆਂ ਸੁਣਾਉਂਦਾ ਹੈ:

*ਮਜ਼ਹਬ ਕੋ ਪਾਤਸ਼ਾਹ[੧] ਨੇ ਬੱਟਾ ਲਗਾ ਦਿਯਾ*
*ਹਮ[੨] ਨੇ ਅਮਲ ਸੇ ਪੰਥ ਕੋ ਅੱਛਾ ਬਨਾ ਦਿਯਾ'* (੮੬) *(ਸ਼ਹੀਦਾਨਿ-ਵਫ਼ਾ)*

ਅੱਲ੍ਹਾਯਾਰ ਖ਼ਾਂ ਸੁੱਚਾ ਨੰਦ ਦੀ ਭੂਮਿਕਾ ਨੂੰ ਵੀ ਅੱਖੋਂ ਓਹਲੇ ਨਹੀਂ ਕਰਦਾ। ਉਸ ਦਾ ਕਥਨ ਹੈ ਕਿ ਮਲੇਰਕੋਟਲਾ ਦੇ ਨਵਾਬ ਵੱਲੋਂ ਮਾਸੂਮ ਬੱਚਿਆਂ 'ਤੇ ਰਹਿਮ ਕਰਨ ਦੀ ਅਪੀਲ ਨੂੰ ਬੇਅਸਰ ਕਰਨ ਵਾਲਾ ਸੁੱਚਾ ਨੰਦ ਹੀ ਸੀ। ਉਪਰੰਤ ਜਦੋਂ ਕਾਜ਼ੀ ਅਤੇ ਜਲਾਦ ਕਤਲ ਕਰਨ ਦਾ ਵਿਰੋਧ ਸੁਣ ਕੇ ਬੇਜ਼ਾਰ ਹੋ ਗਏ ਤਾਂ ਉਨ੍ਹਾਂ ਨੇ ਸਾਹਿਬਜ਼ਾਦਿਆਂ ਨੂੰ ਕੰਧ ਵਿੱਚ ਚਿਣਨ ਦੀ ਗੱਲ ਚਲਾਈ ਅਤੇ ਛੇਤੀ ਹੀ ਇੱਟਾਂ ਚੂਨਾ ਵੀ ਮੰਗਵਾ ਲਿਆ। ਉਧਰ ਸਾਹਿਬਜ਼ਾਦੇ ਵੀ 'ਸਤਿ ਸ੍ਰੀ ਅਕਾਲ' ਗਜ਼ਾ ਅੱਗੇ ਵਧ ਗਏ । ਅੱਲ੍ਹਾਯਾਰ ਖ਼ਾਂ ਨੇ ਇਸ ਸਾਰੀ ਵਿਥਿਆ ਬਾਰੇ ਲਿਖੇ ਆਪਣੇ ਮਰਸੀਏ ਨੂੰ ਸ਼ਹੀਦਾਨਿ-ਵਫ਼ਾ ਦਾ ਨਾਂ ਇਸ ਲਈ ਦਿੱਤਾ ਕਿ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਫਤਿਹ ਸਿੰਘ ਨੇ ਆਪਣੇ ਧਰਮ ਨਾਲ ਵਫ਼ਾਦਰੀ ਤੋੜ ਤਕ ਨਿਭਾਹੀ, ਜੋ ਸਿੱਖਾਂ ਲਈ ਸਦਾ ਲਈ ਪ੍ਰੇਰਨਾ-ਸਰੋਤ ਹੋ ਨਿਬੜੀ ਹੈ। ਅਜਿਹੀ ਧਾਰਮਿਕ ਨਿਸ਼ਠਾ ਨਾਲ ਹੀ ਅਨੇਕ ਸਿੱਖਾਂ ਨੇ ਸ਼ਹੀਦੀਆਂ ਦੇ ਕੇ ਖ਼ਾਲਸਈ ਧਰਮ ਦਾ ਪ੍ਰਚਮ ਸਦਾ ਉੱਚਾ ਰੱਖਿਆ। ਅੱਜ ਲੋੜ ਹੈ ਕਿ ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਪ੍ਰੇਰਨਾ ਲੈ ਕੇ ਸਿੱਖ ਨੌਜਵਾਨ ਘੱਟੋ-ਘੱਟ ਆਪਣੇ ਸਿੱਖੀ ਸਰੂਪ ਉੱਪਰ ਗੌਰਵ ਮਹਿਸੂਸ ਕਰਕੇ ਇਸ ਨੂੰ ਧਾਰਨ ਕਰਨ । ਇਸੇ ਲਈ ਹੀ ਸਿੱਖੀ ਚਲਨ ਅਤੇ ਨਰੋਈਆਂ ਸਿੱਖ ਕਦਰਾਂ-ਕੀਮਤਾਂ ਨੂੰ ਸੁਰਜੀਤ ਰੱਖਿਆ ਜਾ ਸਕਦਾ ਹੈ।

ਅੱਲ੍ਹਾਯਾਰ ਖ਼ਾਂ ਨੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਦੇ ਪ੍ਰਸੰਗ ਨੂੰ ਮਰਸੀਏ ਦੀ ਸ਼ਕਲ ਵਿੱਚ ਪੇਸ਼ ਕਰਕੇ ਸਿੱਖ ਕੌਮ ਦੀ ਜੋ ਸੇਵਾ ਕੀਤੀ ਹੈ, ਉਸ ਲਈ ਅਸੀਂ ਇਸ ਮਹਾਨ ਕਵੀ ਤਾਈਂ ਇਕ ਵੇਰ ਫੇਰ ਧੰਨਵਾਦ ਪ੍ਰਗਟ ਕਰਦੇ ਹਾਂ। ਉਸ ਨੇ ਕੇਵਲ ਸਿੱਖ ਸੰਗਤਾਂ ਤੋਂ ਵਾਹ-ਵਾਹ ਹੀ ਨਹੀਂ ਖੱਟੀ ਸੀ, ਸਗੋਂ ਉਸ ਨੇ ਨਿਹਾਲ ਸਿੰਘ 'ਅਫ਼ੀਫ਼' ਵਰਗਿਆਂ ਨੂੰ ਵੀ ਇਹ ਸ਼ਹੀਦੀ ਪ੍ਰਸੰਗ ਨਵੀਂ ਤਰਜ਼ ਵਿੱਚ ਪੇਸ਼ ਕਰਨ ਲਈ ਉਤਸ਼ਾਹਿਤ ਕੀਤਾ ਸੀ।

ਸੀ-੧੦, ਰਾਜ ਗੁਰੂ ਨਗਰ
ਲੁਧਿਆਣਾ- ੧੪੧੦੧੨

ਪ੍ਰਿਥੀਪਾਲ ਸਿੰਘ (ਕਪੂਰ)

---

*੧. ਔਰੰਗਜ਼ੇਬ। ੨. ਸਾਹਿਬਜ਼ਾਦੇ।*



*ਹਮ ਜਾਨ ਦੇ ਕੇ ਔਰੋਂ ਕੀ ਜਾਨੇਂ ਬਚਾ ਚਲੇ*
*ਸਿੱਖੀ ਕੀ ਨੀਵ ਹਮ ਹੈਂ ਸਰੋਂ ਪਰ ਉਠਾ ਚਲੇ*
*ਗੁਰਿਆਈ ਕਾ ਹੈ ਕਿੱਸਾ ਜਹਾਂ ਮੇਂ ਬਨਾ ਚਲੇ*
*ਸਿੰਘੋਂ ਕੀ ਸਲਤਨਤ ਕਾ ਹੈ ਪੌਦ: ਲਗਾ ਚਲੇ*
*ਗੱਦੀ ਸੇ ਤਾਜੋ-ਤਖ਼ਤ ਬਸ ਅਬ ਕੌਮ ਪਾਏਗੀ*
*ਦੁਨੀਆਂ ਸੇ ਜ਼ਾਲਿਮੋਂ ਕਾ ਨਿਸ਼ਾਂ ਤਕ ਮਿਟਾਏਗੀ ।*

# ਇਹ ਸਰਹੰਦ ਨਹੀਂ ਸਿੱਖਾਂ ਦੀ ਕਰਬਲਾ ਹੈ !

**ਸਾਨੂੰ 'ਸ਼ਹੀਦੀ ਦਿਨ' ਢੰਗ ਨਾਲ ਮਨਾਉਣੇ ਕਦੋਂ ਆਉਣਗੇ ? ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹੀਦੀ ਮਨਾਉਣ ਲਈ ਸਾਨੂੰ ਜਲੇਬੀਆਂ, ਲੱਡੂ, ਖਾਣ, ਪੀਣ, ਸ਼ਰਾਬ, ਢੋਲ-ਢਮੱਕੇ, ਮੇਲੇ-ਗੇਲੇ ਤੇ ਵਿਆਹ ਰਚਾਉਣ ਵਾਲਾ ਰਾਹ ਕਿਉਂ ਚੰਗਾ ਲੱਗਦਾ ਹੈ ?**

ਹਰ ਵਰ੍ਹੇ ਜਦੋਂ ਪੋਹ ਦਾ ਮਹੀਨਾ ਆਉਂਦਾ ਹੈ, ਮਨ ਅਜੀਬ ਜਿਹੀ ਉਦਾਸੀ ਵਿੱਚ ਡੁੱਬ ਜਾਂਦਾ ਹੈ । ਗੁਰੂ ਦਸਮ-ਪਾਤਿਸ਼ਾਹ ਦੇ ਛੋਟੇ ਸਾਹਿਬਜ਼ਾਦਿਆਂ ਨੂੰ, ਜ਼ਿੰਦਾ ਦੀਵਾਰਾਂ ਵਿੱਚ ਚਿਣੇ ਜਾਣ ਦੀ ਕਲਪਨਾ ਕਰਦਿਆਂ ਹੀ ਰੂਹ ਕੰਬ ਉੱਠਦੀ ਹੈ । ਇਕ ਭਾਵਮਈ ਵਿਕਰਾਲ ਪੀੜਾ ਦੀ ਕਸਕ, ਕਲੇਜੇ 'ਚ ਧੂਹ ਪਾਉਣ ਲੱਗਦੀ ਹੈ। ਸੋਚਣ ਲੱਗ ਪੈਂਦਾ ਹਾਂ ਕਿ ਇਹ ਸਾਰਾ ਕੁਝ ਕਿੰਵ ਵਾਪਰਿਆ ਹੋਵੇਗਾ। ਗਿਆਰਾਂ ਪੋਹ (੨੬ ਦਸਬੰਰ) ਦੀ ਸਰਦ ਰਾਤ, ਆਖ਼ਰਾਂ ਦੀ ਠੰਢ ਵਿੱਚ ਮਾਤਾ ਗੁਜਰੀ ਨੇ ਸਰਹੰਦ ਦੇ ਠੰਡੇ ਬੁਰਜ ਵਿੱਚ, ਆਪਣੇ ਦੋ ਲਾਡਲੇ ਪੋਤਿਆਂ ਬਾਬਾ ਜ਼ੋਰਾਵਰ ਸਿੰਘ (ਉਮਰ ਨੌਂ ਸਾਲ) ਅਤੇ ਬਾਬਾ ਫ਼ਤਹਿ ਸਿੰਘ (ਉਮਰ ਸੱਤ ਸਾਲ) ਨਾਲ, ਕਿਸੇ ਚਾਦਰ ਅਤੇ ਬਿਸਤਰ ਤੋਂ ਬਗੈਰ ਕਿੰਵ ਗੁਜ਼ਾਰੀ ਹੋਵੇਗੀ ਤੇ ਮਾਸੂਮ ਸਾਹਿਬਜ਼ਾਦਿਆਂ ਦੇ ਅਨੇਕਾਂ ਹੀ ਸਵਾਲਾਂ ਦੇ ਜਵਾਬ  ਮਾਤਾ ਗੁਜਰੀ ਨੇ ਕਿੰਵ ਦਿੱਤੇ ਹੋਣਗੇ ? ਦੂਜੀ ਸਵੇਰ ਸਾਹਿਬਜ਼ਾਦਿਆਂ ਨੂੰ ਸੂਬਾ ਸਰਹੰਦ ਵਜ਼ੀਰ ਖ਼ਾਂ ਦੀ ਕਚਹਿਰੀ ਵੱਲ ਤੋਰ ਕੇ, ਮਾਤਾ ਗੁਜ਼ਰੀ ਜੀ ਉੱਤੇ ਕੀ ਬੀਤੀ ਹੋਵੇਗੀ?

ਸੂਬਾ ਸਰਹੰਦ ਵਜ਼ੀਦ ਖ਼ਾਂ ਵੱਲੋਂ ਮਾਸੂਮ ਸਾਹਿਬਜ਼ਾਦਿਆਂ ਨੂੰ ਸ਼ਹਾਦਤ ਤੋਂ ਪਹਿਲਾਂ ਦਿੱਤੇ ਅਕਹਿ ਤਸੀਹਿਆਂ ਦਾ ਖ਼ਿਆਲ ਮਨ ਵਿੱਚ ਆਉਂਦਿਆਂ ਹੀ, ਹਿਰਦੇ ਨੂੰ ਕੰਬਣੀ ਛਿੜ ਜਾਂਦੀ ਹੈ ਤੇ ਸਰਹੰਦ ਦੀਆਂ ਖ਼ੂਨੀ ਦੀਵਾਰਾਂ ਦਾ ਭਾਰ ਮੈਨੂੰ ਆਪਣੀ ਛਾਤੀ ਤੋਂ ਮਹਿਸੂਸ ਹੋਣ ਲੱਗਦਾ ਹੈ । ਪਲਾਂ ਛਿਣਾਂ 'ਚ ਹੀ ਇਕ ਅਗਾਧ ਪੀੜਾ, ਅਗੋਚਰੀ ਸੰਵੇਦਨਾ ਰਾਹੀਂ, ਮੇਰੇ ਰੋਮ-ਰੋਮ ਵਿੱਚ ਪਸਰ ਜਾਂਦੀ ਹੈ ਤੇ ਮੈਂ ਅਥਰੂ-ਅਥਰੂ ਹੋ ਉੱਠਦਾ ਹਾਂ । ਮੇਰੇ ਦੀਦਿਆਂ 'ਚ ਸਮਾਇਆ ਲੂਣਾ ਪਾਣੀ, ਹਯਾਤੀ ਦਾ ਦਰਦ ਬਣ ਕੇ ਆਪ ਮੁਹਾਰੇ ਵਗ ਪੈਂਦਾ ਹੈ । ਸਰਹੰਦ ਦੇ ਸ਼ਹੀਦੀ ਸਾਕੇ ਦੀ ਸਿੱਕ ਵਿੱਚ ਗਵਾਚਿਆ ਮੇਰਾ ਜਨੂਨ, ਮਨੁੱਖੀ ਇਤਿਹਾਸ  ਦੇ ਦਰਦਨਾਕ ਸਾਕਿਆਂ ਦੀ ਸੂਚੀ ਵਿੱਚੋਂ, ਸਾਕਾ ਸਰਹੰਦ ਜਿਹੇ ਕਿਸੇ ਵੀ ਹੋਰ ਮੰਜ਼ਰ ਦੀਆਂ, ਸਮਾਨਾਂਤਰ ਅਵਸਥਾਵਾਂ ਦੀ ਤਲਾਸ਼ ਵੱਲ ਟੁਰ ਪੈਂਦਾ ਹੈ । ਮੇਰੀ ਤਲਾਸ਼, ਲਗਪਗ ਦੋ ਹਜ਼ਾਰ ਸਾਲ ਪਹਿਲਾਂ ਵਾਪਰੇ, ਹਜ਼ਰਤ ਈਸਾ ਦੀ ਸਲੀਬਕਸ਼ੀ ਦੇ ਮੰਜ਼ਰ 'ਤੇ ਜਾ ਰੁਕਦੀ ਹੈ । ਮੈਂ ਸਰਹੰਦ ਦੀਆਂ ਉਦਾਸ ਜੂਹਾਂ ਵਿੱਚ ਖਲੋਤਾ, ਉਨ੍ਹਾਂ ਵਰਤਾਰਿਆਂ ਦਾ ਤੁਲਨਾਤਮਿਕ ਅਨੁਭਵ, ਘਟਨਾਵਾਂ ਦੇ ਪਰਿਪੇਖ ਵਿੱਚ, ਵਕਤ ਦੀ ਕਸੌਟੀ 'ਤੇ ਪਰਖਣ 'ਚ ਗਵਾਚ ਜਾਂਦਾ ਹੈ—ਸਮੇਂ ਦੇ ਝਰੋਖਿਆਂ ਵਿੱਚੋਂ, ਹਜ਼ਰਤ ਈਸਾ ਦੀ



ਸਲੀਬਕਸ਼ੀ ਪ੍ਰਤੀ ਅਪਣਾਏ, ਹਜ਼ਰਤ ਈਸਾ ਦੇ ਪੈਰੋਕਾਰਾਂ ਦੇ ਸਰੋਕਾਰਾਂ 'ਤੇ ਨਜ਼ਰ ਮਾਰਦੇ ਹੋਇਆਂ, ਉਨ੍ਹਾਂ ਦੇ ਚੇਤਿਆਂ ਵਿੱਚ ਸਮਾਈ ਵੇਦਨਾ ਤਕ ਅਪੜਨ ਦੀ ਕੋਸ਼ਿਸ਼ । ਕਰਦਾ ਹਾਂ ।



ਇਸ ਤੁਲਨਾਤਮਿਕ ਅਨੁਭਵ ਵਿੱਚ, ਮੈਨੂੰ ਯੂਰਪ ਦੇ ਇਕ ਮਹਾਨ ਸੰਤ, ਸੰਤ ਫ਼ਰਾਂਸਿਸ ਦੀ ਜੀਵਨੀ ਪ੍ਰਭਾਵਤ ਕਰਦੀ ਹੈ । ਸੰਤ ਫ਼ਰਾਂਸਿਸ ਦਾ ਜਨਮ ਇਟਲੀ ਦੇ ਅਸਿੱਸੀ ਨਾਮੀ ਗਰਾਂ ਵਿੱਚ, ਤੇਰ੍ਹਵੀਂ ਸਦੀ ਮਸੀਹੀ ਵਿੱਚ ਹੋਇਆ ਦੱਸਿਆ ਜਾਂਦਾ ਹੈ । ਸਵਰਗਵਾਸੀ ਸਿਰਦਾਰ ਕਪੂਰ ਸਿੰਘ ਆਈ.ਸੀ.ਐਸ. ਦੁਆਰਾ ਰਚਿਤ ਪੁਸਤਕ '**ਸਪਤ ਸਿੰਗ**' ਜੋ ਵਿਸ਼ਵ ਦੇ ਸੱਤ ਮਹਾਨ ਪੁਰਸ਼ਾਂ ਦੇ ਜੀਵਨ ਚਰਿੱਤ ਦਾ ਵਿਖਿਆਤ ਵਰਣਨ ਕਰਦੀ ਹੈ, ਅਨੁਸਾਰ ਮਹਾਤਮਾ ਫ਼ਰਾਂਸਿਸ ਦਾ ਜੀਵਨ-ਕਾਲ ਲਗਪਗ ੧੧੮੧ ਤੋਂ  ਲੈ ਕੇ ੧੨੨੬ ਈਸਵੀ ਨਿਯਤ ਕੀਤਾ ਗਿਆ ਹੈ । ਸੰਤ ਫ਼ਰਾਂਸਿਸ ਨੇ ਹਜ਼ਰਤ ਈਸਾ ਦੀ ਸਲੀਬਕੁਸ਼ੀ ਦਾ ਦਰਦ, ਹਜ਼ਰਤ ਈਸਾ ਦੀ ਸਿਮ੍ਰਿਤੀ ਵਿੱਚ ਲੀਨ ਹੋ ਕੇ, ਇਸ ਕਦਰ ਹੰਢਾਇਆ ਕਿ ਅੰਤ ਨੂੰ ਇਸ ਮਾਨਸਿਕ ਕਸ਼ਟ ਕਾਰਨ ਸੰਤ ਫ਼ਰਾਂਸਿਸ ਦੇ ਹੱਥਾਂ ਅਤੇ ਪੈਰਾਂ ਵਿੱਚ ਵੀ ਉਸੇ ਤਰ੍ਹਾਂ ਦੇ ਜ਼ਖ਼ਮ ਪ੍ਰਗਟ ਹੋ ਗਏ, ਜੋ ਹਜ਼ਰਤ ਈਸਾ ਦੀ ਸਲੀਬਕਸ਼ੀ ਸਮੇਂ, ਉਨ੍ਹਾਂ ਦੇ ਹੱਥਾਂ ਅਤੇ ਪੈਰਾਂ ਵਿੱਚ ਮੇਖਾਂ ਗੱਡ ਦੇਣ ਕਾਰਨ ਹੋ ਗਏ ਸਨ । ਯੂਰਪ 'ਚ ਪ੍ਰਚੱਲਿਤ

ਕਥਾ-ਕਹਾਣੀਆਂ ਅਨੁਸਾਰ, ਸੰਤ ਫ਼ਰਾਂਸਿਸ ਦੇ ਸਰੀਰ 'ਤੇ ਪ੍ਰਗਟ ਹੋਏ ਇਨ੍ਹਾਂ ਨਾਸੂਰਾਂ 'ਚੋਂ ਹਰ ਵੇਲੇ ਲਹੂ ਸਿੰਮਦਾ ਰਹਿੰਦਾ ਸੀ । ਸੰਤ ਫ਼ਰਾਂਸਿਸ ਦੀ ਹਜ਼ਰਤ ਈਸਾ ਪ੍ਰਤੀ ਸ਼ਰਧਾ ਤੇ ਮੁਕੰਮਲ ਸਮਰਪਣ, ਉਸ ਨੂੰ ਈਸਾਈਅਤ ਦੇ ਇਤਿਹਾਸ 'ਚ ਦਰਦ ਦੇ ਮੁਜੱਸਮੇ' ਵਜੋਂ ਸਥਾਪਤ ਕਰਦਾ ਹੈ ।

ਸੰਤ ਫ਼ਰਾਂਸਿਸ ਦੀ ਜੀਵਨੀ ਦੇ ਪਰਿਪੇਖ ਵਿੱਚ, ਇਹ ਅਨੁਭਵ ਸਿੱਖ ਕੌਮ ਲਈ ਵਿਚਾਰਨਯੋਗ ਹੈ । ਗੁਰੂ ਗੋਬਿੰਦ ਸਿੰਘ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਪਹਿਲਾਂ ਆਪਣੇ ਸਿਦਕ ਦੀ ਪ੍ਰੀਖਿਆ ਦੇਣ ਸਮੇਂ ਜੋ ਤਸੀਹੇ ਮਾਸੂਮ ਸਾਹਿਬਜ਼ਾਦਿਆਂ ਨੇ ਆਪਣੇ ਪਿੰਡੇ 'ਤੇ ਹੰਢਾਏ, ਕੀ ਉਸ ਕਹਿਰ ਨੂੰ ਯਾਦ ਕਰਕੇ ਕਦੇ ਸਾਡੀ ਰੂਹ ਵੀ ਤੜਫੀ ਹੈ? ਕੀ ਅਸੀਂ ਵੀ ਕਦੇ ਸਿੱਖ ਹੋਣ ਦੇ ਨਾਤੇ, ਆਪਣੀ ਛਾਤੀ ਉੱਤੇ ਸਰਹੰਦ ਦੀਆਂ ਦੀਵਾਰਾਂ ਦਾ ਭਾਰ ਮਹਿਸੂਸ ਕੀਤਾ ਹੈ? ਕੀ ਅਸੀਂ ਵੀ ਕਦੇ ਸਰਹੰਦ ਦੀਆਂ ਕੰਧਾਂ ਦੇ ਸਨਮੁਖ ਖੜ੍ਹੇ ਹੋ ਕੇ ਆਪਣੇ ਅੰਦਰਲੇ ਸਿੱਖੀ ਸਿਦਕ ਨੂੰ ਝੰਜੋੜਨ ਦੀ ਕੋਸ਼ਿਸ਼ ਕੀਤੀ ਹੈ? ਕੀ ਅੱਜ ਹਰ ਸਿੱਖ ਦਾ ਆਪਣੇ ਅੰਦਰ ਅੰਤਰ-ਝਾਤ ਪਾਉਣ ਦਾ ਸਮਾਂ ਨਹੀਂ ਹੈ? ਗੁਰੂ ਤੇ ਸਿੱਖ ਦਾ ਤਾਂ ਰਿਸ਼ਤਾ ਹੀ ਕੇਵਲ ਸਿਦਕ ਦਾ ਹੈ । ਛੋਟੇ ਸਾਹਿਬਜ਼ਾਦਿਆਂ ਨੇ ਆਪਣੀਆਂ ਮਾਸੂਮ ਜ਼ਿੰਦਾਂ ਦੀ ਪ੍ਰਵਾਹ ਨਾ ਕਰਦੇ ਹੋਏ, ਤਸੀਹੇ ਸਹਿ ਕੇ ਵੀ ਆਪਣੇ ਸਿਦਕ ਨੂੰ ਪਿੱਠ ਨਹੀਂ ਦਿੱਤੀ । ਇਸ ਲਈ ਹੀ ਉਨ੍ਹਾਂ ਦੇ ਸ਼ਹੀਦੀ ਅਸਥਾਨ 'ਤੇ ਦੁਨੀਆਂ ਭਰ ਦੇ ਅਕੀਦਤਮੰਦ, ਉਨ੍ਹਾਂ ਦੇ 'ਸਿੱਖੀ ਸਿਦਕ' ਨੂੰ ਪ੍ਰਣਾਮ ਕਰਨ ਲਈ ਜੁੜਦੇ ਹਨ । ਪਰ ਅਸੀਂ ਗੁਰੂ ਸਾਹਿਬਾਨ ਦੀ ਵਰਸਾਈ ਧਰਤੀ ਦੇ ਸਿੱਖ, ਆਪਣਾ ਸਿੱਖੀ ਸਿਦਕ ਕਿਉਂ ਹਾਰ ਰਹੇ ਹਾਂ? ਸਾਡੀ ਸਿਦਕੋਂ ਹਾਰਿਆਂ ਦੀ, ਅੰਤ ਨੂੰ ਬਹੁੜੀ ਕੌਣ ਕਰੂ? ਕੀ ਕਦੇ ਇਕੱਲੇ ਬੈਠ ਕੇ ਸੋਚਿਆ ਹੈ ਕਿ ਅਸੀਂ ਕਿਸ ਅਧੋਗਤੀ ਵੱਲ ਨੂੰ ਜਾ ਰਹੇ ਹਾਂ? ਕੀ ਇਹ ਕੌੜਾ ਤੇ ਨੰਗਾ ਸੱਚ ਨਹੀਂ ਕਿ ਅੱਜ ਸਿੱਖਾਂ ਦੇ ਘਰਾਂ ਵਿੱਚੋਂ, 'ਊੜਾ' (ੳ) ਅਤੇ ਜੂੜਾ' ਦੋਵੇਂ ਹੀ ਗਵਾਚ ਰਹੇ ਹਨ। ਅਸੀਂ ਸਿੱਖੀ ਸਰੂਪ ਅਤੇ ਸਿੱਖ-ਅਦਬ ਨੂੰ ਖ਼ੁਦ ਹੀ ਢਾਹ ਲਾਈ ਜਾ ਰਹੇ ਹਾਂ। ਅਸੀਂ ਹਰ ਰੋਜ਼ ਅਰਦਾਸ ਵੀ ਕਰਦੇ ਹਾਂ ਤੇ ਅਰਦਾਸ ਦੇ ਸ਼ਹੀਦਾਂ ਦੀ ਮਰਿਆਦਾ ਦਾ ਅਪਮਾਨ ਵੀ ਕਰਦੇ ਹਾਂ । ਇੰਝ ਅਸੀਂ ਆਪਣੇ ਨਿੱਤ ਦੇ ਰੁਝੇਵਿਆਂ ਵਿੱਚ, ਆਪਣੇ ਗੌਰਵ ਦਾ ਅਚੇਤ ਅਤੇ ਸੁਚੇਤ ਰੂਪ ਵਿੱਚ ਨਿਰਾਦਰ ਕਰਦੇ ਰਹਿੰਦੇ ਹਾਂ । ਸਾਡੀਆਂ ਤਾਂ ਸਰਦਾਰੀਆਂ ਹੀ ਦਸਤਾਰਾਂ ਤੇ ਕੇਸਾਂ ਨਾਲ ਹਨ। ਇਹ ਨਿਸ਼ਾਨੀਆਂ ਸਾਡੇ ਸਿਦਕ ਦੀ ਨਿਸ਼ਾਨਦੇਹੀ ਕਰਦੀਆਂ ਹਨ ਤੇ ਸਾਡੀ ਅੱਡਰੀ ਪਹਿਚਾਣ ਸਥਾਪਤ ਕਰਦੀਆਂ ਹਨ । ਖ਼ਾਲਸਾ ਜੀ ਚੇਤੇ ਰੱਖੋ ਕਿ ਜਦੋਂ ਦਸਤਾਰਾਂ ਤੇ ਕੇਸ ਗਵਾਚਦੇ ਹਨ ਤਾਂ ਇੱਜ਼ਤਾਂ ਵੀ ਸਾਥ ਛੱਡ ਜਾਂਦੀਆਂ ਹਨ ।

ਅੱਜ ਫ਼ਤਿਹਗੜ੍ਹ ਸਾਹਿਬ ਦੇ ਸ਼ਹੀਦੀ ਜੋੜ ਮੇਲੇ ਮੌਕੇ ਜੁੜੀਆਂ ਭੀੜਾਂ ਵਿੱਚੋਂ, ਮਾਸੂਮ ਸਾਹਿਬਜ਼ਾਦੇ ਅਤੇ ਮਾਤਾ ਗੁਜ਼ਰੀ ਜੀ, ਆਪਣੇ ਸਿਦਕਵਾਨ ਸਿੰਘਾਂ ਨੂੰ ਲੱਭ ਰਹੇ ਹਨ । ਆਉ, ਗੰਭੀਰਤਾ ਨਾਲ ਵਿਚਾਰੀਏ ਕਿ ਸਾਹਿਬਜ਼ਾਦਿਆਂ ਦੀ ਮਹਾਨ ਸ਼ਹੀਦੀ ਤੋਂ ਕੇਵਲ ੩੧੦ ਸਾਲ ਬਾਅਦ, ਅੱਜ ਸਿੱਖ ਕਿੱਥੇ ਖੜ੍ਹੇ ਹਨ? ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਤੇ ਫ਼ਤਹਿਗੜ੍ਹ ਸਾਹਿਬ ਵਿਖੇ ਹੋ ਰਹੀਆਂ ਸਿਆਸੀ ਕਾਨਫ਼ਰੰਸਾਂ ਵਿੱਚ, ਸਾਰੀਆਂ ਹੀ ਰਾਜਨੀਤਕ ਪਾਰਟੀਆਂ ਦੇ ਲੀਡਰ,



ਆਪਣੀਆਂ ਸਿਆਸੀ ਰੋਟੀਆਂ ਸੇਕਣ ਲਈ, ਸ਼ਹੀਦੀ ਜੋੜ ਮੇਲੇ ਦਾ ਲਾਹਾ ਲੈ ਰਹੇ ਹਨ । ਇਕ ਦੂਜੇ ਵਿਰੁੱਧ ਗਾਲੀ-ਗਲੋਚ ਕਰਦੇ ਇਹ ਲੀਡਰ, ਗੁਰੂ ਜੀ ਦੇ ਸਾਹਿਬਜ਼ਾਦਿਆਂ ਦਾ ਤਾਂ ਕਈ ਵਾਰੀ ਨਾਮ ਤਕ ਵੀ ਨਹੀਂ ਲੈਂਦੇ, ਅਕੀਦਤ ਭੇਟ ਕਰਨਾ ਤਾਂ ਦੂਰ ਦੀ ਗੱਲ ਹੈ । ਇਹ ਤਾਂ ਉੱਕਾ ਹੀ ਭੁੱਲ ਚੁੱਕੇ ਹਨ ਕਿ ਇਸ ਧਰਤੀ 'ਤੇ ਗੁਰੂ ਦੇ ਲਾਲਾਂ ਨਾਲ ਕੀ ਕਹਿਰ ਵਾਪਰਿਆ ਸੀ । ਹਨੇਰ ਸਾਈਂ ਦਾ, ਅੱਜ ਉਸੇ ਧਰਤੀ 'ਤੇ ਸ਼ਹੀਦੀ ਦਿਹਾੜੇ ਸਮੇਂ, ਲੋਕ ਚੰਡੋਲਾਂ ਝੂਟਦੇ ਤੇ ਚਾਂਗਰਾਂ ਮਾਰਦੇ ਫਿਰਦੇ ਹਨ । ਥਾਂ ਥਾਂ ਲੰਗਰਾਂ 'ਚ ਪੱਕਦੇ ਲਜ਼ੀਜ਼ ਪਕਵਾਨ, ਗਰਮ-ਗਰਮ ਜਲੇਬੀਆਂ ਤੇ ਬਦਾਮਾਂ ਦੀਆਂ ਖੀਰਾਂ, ਹੂਟਰ ਮਾਰਦੀਆਂ ਵਜ਼ੀਰਾਂ ਅਤੇ ਸਮਰੱਥ ਅਧਿਕਾਰੀਆਂ ਦੀਆਂ ਕਾਰਾਂ, ਗੁਰਦਵਾਰਾ ਫ਼ਤਹਿਗੜ੍ਹ ਸਾਹਿਬ ਅਤੇ ਗੁਰਦਵਾਰਾ ਜੋਤੀ ਸਰੂਪ ਸਾਹਿਬ ਉੱਪਰ ਮੰਡਰਾਉਂਦਾ ਮੁੱਖ-ਮੰਤਰੀ ਦਾ ਹੈਲੀਕਾਪਟਰ, ਆਖ਼ਰ ਇਹ ਵਰਤਾਰੇ, ਕਿਹੋ ਜਿਹੇ ਧਾਰਮਿਕ ਸਿਦਕ ਅਤੇ ਮਰਿਆਦਾ ਦਾ ਸੰਕੇਤ ਦੇ ਰਹੇ ਹਨ?

ਆਉ, ਹੁਣ ਜ਼ਰਾ ਦੂਸਰੀਆਂ ਕੌਮਾਂ ਦੇ ਸ਼ਹੀਦਾਂ ਪ੍ਰਤੀ, ਉਨ੍ਹਾਂ ਕੌਮਾਂ ਦੇ ਅਨੁਯਾਈਆਂ ਵੱਲੋਂ ਅਪਣਾਏ ਸ਼ਰਧਾ ਦੇ ਵਰਤਾਰਿਆਂ 'ਤੇ ਇਕ ਤੁਲਨਾਵਾਚੀ ਨਜ਼ਰ ਮਾਰੀਏ । **ਇਸਲਾਮ ਦੇ ਪੈਗ਼ੰਬਰ ਹਜ਼ਰਤ ਮੁਹੰਮਦ ਸਾਹਿਬ ਦੇ ਨਵਾਸੇ (ਦੋਹਤਰੇ) ਹਜ਼ਰਤ ਇਮਾਮ ਹੁਸੈਨ ਨੂੰ ਉਨ੍ਹਾਂ ਦੇ ਸਾਥੀਆਂ ਸਮੇਤ, ਅੱਜ ਤੋਂ ਕੋਈ ੧੩੩੪ ਸਾਲ ਪਹਿਲਾਂ ੬੮੦ ਈ.੬੧ ਹਿਜਰੀ ਨੂੰ, ਇਕ ਡੂੰਘੀ ਸਾਜ਼ਿਸ਼ ਤਹਿਤ, ਇਰਾਕ ਦੇ ਕੂਫ਼ਾ ਸ਼ਹਿਰ ਦੇ ਨਜ਼ਦੀਕ, ਦਰਿਆ ਫ਼ਰਾਤ ਦੇ ਕਿਨਾਰੇ, ਕਰਬਲਾ ਦੇ ਮੈਦਾਨ ਵਿੱਚ, ਤਿੰਨ ਦਿਨ ਪਿਆਸਾ ਰੱਖ ਕੇ ਸ਼ਹੀਦ ਕਰ ਦਿੱਤਾ ਗਿਆ ਸੀ । ਕਰਬਲਾ ਦਾ ਮੈਦਾਨ ਉਹ ਜਗ੍ਹਾ ਹੈ ਜਿੱਥੇ ਯਜ਼ੀਦ ਦੇ ਲਸ਼ਕਰ ਨੇ ਹਜ਼ਰਤ ਇਮਾਮ ਹੁਸੈਨ 'ਤੇ ਹਮਲਾ ਕਰ ਕੇ ਉਨ੍ਹਾਂ ਨੂੰ ੭੨ ਸਾਥੀਆਂ ਸਮੇਤ ਸ਼ਹੀਦ ਕਰ ਦਿੱਤਾ ਸੀ। ਸ਼ਹੀਦ ਹੋਣ ਵਾਲਿਆਂ 'ਚ ਹਜ਼ਰਤ ਇਮਾਮ ਹੁਸੈਨ ਦੇ ਪ੍ਰਵਾਰ ਦੇ ੧੯ ਜੀਅ ਵੀ ਸ਼ਾਮਿਲ ਹਨ।**



ਹਜ਼ਰਤ ਇਮਾਮ ਹੁਸੈਨ ਦੀ ਉਮਰ ਸ਼ਹਾਦਤ ਦੇ ਵਕਤ ੫੮ ਸਾਲ ਸੀ ਜਦਕਿ ਕਰਬਲਾ ਦੇ ਮੈਦਾਨ ਵਿੱਚ ਸ਼ਹੀਦ ਹੋਣ ਵਾਲੇ ਉਨ੍ਹਾਂ ਦੇ ਦੋ ਬੇਟੇ ਅਲੀ ਅਕਬਰ ਉਮਰ ੧੮ ਸਾਲ ਤੇ ਅਲੀ ਅਸਗਰ ਜਿਸ ਦੀ ਉਮਰ ਉਸ ਵਕਤ ਕੇਵਲ ੬ ਮਹੀਨੇ ਦੀ ਸੀ, ਦੋ ਭਾਣਜੇ, ਔਨ ਅਤੇ ਮੁਹੰਮਦ, ਕਰਮਵਾਰ ੯ ਤੇ ੧੦ ਸਾਲ ਦੀ ਉਮਰ ਦੇ ਸਨ । ਇਨ੍ਹਾਂ ਦੀ ਸ਼ਹਾਦਤ ਨੂੰ ਖ਼ਿਰਾਜ਼-ਏ-ਅਕੀਦਤ ਪੇਸ਼ ਕਰਨ ਲਈ ਸ਼ੀਆ ਮੁਸਲਮਾਨਾਂ ਵੱਲੋਂ, ਹਰ ਸਾਲ, ਦਸ ਮੁਹੱਰਮ ਨੂੰ ਤਾਅਜ਼ੀਆ ਕੱਢਿਆ ਜਾਂਦਾ ਹੈ । ਮੁਹੱਰਮ ਇਸਲਾਮੀ ਕੈਲੰਡਰ ਦਾ ਪਹਿਲਾ ਮਹੀਨਾ ਹੈ । ਇਸਲਾਮ ਦੇ ਪੈਰੋਕਾਰ ਮੁਹੱਰਮ ਦੇ ਮਹੀਨੇ ਨੂੰ ਇਸਲਾਮ ਦੇ ਇਤਿਹਾਸ ’ਚ ਨਿਹਾਇਤ ਅਫ਼ਸੋਸਨਾਕ ਸਮਾਂ ਮੰਨਦੇ ਹਨ। ਇੱਥੋਂ ਤਕ ਕਿ ਮੁਹੱਰਮ ਦਾ ਚੰਨ ਚੜ੍ਹਨ ਸਮੇਂ ਸ਼ੀਆ ਫ਼ਿਰਕੇ ਨਾਲ ਤਅੱਲਕ ਰੱਖਣ ਵਾਲੀਆਂ ਔਰਤਾਂ, ਆਪਣੀਆਂ ਚੂੜੀਆਂ ਤਕ ਤੋੜ ਦੇਂਦੀਆਂ ਹਨ ਤੇ ਚਾਲੀ ਦਿਨ ਤਕ ਕੋਈ ਵੀ ਹਾਰ-ਸ਼ਿੰਗਾਰ ਨਹੀਂ ਕਰਦੀਆਂ ਤੇ ਸੋਗ ਵਜੋਂ ਪੁਸ਼ਾਕ ਵੀ ਸਿਆਹ ਰੰਗ ਦੀ ਹੀ ਪਹਿਨਦੀਆਂ ਹਨ । ਚਾਲੀ ਦਿਨ ਤਕ ਕੋਈ ਖ਼ੁਸ਼ੀ ਨਹੀਂ ਮਨਾਈ ਜਾਂਦੀ । ਖਾਣ ਲਈ ਕੇਵਲ ਸਾਦਾ ਖਾਣਾ ਤਿਆਰ ਕੀਤਾ ਜਾਂਦਾ ਹੈ ਜੋ ਕੇਵਲ ਜਿਊਣ ਲਈ ਲੋੜੀਂਦਾ ਹੈ । ਸੁਆਦਲੇ ਤੇ ਲਜ਼ੀਜ਼ ਪਕਵਾਨ ਇਸ ਸਮੇਂ ਨਹੀਂ ਪਕਾਏ ਜਾਂਦੇ । ਮੁਹੱਰਮ ਦਾ ਸਮਾਂ, ਗ਼ਮ-ਏ-ਹੁਸੈਨ ਦੇ ਤੌਰ ’ਤੇ ਅੰਤਾਂ ਦੀ ਉਦਾਸੀ, ਸਾਦਗੀ ਤੇ ਹਲੀਮੀ ਵਿੱਚ ਰਹਿ ਕੇ ਗੁਜ਼ਾਰਿਆ ਜਾਂਦਾ ਹੈ । ਸ਼ੀਆ ਮੱਤ ਨੂੰ ਮੰਨਣ ਵਾਲੇ ਮੁਸਲਮਾਨ ਮਰਦ ਤਾਂ ਤਾਅਜੀਅਤ ਕੱਢਣ ਵਕਤ ਆਪਣੀਆਂ ਛਾਤੀਆਂ ਪਿਟ-ਪਿਟ ਕੇ , ਯਾ-ਹੁਸੈਨ ਯਾ-ਹੁਸੈਨ ਪੁਕਾਰਦੇ, ਲਹੂ-ਲੁਹਾਨ ਹੋ ਜਾਂਦੇ ਹਨ । ਉਨ੍ਹਾਂ ਦਾ ਮੰਨਣਾ ਹੈ ਕਿ ਇੰਞ ਕਰਨ ਨਾਲ ਉਹ ਇਨ੍ਹਾਂ ਸ਼ਹਾਦਤਾਂ ਨੂੰ, ਲਹੂ ਦਾ ਨਜ਼ਰਾਨਾ ਭੇਂਟ ਕਰਦੇ ਹਨ । ਕਰਬਲਾ ਦੇ ਮੈਦਾਨ ਦਾ ਇਹ ਦਰਦਨਾਕ ਮੰਜ਼ਰ ਇਸਲਾਮ ਦੀ ਤਵਾਰੀਖ਼ ’ਚ ਕਾਫ਼ੀ ਮਹੱਤਵ ਰੱਖਦਾ ਹੈ । ਸਰ ਮੁਹੰਮਦ ਇਕਬਾਲ ਲਿਖਦੇ ਹਨ :

“ਕਤਲ-ਏ-ਹੁਸੈਨ ਅਸਲ ਮੇਂ ਮਰਗ-ਏ-ਯਦੀਦ ਹੈ,
ਇਸਲਾਮ ਜ਼ਿੰਦਾ ਹੋਤਾ ਹੈ ਹਰ ‘ਕਰਬਲਾ’ ਕੇ ਬਾਦ”

ਕਰਬਲਾ ਦੇ ਪ੍ਰਸੰਗ ’ਚ ਇਸ ਸੰਖੇਪ ਜਿਹੀ ਜਾਣਕਾਰੀ ਨਾਲ, ਆਉ ਹੁਣ ਸਰਬੰਸਦਾਨੀ ਦਸਮ-ਪਾਤਿਸ਼ਾਹ ਹਜ਼ੂਰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਛੋਟੇ ਸਾਹਿਬਜ਼ਾਦੇ, ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਤੇ ਮਾਤਾ ਗੁਜਰੀ ਜੀ ਦੀਆਂ ਸ਼ਹਾਦਤਾਂ ਦੀ ਗੱਲ ਕਰੀਏ । **ਬਾਬਾ ਜ਼ੋਰਾਵਰ ਸਿੰਘ ਦੀ ਉਮਰ, ਸ਼ਹਾਦਤ ਦੇ ਵਕਤ ੯ ਸਾਲ ਸੀ ਤੇ ਬਾਬਾ ਫ਼ਤਹਿ ਸਿੰਘ ਦੀ ਉਮਰ ੭ ਸਾਲ ਦੀ ਸੀ ।** ਇਨ੍ਹਾਂ ਨੂੰ ਆਪਣੇ ਧਰਮ ਅਤੇ ਸਿੱਖੀ ਸਿਦਕ ਪ੍ਰਤੀ ਵਫ਼ਾ ਪਾਲਣ ਬਦਲੇ, ਸੂਬਾ ਸਰਹੰਦ ਵਜੀਦ ਖ਼ਾਂ ਦੇ ਹੁਕਮ ਨਾਲ ੧੩ ਪੋਹ ਸੰਮਤ ੧੭੬੧ ਬਿਕ੍ਰਮੀ ਅਰਥਾਤ ੨੭ ਦਸੰਬਰ ੧੭੦੪ ਈ.ਨੂੰ ਜਿਊਂਦੇ ਦੀਵਾਰਾਂ ’ਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਕੁਝ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਜਦੋਂ ਦੀਵਾਰ ਉਸਾਰੇ ਜਾਣ



ਤੋਂ ਬਾਅਦ, ਵਾਰ-ਵਾਰ ਡਿਗ ਜਾਂਦੀ ਰਹੀ ਤਾਂ ਮਾਸੂਮ ਸਾਹਿਬਜ਼ਾਦਿਆਂ ’ਤੇ ਤਲਵਾਰ ਦਾ ਵਾਰ ਕਰ ਕੇ ਉਨ੍ਹਾਂ ਦੇ ਸੀਸ ਧੜ ਨਾਲੋਂ ਜੁਦਾ ਕਰ ਕੇ ਸ਼ਹੀਦ ਕੀਤਾ ਗਿਆ। ਇਸ ਦਿਲ-ਕੰਬਾਊ ਘਟਨਾ ਨੂੰ ਭਾਈ ਕੇਸਰ ਸਿੰਘ ਛਿੱਬਰ ਆਪਣੀ ਕ੍ਰਿਤ, **‘ਬੰਸਾਵਾਲੀਨਾਮਾ ਦਸਾਂ ਪਾਤਸ਼ਾਹੀਆਂ ਕਾ’** ਛਾਪ ਪਹਿਲੀ, ਪੰਨਾ ਨੰਬਰ ੧੭੯, ਬੰਦ ੫੮੧ ’ਚ ਇਸ ਤਰ੍ਹਾਂ ਬਿਆਨ ਕਰਦੇ ਹਨ :

“ਨਉ ਸਾਲ ਅਵਸਥਾ ਜ਼ੋਰਾਵਰ ਸਿੰਘ ਜੀ ਭਏ ।
ਸਾਢੇ ਸੱਤ ਸਾਲ ਅਵਸਥਾ ਫਤੇ ਸਿੰਘ ਜੀ ਲਏ ।
ਜ਼ੋਰਾਵਰ ਸਿੰਘ ਦੇ ਪ੍ਰਾਨ ਖੰਡੇ ਨਾਲ ਬੇਗ ਛੁਟ ਗਏ ।
ਅੱਧੀ ਘੜੀ ਫਤੇ ਸਿੰਘ ਜੀ ਚਰਨ ਮਾਰਦੇ ਭਏ ॥”

(ਭਾਵ ਬਾਬਾ ਜ਼ੋਰਾਵਰ ਸਿੰਘ ਜੀ ਦੀ ਉਮਰ ਸ਼ਹੀਦੀ ਦੇ ਸਮੇਂ ੯ ਸਾਲ ਦੀ ਸੀ ਅਤੇ ਬਾਬਾ ਫ਼ਤਹਿ ਸਿੰਘ ਜੀ ਦੀ ਉਮਰ ੭ ਸਾਲ ੬ ਮਹੀਨੇ ਦੀ ਸੀ । ਬਾਬਾ ਜ਼ੋਰਾਵਰ ਸਿੰਘ ਜੀ ਕਟਾਰ ਦੇ ਵਾਰ ਨਾਲ ਸੀਸ ਕੱਟ ਦਿੱਤੇ ਜਾਣ ਨਾਲ ਤੁਰਤ ਹੀ ਜੋਤੀ ਜੋਤ ਸਮਾ ਗਏ । ਐਪਰ ਛੋਟੇ ਸਾਹਿਬਜ਼ਾਦੇ ਬਾਬਾ ਫ਼ਤਹਿ ਸਿੰਘ ਜੀ ਸੀਸ ਕੱਟ ਦਿੱਤੇ ਜਾਣ ਤੋਂ ਬਾਅਦ ਵੀ ਅੱਧੀ ਘੜੀ, ਭਾਵ ੧੨-੧੩ ਮਿੰਟ ਤਕ ਪੈਰ ਮਾਰਦੇ ਰਹੇ ਤੜਫਦੇ ਰਹੇ)

ਉਸੇ ਹੀ ਦਿਨ ਜਦੋਂ ਮਾਤਾ ਗੁਜ਼ਰੀ ਜੀ ਨੂੰ ਸਰਹੰਦ ਦੇ ਠੰਡੇ ਬੁਰਜ ਵਿੱਚ ਛੋਟੇ ਸਾਹਿਬਜ਼ਾਦਿਆਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤੇ ਜਾਣ ਦੀ ਖ਼ਬਰ ਮਿਲੀ ਤਾਂ ਮਾਤਾ ਜੀ ਵੀ ਆਪਣਾ ਪੰਜ ਭੂਤਕ ਸਰੀਰ ਤਿਆਗ ਕੇ, ਜੋਤੀ-ਜੋਤ ਸਮਾ ਗਏ ਅਤੇ ਅਕਾਲ ਪੁਰਖ ਦੀ ਗੋਦ ਵਿੱਚ, ਆਪਣੇ ਪਿਆਰੇ ਪੋਤਰਿਆਂ ਨੂੰ ਜਾ ਮਿਲੇ । ਮਨੁੱਖਤਾ ਦੇ ਇਤਿਹਾਸ ’ਚ ਇਸ ਅਦੁੱਤੀ ਸ਼ਹਾਦਤ ਜਿਹਾ ਭਿਆਨਕ ਕਹਿਰਮਈ ਮੰਜ਼ਰ, ਹੋਰ ਕਿਧਰੇ ਵੀ ਵਿਖਾਈ ਨਹੀਂ ਦਿੰਦਾ । ਗੁਰੂ ਜੀ ਦੇ ਵੱਡੇ ਦੋਵੇਂ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਦੀ ਸ਼ਹਾਦਤ ਸਮੇਂ ਉਮਰ ੧੮ ਸਾਲ ਦੀ ਸੀ ਅਤੇ ਬਾਬਾ ਜੁਝਾਰ ਸਿੰਘ ਜੀ ਦੀ ਉਮਰ ੧੪ ਸਾਲ ਦੀ ਸੀ । ਇਹ ਦੋਵੇਂ ਸਾਹਿਬਜ਼ਾਦੇ, ੮ ਪੋਹ ਸੰਮਤ ੧੭੬੧ ਬਿਕ੍ਰਮੀ ਅਰਥਾਤ ੨੨ ਦਸੰਬਰ ੧੭੦੪ ਈਸਵੀ ਨੂੰ ਦਸਮ-ਪਾਤਿਸ਼ਾਹ ਹਜ਼ੂਰ ਦੀਆਂ ਨਜ਼ਰਾਂ ਸਾਹਮਣੇ, ਦੁਸ਼ਮਣਾਂ ਨਾਲ ਜੰਗ ਲੜਦੇ ਹੋਏ, ਚਮਕੌਰ ਦੇ ਧਰਮ ਯੁੱਧ ਵਿੱਚ ਵੱਡੀ ਵੀਰਤਾ ਨਾਲ ਜੂਝਦਿਆਂ ਸ਼ਹੀਦੀਆਂ ਪਾ ਗਏ। ਗੁਰੂ ਜੀ ਦੇ ਚਾਰੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਪੰਜ ਦਿਨ ਦੇ ਵਕਫ਼ੇ ਅੰਦਰ-ਅੰਦਰ ਹੀ ਸ਼ਹੀਦੀਆਂ ਪਾ ਗਏ । ਇਨ੍ਹਾਂ ਸ਼ਹਾਦਤਾਂ ਨੂੰ ਹਾਲੇ ੩੧੦ ਵਰ੍ਹੇ ਹੋਏ ਹਨ। ਕੌਮਾਂ ਦੀ ਤਵਾਰੀਖ਼ ਦਾ ਲੇਖਾ-ਜੋਖਾ ਕਰਨ ਸਮੇਂ, ਇਹ ਅਵਧੀ ਕੋਈ ਬਹੁਤ ਜ਼ਿਆਦਾ ਨਹੀਂ ਕਿ ਸਿੱਖ ਕੌਮ ਦੇ ਚੇਤਿਆਂ ਵਿੱਚੋਂ, ਛੋਟੇ ਸਾਹਿਬਜ਼ਾਦਿਆਂ ਵਰਗੇ ਸ਼ਹੀਦ ਮਨਫ਼ੀ ਹੋ ਜਾਣ ।

ਸ਼ਹੀਦਾਂ ਨੂੰ ਬੜੇ ਅਦਬ ਅਤੇ ਮਰਿਆਦਾ ਨਾਲ ਯਾਦ ਕਰਨਾ ਹੀ, ਆਪਣੇ ਅਕੀਦੇ ਪ੍ਰਤੀ ਸੱਚੀ ਵਫ਼ਾਦਾਰੀ ਹੁੰਦੀ ਹੈ । ਸ਼ਹੀਦ ਕਦੇ ਮਰਦੇ ਨਹੀਂ, ਮੌਤ ਤਾਂ

ਜ਼ੁਲਮ ਦੀ ਹੁੰਦੀ ਹੈ । ਸ਼ਹਾਦਤਾਂ ਦੇ ਸੱਚ ਤਾਂ ਸਦਾ ਸਜਰੇ, ਜਗਦੇ ਅਤੇ ਮਘਦੇ ਰਹਿੰਦੇ ਹਨ । ਸ਼ਹੀਦਾਂ ਦੇ ਲਹੂ ਨਾਲ ਲਿਖੀਆਂ ਇਬਾਰਤਾਂ ਕਦੇ ਫਿੱਕੀਆਂ ਜਾਂ ਮੱਧਮ ਨਹੀਂ ਪੈਂਦੀਆਂ । ਮਹਿਸੂਸ ਕਰਨ ਵਾਲਿਆਂ ਲਈ, ਸ਼ਹੀਦੀਆਂ ਦੀ ਸ਼ਿੱਦਤ ਅਤੇ ਵੇਦਨਾ, ਉਨ੍ਹਾਂ ਦੇ ਜਜ਼ਬਾਤ ਅੰਦਰ, ਸਦਾ ਸਲਾਮਤ ਰਹਿੰਦੀ ਹੈ । ਕਮਜ਼ੋਰ ਤੇ ਬੁਜ਼ਦਿਲ ਮਨਾਂ ਦੇ ਅਕੀਦੇ, ਸਮੇਂ ਦੀ ਗਰਦਸ਼ ਨਾਲ ਕਮਜ਼ੋਰ ਪੈ ਜਾਂਦੇ ਹਨ ਤੇ ਸਮਾਂ ਪਾ ਕੇ, ਉਨ੍ਹਾਂ ਦੇ ਮਨਾਂ ਅੰਦਰ ਆਪਣੇ ਸਿਦਕ ਪ੍ਰਤੀ ਵਫ਼ਾ ਪਾਲਣ ਦੀ ਸਿੱਕ ਅਤੇ ਸਮਰੱਥਾ ਹੀ ਮਰ ਜਾਂਦੀ ਹੈ । ਅਜਿਹੇ ਸਿਦਕਹੀਣ ਬੰਦੇ ਤਾਂ ਧਰਤੀ ’ਤੇ ਬੋਝ ਹੀ ਹੁੰਦੇ ਹਨ । ਜਿਨ੍ਹਾਂ ਘਰਾਂ ਵਿੱਚ ਸ਼ਹੀਦਾਂ ਪ੍ਰਤੀ ਈਮਾਨ ਅਤੇ ਸਿਦਕ ਪ੍ਰਤੀ ਵਫ਼ਾ ਦੀ ਸ਼ਮਾ ਨਹੀਂ ਜਗਦੀ, ਉਹ ਘਰ, ਘਰ ਨਹੀਂ ਹੁੰਦੇ, ਭੂਤਵਾੜੇ ਹੁੰਦੇ ਹਨ । ਅਜਿਹੇ ਸਰਾਪੇ ਘਰਾਂ ਵਿੱਚ ਤਾਂ ਦੀਵੇ ਵੀ ਲੋਅ ਨੂੰ ਤਰਸਦੇ ਰਹਿ ਜਾਂਦੇ ਹਨ ।

ਇਹ ਸਾਲ ੨੦੦੩ ਦਾ ਜ਼ਿਕਰ ਹੈ । ਮੈਂ ਅਮਰੀਕਾ ਦੀ ਇਕ ਯੂਨੀਵਰਸਿਟੀ ਵਿੱਚ **‘ਅੰਤਰ ਧਰਮ ਇਕ ਅਨੁਭਵ’** ਵਿਸ਼ੇ ’ਤੇ ਆਯੋਜਤ ਇਕ ਗਿਆਨ-ਗੋਸ਼ਟੀ ਵਿੱਚ ਵਿਚਾਰ ਪੇਸ਼ ਕਰ ਰਿਹਾ ਸੀ । ਯੂਨੀਵਰਸਿਟੀ ਆਡੀਟੋਰੀਅਮ ਦੇ ਮੰਚ ਦੇ ਚਬੂਤਰੇ ਦੇ ਸਾਹਮਣੇ ਵਾਲੀ ਦੀਵਾਰ ’ਤੇ, ਹਜ਼ਰਤ ਈਸਾ ਦੀ ਇਕ ਲਹੂ-ਲੁਹਾਨ ਆਦਮ ਕਦ ਪ੍ਰਿਤਮਾ ਸਲੀਬ ’ਤੇ ਲਟਕ ਰਹੀ ਸੀ । ਹਜ਼ਰਤ ਈਸਾ ਦੇ ਹੱਥਾਂ ’ਤੇ ਪੈਰਾਂ ’ਚ ਮੇਖਾਂ ਗੱਡੀਆਂ ਹੋਈਆਂ ਸਨ ਤੇ ਜ਼ਖ਼ਮਾਂ ’ਚੋਂ ਖ਼ੂਨ ਸਿੰਮਦਾ ਵਿਖਾਇਆ ਹੋਇਆ ਸੀ । ਮੈਂ ਆਪਣੀ ਤਕਰੀਰ ਹਜ਼ਰਤ ਈਸਾ ਦੀ ਸਲੀਬਕਸ਼ੀ ਦੇ ਜ਼ਿਕਰ ਨਾਲ ਆਰੰਭ ਕੀਤੀ ਤੇ ਉਸ ਤੋਂ ਬਾਅਦ ਆਪਣੀ ਬੋਲਣ ਵਿਧੀ ਰਾਹੀਂ, ਆਪਣੀ ਜਾਣ-ਪਛਾਣ ਦੇਣ ਸਮੇਂ, ਸਰੋਤਿਆਂ ਨੂੰ ਸਿੱਖ ਇਤਿਹਾਸ ਦੇ ਝਰੋਖਿਆਂ ਵਿੱਚੋਂ ਦੀ, ਸਰਹੰਦ ਦੀਆਂ ਦੀਵਾਰਾਂ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਾਲ ਜੋੜ ਲਿਆ । ਸਰੋਤੇ ਸਾਹ ਸੂਤ ਕੇ ਇਸ ਖ਼ੌਫ਼ਨਾਕ ਮੰਜ਼ਰ ਦਾ ਬਿਆਨ ਸੁਣ ਰਹੇ ਸਨ। ਇੰਵ ਲੱਗ ਰਿਹਾ ਸੀ ਜਿਵੇਂ ਉਹ ਸਾਰੇ ਦੇ ਸਾਰੇ, ਸਰਹੰਦ ਦੀਆਂ ਖ਼ੂਨੀ ਦੀਵਾਰਾਂ ਦੇ ਸਨਮੁਖ ਆ ਖੜ੍ਹੇ ਹੋਏ ਸਨ । ਸਰੋਤਿਆਂ ਦੀ ਪਹਿਲੀ ਕਤਾਰ ’ਚ ਵਰਸਟੀ ਦੇ ਵਿਦੇਸ਼ੀ ਵਿਦਿਆਰਥੀਆਂ ਦੀ ਡੀਨ ਡਾਕਟਰ ਵੈਂਡੀ ਬੈਠੀ ਹੋਈ ਸੀ । ਇਤਫ਼ਾਕ ਨਾਲ ਉਸ ਦੇ ਦੋਵੇਂ ਪਾਸੇ, ਸੱਜੇ ਅਤੇ ਖੱਬੇ, ਉਸ ਦੇ ਦੋ ਪੁੱਤਰ ਬੈਠੇ ਹੋਏ ਸਨ, ਜੋ ਉਮਰ ਵਿੱਚ ਦਸ ਸਾਲ ਤੋਂ ਛੋਟੀ ਉਮਰ ਦੇ ਜਾਪਦੇ ਸਨ । ਮੈਂ ਵੇਖ ਰਿਹਾ ਸੀ ਕਿ ਡਾਕਟਰ ਵੈਂਡੀ ਨੇ ਸਰਹੰਦ ਦੀ ਦਾਸਤਾਨ ਦਾ ਹੌਲਨਾਕ ਵਿਸਥਾਰ ਸੁਣਦਿਆਂ, ਕਈ ਵਾਰੀ ਰੁਮਾਲ ਨਾਲ ਅੱਖਾਂ ’ਚੋਂ ਲਗਾਤਾਰ ਵਗ ਰਹੇ ਹੰਝੂ ਪੂੰਝੇ ਸਨ । ਉਹ ਇਕ ਸਹਿਮੀ ਹੋਈ ਮਨੋ-ਅਵਸਥਾ ਵਿੱਚ, ਆਪਣੇ ਦੋਵਾਂ ਪੁੱਤਰਾਂ ਨੂੰ ਵਾਰ-ਵਾਰ ਆਪਣੀ ਹਿੱਕੜੀ ਨਾਲ ਲਾ ਰਹੀ ਸੀ । ਮੈਂ ਸਮਝ ਰਿਹਾ ਸੀ ਕਿ ਉਸ ਦੇ ਮਨ ’ਤੇ ਕੀ ਗੁਜ਼ਰ ਰਹੀ ਹੈ। ਸ਼ਾਇਦ ਉਹ ਉਸ ਵੇਲੇ ਤਸੱਵਰ ’ਚ, ਮਾਤਾ ਗੁਜਰੀ ਨੂੰ ਯਾਦ ਕਰਦੀ ਹੋਈ, ਜ਼ਬਰਦਸਤ ਮਾਨਸਕ ਪੀੜਾ ਵਿੱਚ, ਉਨ੍ਹਾਂ ਭਿਆਨਕ ਪਲਾਂ ਨੂੰ ਜੀਅ ਰਹੀ ਸੀ ਜੋ ਮਾਤਾ ਗੁਜਰੀ ਜੀ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਖ਼ਬਰ ਸੁਣਨ



ਤੋਂ ਲੈ ਕੇ ਜੋਤੀ ਜੋਤ ਸਮਾਉਣ ਤਕ ਹੰਢਾਏ ਸਨ । ਜਦੋਂ ਮੈਂ ਸਰਹੰਦ ਦੇ ਇਤਿਹਾਸ ਦੀ ਦਰਦਨਾਕ ਵਿਥਿਆ ਸਮਾਪਤ ਕੀਤੀ ਤਾਂ ਪੂਰੇ ਦੇ ਪੂਰੇ ਆਡੀਟੋਰੀਅਮ ’ਚ ਇਕ ਅਜੀਬ ਸਨਾਟਾ ਜਿਹਾ ਛਾਇਆ ਹੋਇਆ ਸੀ ਤੇ ਲਗਪਗ ਸਾਰੇ ਹੀ ਸਰੋਤਿਆਂ ਦੀਆਂ ਅੱਖਾਂ ਨਮ ਸਨ । ਮੈਂ ਖ਼ੁਦ ਵੀ ਸਿਰ ਤੋਂ ਪੈਰਾਂ ਤਕ ਅੱਥਰੂ-ਅੱਥਰੂ ਸਾਂ । ਕੁਝ ਪਲ ਦੀ ਖ਼ਾਮੋਸ਼ੀ ਤੋਂ ਬਾਅਦ ਮੈਂ ਸਰੋਤਿਆਂ ਨੂੰ ਪੁੱਛਿਆ ਕਿ ਜੇ ਉਨ੍ਹਾਂ ਦੇ ਮਨ ’ਚ ਕੋਈ ਦੁਬਿਧਾ ਜਾਂ ਸਵਾਲ ਹੈ ਤਾਂ ਪੁੱਛ ਸਕਦੇ ਹਨ । ਬਸ ਇਹ ਕਹਿਣ ਦੀ ਦੇਰ ਸੀ ਕਿ ਮੰਤਰ-ਮੁਗਧ ਹੋਏ ਅਮਰੀਕਨ ਸਰੋਤੇ ਇਕ-ਇਕ ਕਰ ਕੇ ਸਵਾਲ ਕਰਨ ਲੱਗੇ । ਉਨ੍ਹਾਂ ’ਚੋਂ ਕੁਝ ਕੁ ਸਵਾਲ ਅਜਿਹੇ ਸਨ ਜਿਨ੍ਹਾਂ ਨੇ ਮੇਰੀ ਸੰਵੇਦਨਸ਼ੀਲਤਾ ਨੂੰ ਝੰਜੋੜ ਕੇ ਰੱਖ ਦਿੱਤਾ । ਇਹ ਸਵਾਲ ਸਿੱਖ ਸੰਗਤਾਂ ਨਾਲ ਸਾਂਝੇ ਕਰਨੇ ਜ਼ਰੂਰੀ ਹਨ।

**ਪਹਿਲਾ ਸਵਾਲ ਇਸ ਤਰ੍ਹਾਂ ਸੀ** : ਇਹ ਦੱਸੋ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ, ਵਜ਼ੀਦ ਖ਼ਾਂ ਦੀ ਕਚਹਿਰੀ ’ਚ ਜਾਣ ਤੋਂ ਪਹਿਲਾਂ, ਕਿਸ ਦੀ ਸੰਗਤ ਵਿੱਚ ਸਨ? ਅਜਿਹੀ ਕਿਹੜੀ ਮਹਾਨ ਪ੍ਰੇਰਨਾ ਸੀ ਜਿਸ ਦੇ ਸਦਕਾ, ਉਨ੍ਹਾਂ ਵਜ਼ੀਰ ਖ਼ਾਂ ਦੇ ਡਰਾਵੇ ’ਤੇ ਬਹਿਕਾਵਿਆਂ ਨੂੰ ਦਰਕਿਨਾਰ ਕਰਦੇ ਹੋਏ, ਡੋਲਣ ਅਤੇ ਘਬਰਾਉਣ ਦੀ ਬਜਾਏ, ਜਿਊਣ ਦੀ ਇੱਛਾ ਦੇ ਇਖ਼ਤਿਆਰ ਨੂੰ ਠੁਕਰਾ ਕੇ, ਸਿੱਖੀ ਸਿਦਕ ’ਤੇ ਕਾਇਮ ਰਹਿੰਦੇ ਹੋਏ, ਮੌਤ ਮਨਜ਼ੂਰ ਕਰਨ ਨੂੰ ਹੀ ਤਰਜੀਹ ਦਿੱਤੀ?

**ਦੂਸਰਾ ਸਵਾਲ** : ਮਾਸੂਮ ਸਾਹਿਬਜ਼ਾਦਿਆਂ ਨੂੰ ਜਦੋਂ ਜਿਊਂਦੇ ਦੀਵਾਰਾਂ ’ਚ ਚਿਣਨਾ ਸ਼ੁਰੂ ਕੀਤਾ ਤਾਂ ਇਸ ਦਰਦਨਾਕ ਪ੍ਰਕਿਰਿਆ ’ਚ ਲਗਪਗ ਕਿੰਨਾ ਕੁ ਸਮਾਂ ਲੱਗਾ ਹੋਵੇਗਾ? ਜਦੋਂ ਇਹ ਸਮਾਂ, ਹਰ ਸਾਲ ਆਉਂਦਾ ਹੈ ਤਾਂ ਸਮੁੱਚੀ ਸਿੱਖ ਕੌਮ, ਇਹ ਭਿਆਨਕ ਪਲ ਕਿਸ ਤਰ੍ਹਾਂ ਗੁਜ਼ਾਰਦੀ ਹੈ? ਇਸ ਸਮੇਂ ਵਿੱਚ, ਮਾਸੂਮ ਸਾਹਿਬਜ਼ਾਦਿਆਂ ਦੀ ਪੀੜਾ ਨੂੰ ਤੁਸੀਂ ਕਿੰਵ ਅਨੁਭਵ ਕਰਦੇ ਹੋ ਅਤੇ ਉਸ ਖ਼ਾਸ ਵਕਤ ’ਤੇ, ਸਿੱਖ ਮਨਾਂ ਦੀ ਵੇਦਨਾ ਅਤੇ ਅਮਲ ਕਿਹੋ ਜਿਹੇ ਹੁੰਦੇ ਹਨ?

ਪਹਿਲੇ ਸਵਾਲ ਦਾ ਜਵਾਬ ਤਾਂ ਮੈਂ ਬੜੇ ਠਰ੍ਹੰਮੇ ਤੇ ਵਿਸਥਾਰ ਨਾਲ ਦੇ ਦਿੱਤਾ, ਪ੍ਰੰਤੂ ਦੂਸਰੇ ਸਵਾਲ ਨੇ ਮੈਨੂੰ ਸ਼ਰਮ ਨਾਲ ਪਾਣੀ-ਪਾਣੀ ਕਰ ਦਿੱਤਾ । ਉਨ੍ਹਾਂ ਸੁਹਿਰਦ ਸਰੋਤਿਆਂ ਦੇ ਤਾਂ ਸਰਹੰਦ ਦੀ ਦਾਸਤਾਨ ਸੁਣ ਕੇ ਹੀ ਹੰਝੂ ਵਹਿ ਤੁਰੇ ਸਨ, ਪਰ ਮੇਰੇ ਲਈ ਇਹ ਦੱਸਣਾ ਕਿੰਨਾ ਕਠਿਨ ਸੀ ਕਿ ਸਿੱਖ ਤਾਂ ਹੁਣ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਾਲੇ ਦਿਨ, ਵਿਆਹ ਸ਼ਾਦੀਆਂ ਵੀ ਰਚਾਉਣ ਲੱਗ ਪਏ ਹਨ । ਇਕ ਪਾਸੇ ਸਾਹਿਬਜ਼ਾਦਿਆਂ ਦੇ ਨੀਹਾਂ ’ਚ ਚਿਣੇ ਜਾਣੇ ਦਾ ਸਮਾਂ ਆਉਂਦਾ ਹੈ ਤੇ ਦੂਜੇ ਪਾਸੇ ਬੈਂਡ-ਵਾਜੇ ਵਜਦੇ ਹਨ, ਬਰਾਤਾਂ ਢੁੱਕਦੀਆਂ ਹਨ । ਸ਼ਹਿਨਾਈਆਂ ਦੀ ਗੂੰਜ ਵਿੱਚ ਕੁੜਮ ਮਿਲਣੀਆਂ ਕਰਦੇ ਹਨ ਤੇ ਸਿੱਖ ਬਰਾਤੀ ਸ਼ਰਾਬਾਂ ਪੀ ਕੇ ਭੰਗੜੇ ਪਾਉਂਦੇ ਤੇ ਖਰਮਸਤੀਆਂ ਕਰਦੇ ਹਨ । ਸ਼ਹੀਦੀ ਜੋੜ ਮੇਲੇ ’ਤੇ ਜੁੜਨ ਵਾਲੀ ਭੀੜ ਵਿੱਚ, ਅੱਧੇ ਤੋਂ ਵੱਧ ਲੋਕ ਸਿਰੋਂ ਨੰਗੇ ਅਤੇ ਰੋਡੀ-ਭੋਡੀ ਸਾਧ-ਸੰਗਤ ਅਖਵਾਉਣ ’ਚ ਹੀ ਫ਼ਖ਼ਰ ਮਹਿਸੂਸ ਕਰਦੇ ਹਨ । ਅੱਜਕਲ੍ਹ ਤਾਂ ਸ਼ਹੀਦੀ ਜੋੜ ਮੇਲੇ ਸਮੇਂ ਲਾਏ ਗਏ ਲੰਗਰਾਂ ’ਚ ਲੱਡੂ-ਜਲੇਬੀਆਂ ਵੀ ਪਕਾਏ ਤੇ ਵਰਤਾਏ ਜਾਂਦੇ ਹਨ । ਸ਼ਹੀਦੀ

ਜੋੜ ਮੇਲੇ 'ਤੇ ਪੁੱਜਣ ਵਾਲੀਆਂ ਸੰਗਤਾਂ ਲਈ, ਸੜਕਾਂ 'ਤੇ ਜਗ੍ਹਾ ਜਗ੍ਹਾ ਲਾਏ ਜਾਂਦੇ ਲੰਗਰਾਂ 'ਚ, ਲੰਗਰ ਵਰਤਾਉਣ ਵਾਲੇ ਸਿੱਖ ਨੌਜਵਾਨਾਂ 'ਚ ਕੋਈ ਟਾਵਾਂ-ਟੱਲਾ ਹੀ ਕੇਸਧਾਰੀ ਹੁੰਦਾ ਹੈ। ਬਾਕੀ ਸਿੱਖਾਂ ਦੀ ਅੱਧੀ ਆਬਾਦੀ ਨਾਲੋਂ ਵੱਧ ਨੌਜਵਾਨ ਪੀੜ੍ਹੀ ਹੁਣ ਕੇਸ ਕਟਵਾ ਕੇ ਰੋਡੀ-ਭੋਡੀ ਹੋ ਗਈ । ਸ਼ਰਾਬ ਦੇ ਠੇਕੇ ਵੀ ਫ਼ਤਹਿਗੜ੍ਹ ਸਾਹਿਬ ਦੇ ਗੁਰਦੁਆਰੇ ਦੇ ਇਰਦ-ਗਿਰਦ ਨੂੰ ਛੱਡ ਕੇ, ਸ਼ਰਾਬੀਆਂ ਦੀ ਸਹੂਲਤ ਲਈ ਅਤੇ ਸ਼ਰਾਬ ਦੇ ਠੇਕੇਦਾਰਾਂ ਦੀ ਆਮਦਨ ਦਾ ਧਿਆਨ ਰੱਖਦੇ ਹੋਏ, ਬਾਕੀ ਸਾਰੇ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿੱਚ ਖੁੱਲ੍ਹੇ ਰੱਖੇ ਜਾਂਦੇ ਹਨ । ਮੇਰੇ ਕੋਲ ਇਸ ਸਵਾਲ ਦਾ ਵੀ ਕੋਈ ਜਵਾਬ ਨਹੀਂ ਸੀ ਕਿ ਸਿੱਖ ਕੌਮ ਦੇ ਧਾਰਮਿਕ ਅਤੇ ਸਮਾਜਿਕ ਵਰਤਾਰਿਆਂ ਨੂੰ ਸੇਧ ਦੇਣ ਵਾਲੀ ਸ਼੍ਰੋਮਣੀ ਸੰਸਥਾ, ਸ਼੍ਰੋਮਣੀ ਕਮੇਟੀ ਅਤੇ ਪੰਜ ਸਿੱਖ ਤਖ਼ਤਾਂ ਦੇ ਸਿੰਘ ਸਾਹਿਬਾਨ ਨੇ, ਹਾਲੇ ਤਕ ਇਹ ਤਹਿ ਹੀ ਨਹੀਂ ਕੀਤਾ ਕਿ ਛੋਟੇ ਸਾਹਿਬਜ਼ਾਦਿਆਂ ਨੂੰ ਦੀਵਾਰਾਂ ਵਿੱਚ ਜਿਉਂਦੇ ਚਿਣਨ ਦੀ ਪ੍ਰਕਿਰਿਆ ਤੋਂ ਸ਼ੁਰੂ ਹੋ ਕੇ, ਪਿਆਰੇ ਸਾਹਿਬਜ਼ਾਦਿਆਂ ਦੇ ਸਵਾਸ ਤਿਆਗ ਕੇ ਜੋਤੀ-ਜੋਤ ਸਮਾ ਜਾਣ ਤਕ ਦੇ ਸਮੇਂ ਦਰਮਿਆਨ, ਸਮੁੱਚੀ ਸਿੱਖ ਕੌਮ ਦੇ ਸਮੂਹਕ ਅਮਲ ਤੇ ਵਰਤਾਰੇ ਕੀ ਹੋਣੇ ਚਾਹੀਦੇ ਹਨ?

ਅਮਰੀਕਾ ਤੋਂ ਵਾਪਸ ਪਰਤਦਿਆਂ ਹੀ, ਮੈਂ ਸਭ ਤੋਂ ਪਹਿਲਾਂ ਇਹ ਦਰਦ, ਸਿੱਖ-ਪੰਥ ਦੇ ਚੂੜਾਮਣੀ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇ. ਗੁਰਚਰਨ ਸਿੰਘ ਟੌਹੜਾ ਨਾਲ ਸਾਂਝੇ ਕੀਤੇ । ਉਨ੍ਹਾਂ ਨੇ ਮੇਰੀ ਸਾਰੀ ਗੱਲ ਬੜੀ ਗੰਭੀਰਤਾ ਨਾਲ ਸੁਣੀ ਤੇ ਸਿੱਟੇ-ਬੱਧ ਉਪਰਾਲੇ ਸ਼ੁਰੂ ਕੀਤੇ । ਬੜੀ ਖੋਜ ਤੋਂ ਬਾਅਦ ਸ਼ਹਾਦਤ ਦੇ ਸਮੇਂ ਦਾ ਜ਼ਿਕਰ ਕੇਵਲ ਗੁਰਪ੍ਰਣਾਲੀ, ਗ਼ੁਲਾਬ ਸਿੰਘ ਵਿੱਚ ਹੀ ਮਿਲਿਆ ਹੈ , ਜੋ ਸਵੇਰ ਦੇ ਤਕਰੀਬਨ ੯.੪੫ ਤੋਂ ੧੧ ਵਜੇ ਤਕ ਦਾ ਬਣਦਾ ਹੈ। ਗੁਰਪ੍ਰਣਾਲੀ, ਗ਼ੁਲਾਬ ਸਿੰਘ ਵਿੱਚ ਸ਼ਹਾਦਤ ਦਾ ਸਮਾਂ ਇਸ ਤਰ੍ਹਾਂ ਅੰਕਿਤ ਕੀਤਾ ਗਿਆ ਹੈ :

**"ਸਵਾ ਪਹਰ ਦਿਨ ਚੜ੍ਹੇ ਕਾਮ ਭਯੋ ਹੈ"**

ਭਾਵ ਸਵਾ ਪਹਿਰ ਦਿਨ ਚੜ੍ਹੇ ਸਾਹਿਬਜ਼ਾਦਿਆਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ । ਦਸਵੇਂ ਗੁਰੂ ਜੀ ਦੇ ਸਮਕਾਲੀ ਭਾਈ ਦੁਨਾ ਸਿੰਘ ਹੰਡੂਰੀਆ ਦੀ ਅਪ੍ਰਕਾਸ਼ਤ ਕ੍ਰਿਤ, 'ਕਥਾ ਗੁਰੂ ਜੀ ਕੇ ਸੁਤਨ ਕੀ' ਅਨੁਸਾਰ ਛੋਟੇ ਸਾਹਿਬਜ਼ਾਦਿਆਂ ਦੇ ਸੀਸ ਕਟਾਰ ਨਾਲ ਧੜ ਤੋਂ ਜੁਦਾ ਕਰਨ ਤੋਂ ਪਹਿਲਾਂ, ਜ਼ਾਲਮਾਂ ਨੇ ਉਨ੍ਹਾਂ ਮਾਸੂਮਾਂ ਨੂੰ, ਚਾਬਕ ਤੇ ਕੋਰੜੇ ਵੀ ਮਾਰੇ ਸਨ ।-

**"ਖਮਚੀ ਸਾਥ ਜੁ ਲਗੇ ਤਬੈ ਦੇਖੁ ਦੇਵਨੰ**
**ਏਹ ਸੁ ਬਾਲਕ ਫੂਲ, ਧੂਪ ਨਹਿ ਖੇਵਨੰ**
**ਤਬ ਮਲੇਰੀਏ ਕਹਯੋ ; ਜੜਾਂ ਤੁਮ ਜਾਂਹਿ ਹੀ**
**ਇਹ ਮਸੂਮ ਹੈ ਬਾਲ ਦੁਖਾਵਹੁ ਨਾਹਿ ਹੀ"**

**(ਇੱਥੇ ਖਮਚੀ ਤੋਂ ਭਾਵ ਹੈ ਛਾਂਟਾ ਅਰਥਾਤ ਕੋਰੜਾ)**

**"ਜਬ ਦੁਸ਼ਟੀ ਐਸੇ ਦੁਖ । ਬਹੁਰੋ ਫੇਰ ਸੀਸ ਕਢਵਾਏ ਰਜ ਕੇ**
**ਪਾਇ ਪੀਪਲਹ ਬਾਂਧੇ । ਦੁਸ਼ਟ ਗੁਲੇਲੇ ਤੀਰ ਸੁ ਸਾਂਧੇ"**



(ਰਜ ਤੋਂ ਭਾਵ ਹੈ ਰੱਸਾ ਅਰਥਾਤ ਪਿੱਪਲ ਦੇ ਦਰੱਖ਼ਤ ਨਾਲ ਰੱਸਿਆਂ ਨਾਲ ਬੰਨ੍ਹ ਕੇ ਗੁਲੇਲ ਦੇ ਨਿਸ਼ਾਨੇ ਬਣਾ ਕੇ ਤਸੀਹੇ ਦਿੱਤੇ ਗਏ । ਹਵਾਲੇ ਲਈ ਦੇਖੋ: ਹੱਥ ਲਿਖਤ ਖਰੜਾ ਨੰਬਰ ੬੦੪੫, ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਸ੍ਰੀ ਅੰਮ੍ਰਿਤਸਰ)

ਇੱਥੇ ਇਹ ਜ਼ਿਕਰ ਕਰਨਾ ਵੀ ਅਜ਼ਹਦ ਜ਼ਰੂਰੀ ਹੈ ਕਿ ਨਵਾਬ ਸ਼ੇਰ ਮੁਹੰਮਦ ਖ਼ਾਨ ਮਲੇਰਕੋਟਲਾ ਨੇ ਨਾ ਸਿਰਫ਼ ਹਾਅ ਦਾ ਨਾਹਰਾ ਹੀ ਮਾਰਿਆ ਸਗੋਂ ਉਸ ਨੇ ਮਾਸੂਮ ਸਾਹਿਬਜ਼ਾਦਿਆਂ 'ਤੇ ਜ਼ੁਲਮ ਰੋਕਣ ਲਈ ਬੜੇ ਲਹੂਰ ਤੇ ਤਰਲੇ ਵੀ ਲਏ, ਲਾਹਨਤਾਂ ਵੀ ਪਾਈਆਂ, ਪਰ ਜ਼ਾਲਮ ਵਜ਼ੀਰ ਖ਼ਾਂ ਨੇ ਉਸ ਦੀ ਇਕ ਨਾ ਸੁਣੀ । ਸਰਹੰਦ ਦੀ ਤਵਾਰੀਖ਼ ਦਾ ਜ਼ਿਕਰ ਕਰਦਿਆਂ ਇਹ ਬੜੇ ਅਦਬ ਨਾਲ ਕਹਿਣਾ ਬਣਦਾ ਹੈ ਕਿ ਸਿੱਖ ਕੌਮ ਦੇ ਇਤਿਹਾਸ ਦੇ ਅਜਿਹੇ ਨਾਜ਼ੁਕ ਤੇ ਭਿਆਨਕ ਮਰਹਲੇ 'ਤੇ ਨਵਾਬ ਸ਼ੇਰ ਮੁਹੰਮਦ ਖ਼ਾਨ, ਮਲੇਰਕੋਟਲਾ ਵੱਲੋਂ ਨਿਭਾਈ, ਨਾਕਾਬਿਲ-ਏ-ਫ਼ਰਾਮੋਸ਼, ਤਵਾਰੀਖ਼ੀ, ਭੂਮਿਕਾ ਲਈ, ਸਿੱਖ ਕੌਮ ਰਹਿੰਦੇ ਸਮਿਆਂ ਤਕ ਅਹਿਸਾਨਮੰਦ ਰਹੇਗੀ ।

ਭਾਵੇਂ ਸਮੁੱਚੀ ਸਿੱਖ ਕੌਮ ਦੇ ਅਮਲਾਂ 'ਚ, ਇਨ੍ਹਾਂ ਦਰਦਨਾਕ ਪਲਾਂ ਨੂੰ, ਸ਼ਰਧਾ ਤੇ ਅਕੀਦਤ ਨਾਲ ਨਿਯਮਤ ਕਰਨਾ, ਨਿਸ਼ਚੇ ਹੀ ਸਿੱਖ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਅਤੇ ਸ਼੍ਰੋਮਣੀ ਕਮੇਟੀ ਦੀ ਹੀ ਜ਼ਿੰਮੇਵਾਰੀ ਬਣਦੀ ਹੈ, ਪਰ ਫਿਰ ਵੀ ਮੈਂ ਇਸ ਨਿਬੰਧ ਰਾਹੀਂ ਸਮੁੱਚੀ ਸਿੱਖ ਕੌਮ, ਸਿੱਖ ਤਖ਼ਤਾਂ ਦੇ ਜਥੇਦਾਰ ਸਾਹਿਬਾਨ, ਸ਼੍ਰੋਮਣੀ ਕਮੇਟੀ, ਦਿੱਲੀ ਗੁਰਦਵਾਰਾ ਮੈਨੇਜਮੈਂਟ ਕਮੇਟੀ, ਸੰਤਾਂ ਮਹਾਂਪੁਰਖਾਂ, ਸਿੰਘ ਸਭਾਵਾਂ, ਦੇਸ਼-ਪ੍ਰਦੇਸ਼ ਦੇ ਗੁਰਦਵਾਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ, ਸਿੱਖ ਸਟੂਡੈਂਟਸ ਫ਼ੈਡਰੇਸ਼ਨ, ਖ਼ਾਲਸਾ ਕਾਲਜਾਂ ਤੇ ਖ਼ਾਲਸਾ ਸਕੂਲਾਂ ਦੇ ਸਮੂਹ ਪ੍ਰਬੰਧਕਾਂ ਅਤੇ ਮੁਖੀਆਂ, ਸਮੂਹ ਸਿੱਖ ਪ੍ਰਵਾਰਾਂ ਤੇ ਸਿੱਖ-ਪੰਥ ਦੇ ਦਰਦਮੰਦਾਂ ਅੱਗੇ ਇਕ ਵਾਸਤਾ ਪਾਉਂਦਾ ਹਾਂ। ਮੇਰਾ ਤਰਲਾ ਹੈ ਕਿ ਗੰਭੀਰਤਾ ਨਾਲ ਸੋਚੋ ਕਿ ਵਿਸ਼ਵ ਭਰ ਦੇ ਈਸਾਈਅਤ ਨੂੰ ਮੰਨਣ ਵਾਲੇ ਪੈਰੋਕਾਰਾਂ ਨੂੰ ਤਾਂ ੨੦੦੦ ਸਾਲ ਬਾਅਦ ਵੀ ਹਜ਼ਰਤ ਈਸਾ ਦੀ ਸਲੀਬਕਸ਼ੀ ਸਮੇਂ, ਉਨ੍ਹਾਂ ਦੇ ਹੱਥਾਂ ਤੇ ਪੈਰਾਂ ਵਿਚ ਗੱਡੀਆਂ ਮੇਖਾਂ ਦੇ ਜ਼ਖ਼ਮਾਂ 'ਚੋਂ ਸਿੰਮਦਾ ਖ਼ੂਨ ਨਜ਼ਰ ਆਉਂਦਾ ਹੈ ਅਤੇ ਉਸ ਦੀ ਪੀੜਾ ਦਾ ਗਹਿਰਾ ਅਹਿਸਾਸ ਵੀ ਹੁੰਦਾ ਹੈ । **ਇਸਲਾਮ ਦੇ ਪੈਰੋਕਾਰਾਂ ਨੂੰ ੧੩੩੪ ਸਾਲ ਬਾਅਦ ਵੀ 'ਕਰਬਲਾ' ਦਾ ਕਹਿਰ ਯਾਦ ਹੈ, ਮੁਹੱਰਮ ਦੇ ਮੌਕੇ, ਹਰ ਮੁਸਲਮਾਨ ਆਪਣੇ ਆਪ ਨੂੰ ਕਰਬਲਾ ਦੀ ਪੀੜਾ 'ਚ ਗੁੰਮ ਕਰ ਲੈਂਦਾ ਹੈ ਤੇ ਆਪਣੇ ਪੈਗ਼ੰਬਰ ਦੀ ਵੇਦਨਾ ਨਾਲ ਇਕਸੁਰ ਹੋ ਜਾਂਦਾ ਹੈ ।**

ਦਰੇਗ ਤੇ ਦੁੱਖ ਤਾਂ ਇਸ ਗੱਲ ਦਾ ਹੈ ਕਿ ਸਿੱਖ ਕੌਮ ੩੧੦ ਸਾਲਾਂ ਦੇ ਸਮੇਂ ਅੰਦਰ ਹੀ ਨੀਹਾਂ 'ਚ ਚਿਣ ਕੇ ਸ਼ਹੀਦ ਹੋਏ, ਦਸ਼ਮੇਸ਼ ਗੁਰੂ ਜੀ ਦੇ ਮਾਸੂਮ ਸਾਹਿਬਜ਼ਾਦਿਆਂ ਦੀ ਦਰਦਨਾਕ ਸ਼ਹੀਦੀ ਨੂੰ ਕਿਉਂ ਵਿਸਰ ਗਈ ਹੈ? ਕਿਸੇ ਉਰਦੂ ਦੇ ਸ਼ਾਇਰ ਨੇ ਸ਼ਹੀਦੀ ਸਮੇਂ, ਸਾਹਿਬਜ਼ਾਦਿਆਂ ਦੀ ਮਾਸੂਮੀਅਤ ਨੂੰ ਬਿਆਨ ਕਰਦਿਆਂ ਠੀਕ ਕਿਹਾ ਹੈ ਕਿ:

**"ਜਿਨਕਾ ਮੂੰਹ ਸੁੰਘਨੇ ਸੇ ਦੂਧ ਕੀ ਬੂ ਆਤੀ ਥੀ,**
**ਐਸੇ ਮਾਸੂਮ ਭੀ ਮੇਰੀ ਕੌਮ ਕੇ ਰਾਹਬਰ ਨਿਕਲੇ"**

ਅੱਜ ਸਮੁੱਚੀ ਸਿੱਖ ਕੌਮ ਲਈ, ਆਪਣੇ ਸਵੈ-ਅੰਦਰ ਝਾਤੀ ਮਾਰ ਕੇ, ਗੰਭੀਰ ਸਮੀਖਿਆ ਕਰਨ ਦਾ ਸਮਾਂ ਹੈ । ਕੌਮਾਂ ਦੇ ਇਤਿਹਾਸ ਵਿਚ ਅਜਿਹਾ ਸਮਾਂ ਕਦੇ-ਕਦੇ ਆਉਂਦਾ ਹੈ ਜਦੋਂ ਕੌਮਾਂ ਆਪਣੇ ਬੀਤ ਚੁੱਕੇ ਆਪੇ ਦਾ ਨਿਰੀਖਣ ਕਰਦੀਆਂ ਹਨ ਅਤੇ ਆਉਣ ਵਾਲੇ ਸਮੇਂ ਲਈ ਸਜਗ ਹੁੰਦੀਆਂ ਹਨ ।

ਆਉ, ਸਾਰੇ ਪ੍ਰਣ ਕਰੀਏ ਕਿ ੧੩ ਪੋਹ ਅਰਥਾਤ ੨੭ ਦਸੰਬਰ ਨੂੰ ਸਵੇਰ ਦੇ ਠੀਕ ੧੦ ਵਜੇ ਤੋਂ ੧੧ ਵਜੇ ਤਕ, ਇਕ ਘੰਟਾ, ਹਰ ਸਿੱਖ, ਭਾਵੇਂ ਉਹ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਕਿਉਂ ਨਾ ਹੋਵੇ ਤੇ ਕਿਸੇ ਵੀ ਵਰਤਾਰੇ ’ਚ ਮਸਰੂਫ਼ ਕਿਉਂ ਨਾ ਹੋਵੇ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਯਾਦ ਵਿੱਚ ਜੁੜ ਕੇ, ਸਤਿਨਾਮ ਵਾਹਿਗੁਰੂ ਦਾ ਜਾਪ ਕਰੇ । ਜ਼ਰਾ ਸੋਚੋ! ਜਦੋਂ ਸਾਡੇ ਕਿਸੇ ਬੱਚੇ ਨੂੰ ਜ਼ਰਾ ਜਿੰਨੀ ਸੱਟ ਲੱਗ ਜਾਂਦੀ ਹੈ ਤਾਂ ਸਾਡੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਜਾਂਦਾ ਹੈ, ‘ਹੇ ਵਾਹਿਗੁਰੂ ! ਰਹਿਮ ਕਰੋ, ਕ੍ਰਿਪਾ ਕਰੋ ।’ ਕੀ ਅਸੀਂ ਹਰ ਸਾਲ ਇਹ ਥੋੜ੍ਹਾ ਜਿਹਾ ਸਮਾਂ ਕੱਢ ਕੇ, ਕਿਸੇ ਨਵੇਕਲੇ ਅਸਥਾਨ ’ਤੇ ਬੈਠ ਕੇ, ਆਪਣੇ ਗੁਰੂ ਅਤੇ ਮਾਸੂਮ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਸਮਰਪਤ ਹੋ ਕੇ, ਸਤਿਨਾਮ ਵਾਹਿਗੁਰੂ ਨਹੀਂ ਜਪ ਸਕਦੇ? ਜਿਨ੍ਹਾਂ ਨੇ ਧਰਮ ਤੇ ਸਿੱਖੀ ਸਿਦਕ ਦੀ ਰੱਖਿਆ ਲਈ ਆਪਣੇ ਜੀਵਨ ਬਲੀਦਾਨ ਕਰ ਦਿੱਤੇ, ਖ਼ਾਸ ਕਰਕੇ ਗੁਰਦਵਾਰਾ ਫ਼ਤਹਿਗੜ੍ਹ ਸਾਹਿਬ ਵਿਖੇ ਤਾਂ ਇਸ ਨਿਸ਼ਚਿਤ ਸਮੇਂ ’ਤੇ, ਸ਼ਹੀਦੀ ਜੋੜ ਮੇਲੇ ਸਮੇਂ ਹਰ ਵਿਅਕਤੀ ਆਪਣੀ-ਆਪਣੀ ਜਗ੍ਹਾ ਬੈਠ ਕੇ, ਇਕ ਘੰਟੇ ਲਈ ਬੰਦਗੀ ਵਿੱਚ ਜੁੜ ਜਾਵੇ । ਇਸ ਇਕ ਘੰਟੇ ਲਈ ਤਾਂ ਇੰਵ ਜਾਪੇ ਜਿਵੇਂ ਸਮੁੱਚਾ ਜਨਜੀਵਨ ਹੀ ‘**ਮਸੂਮ ਸਾਹਿਬਜ਼ਾਦਿਆਂ**’ ਦੀ ਯਾਦ ਵਿੱਚ ਜੁੜ ਕੇ ਖਾਮੋਸ਼ ਹੋ ਗਿਆ ਹੈ । ਜ਼ਰਾ ਸੋਚੋ ! ਕਿੰਨਾ ਮਾਣ ਸੀ ਦਸਮ-ਪਾਤਿਸ਼ਾਹ ਨੂੰ ਆਪਣੇ ਸਿੱਖਾਂ ਅਤੇ ਗੁਰੂ ਖ਼ਾਲਸੇ ’ਤੇ ਜਦੋਂ ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ, ਗੁਰੂ ਜੀ ਨੇ ਔਰੰਗਜ਼ੇਬ ਨੂੰ ਭੇਜੇ ‘ਜ਼ਫ਼ਰਨਾਮੇ’ ਵਿਚ ਬੜੇ ਫ਼ਖ਼ਰ ਨਾਲ ਫ਼ੁਰਮਾਇਆ ਸੀ:

ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ ।
ਕਿ ਬਾਕੀ ਬਮਾਂਦਸਤ ਪੇਚੀਦਹ ਮਾਰ ।

(ਗੁਰੂ ਦਸਮ ਪਾਤਸ਼ਾਹ, ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਹਵਾਲਾ ਦੇ ਕੇ ਔਰਗੰਜ਼ੇਬ ਨੂੰ ਆਖਦੇ ਹਨ ਕਿ ਤੂੰ ਇਹ ਨਾ ਸਮਝ ਬੈਠੀਂ ਕਿ ਮੇਰੇ ਚਾਰੇ ਪੁੱਤਰ ਚਲੇ ਗਏ । ਅਜੇ ਕੁੰਡਲੀਦਾਰ ਨਾਗ ਭਾਵ ਖ਼ਾਲਸਾ ਤਾਂ ਮੌਜੂਦ ਹੈ)

ਚਿ ਮਰਦੀ ਕਿ ਅਖ਼ਗਰ ਖ਼ਮੋਸ਼ਾਂ ਕੁਨੀ ।
ਕਿ ਅਤਿਸ਼ ਦਮਾਂ ਰਾ ਫ਼ਰੋਜ਼ਾਂ ਕੁਨੀ ।

(ਹੇ ਔਰਗੰਜ਼ੇਬ ! ਚਾਰ ਚੰਗਿਆੜੇ ਬੁਝਾ ਕੇ ਇਹ ਨਾ ਸਮਝ ਬੈਠੀਂ ਕਿ ਤੇਰੇ ਤੌਖ਼ਲੇ ਖ਼ਤਮ ਹੋ ਗਏ । ਅੱਖਾਂ ਤੋਂ ਪਰਦਾ ਲਾਹ ਕੇ ਵੇਖ ਇਨ੍ਹਾਂ ਚੰਗਿਆੜਿਆਂ ਦੀ ਅੱਗ ਤਾਂ ਜ਼ਬਰਦਸਤ ਪ੍ਰਚੰਡ ਹੋ ਗਈ ਹੈ ।

ਸਾਬਕਾ ਡਿਪਟੀ ਸਪੀਕਰ, ਪੰਜਾਬ ।
ਮੋਬਾਈਲ : 98140-33362



# ਮੈ ਹੋ ਪਰਮ ਪੁਰਖ ਕੋ ਦਾਸਾ

ਭਗਵਾਨ ਸਿੰਘ ਜੌਹਲ

ਇਹ ਜਗਤ ਸੱਚੇ ਅਕਾਲ ਪੁਰਖ ਦੀ ਕੋਠੜੀ ਹੈ, ਹਰ ਇਕ ਮਨੁੱਖ ਵਿੱਚ ਉਸ ਦੀ ਜੋਤ ਹੈ। ਕਿਸੇ ਪ੍ਰਤੀ ਮਾੜੀ ਸੋਚ, ਕਰਮ ਤੇ ਵਿਹਾਰ ਨਾਲ ਬੰਦੇ ਦੇ ਮਨ ਦਾ ਸ਼ੀਸ਼ਾ ਧੁੰਦਲਾ ਹੋਣ ਕਾਰਨ ਉਸ ਵਿਚਲੀ ਜੋਤ ਸਾਫ਼ ਨਜ਼ਰ ਨਹੀਂ ਆਉਂਦੀ । ਇਸ ਜਗਤ ਦਾ ਮਾਲੀ ਅਕਾਲ ਪੁਰਖ ਵਾਹਿਗੁਰੂ ਆਪ ਹੀ ਹੈ। ਇਹ ਰੰਗ-ਬਿਰੰਗਾ ਬਾਗ਼ ਉਸ ਦੀ ਖੇਡ ਹੈ। ਇਸ ਰੰਗ-ਬਿਰੰਗੇਪਣ ਨੂੰ ਮਿਟਾਉਣਾ ਤੇ ਮਿਟਦੇ ਵੇਖਣਾ ਉਸ ਨੂੰ ਪ੍ਰਵਾਨ ਨਹੀਂ। ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਮੁਤਾਬਕ ਕੋਈ ਬੈਰਾਗ਼ੀ ਹੈ, ਕੋਈ ਸੰਨਿਆਸੀ, ਕੋਈ ਹਿੰਦੂ ਅਤੇ ਕੋਈ ਤੁਰਕ, ਪਰ ਮੂਲ ਰੂਪ ਵਿੱਚ ਸਭ ਉਸ ਅਕਾਲ ਪੁਰਖ ਦੀ ਇਕੋ ਜੋਤ ਦਾ ਪਸਾਰਾ ਹੀ ਹੈ। ਉਸ ਤੋਂ ਵੱਡੀ ਤਾਕਤ ਹੋਰ ਕਿਸੇ ਕੋਲ ਨਹੀਂ ।

**ਕੋਊ ਭਇਓ ਮੁੰਡੀਆ, ਸੰਨਿਆਸੀ ਕੋਊ ਜੋਗੀ ਭਇਓ;**
**ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ।**
**ਹਿੰਦੂ ਤੁਰਕ ਕੋਊ, ਰਾਫਿਜ਼ੀ ਇਮਾਮ ਸ਼ਾਫ਼ੀ,**
**ਮਾਨਸ ਦੀ ਜਾਤਿ, ਸਬੈ ਏਕੈ ਪਹਚਾਨਬੋ ।**
**ਕਰਤਾ ਕਰੀਮ ਸੋਈ, ਰਾਜ਼ਿਕ ਰਹੀਮ ਉਈ,**
**ਦੂਸਰੋ ਨਾ ਭੇਦ ਕੋਈ ਭੂਲਿ ਭ੍ਰਮ ਮਾਨਬੋ ।**
**ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ;**
**ਏਕ ਹੀ ਸਰੂਪ ਸਬੈ, ਏਕੈ ਜੋਤਿ ਜਾਨਬੋ । ੮੫**

ਏਸੇ ਵਿਚਾਰ ਨੂੰ ਹੀ ਅੱਗੇ ਤੋਰਦਿਆਂ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੱਖਣਪਣ ਅਤੇ ਤਾਕਤ ਦੇ ਹੰਕਾਰ ਨੂੰ ਤੁਛ ਆਖਦਿਆਂ ਕਿਹਾ—‘ਮੰਦਰ, ਮਸਜਿਦ ਪੂਜਾ ਨਿਮਾਜ ਸਭ ਇਕੋ ਸਮਾਨ ਹਨ। ਸਾਰੀ ਮਨੁੱਖਤਾ ਅਤੇ ਜੀਵ-ਜੰਤੂਆਂ ਵਿੱਚ ਇਕੋ ਜੋਤ ਹੈ, ਵੱਖ-ਵੱਖ ਹੋਣਾ ਕੇਵਲ ਸਾਡਾ ਭਰਮ ਹੈ। ਵੱਖ-ਵੱਖ ਮਨੁੱਖੀ ਰੰਗਾਂ, ਨਸਲਾਂ ਦਾ ਭੇਦ ਭਿੰਨ-ਭਿੰਨ ਧਰਤੀ ਦੇ ਹਿੱਸਿਆਂ ’ਤੇ ਵੱਸਦੇ ਦੇਸ਼ਾਂ ਦੇ ਸੱਭਿਆਚਾਰਿਕ, ਰਹਿਣ-ਸਹਿਣ ਕਰਕੇ ਹੀ ਹੈ। ਸਾਰੇ ਮਨੁੱਖ ਅੱਖਾਂ, ਕੰਨਾਂ, ਸਰੀਰਕ ਬਨਾਵਟ ਵਜੋਂ ਇਕ ਸਮਾਨ ਹਨ, ਕਿਉਂਕਿ ਇਨ੍ਹਾਂ ਦੀ ਰਚਨਾ ਭੌਤਿਕ ਤੱਤਾਂ ਦੇ ਸਹਿਯੋਗ ਨਾਲ ਹੋਈ ਹੈ। ਰਾਮ ਤੇ ਰਹੀਮ, ਕੁਰਾਨ ਤੇ ਪੁਰਾਨ ਵਿੱਚ ਕੋਈ ਅੰਤਰ ਨਹੀਂ, ਕਿਉਂਕਿ ਇਨ੍ਹਾਂ ਦਾ ਸਰੂਪ ਅਤੇ ਬਨਾਵਟ ਇਕੋ ਜਿਹੀ ਹੈ।’

**ਦੇਹੁਰਾ ਮਸੀਤ ਸੋਈ, ਪੂਜਾ ਔ ਨਿਵਾਜ਼ ਓਈ;**
**ਮਾਨਸ ਸਬੈ ਏਕ, ਪੈ ਅਨੇਕ ਕੋ ਭ੍ਰਮਾਉ ਹੈ ।**
**ਦੇਵਤਾ ਅਦੇਵ, ਜੱਛ ਗੰਧ੍ਰਬ ਤੁਰਕ ਹਿੰਦੂ;**
**ਨਿਆਰੇ ਨਿਆਰੇ ਦੇਸਨ ਕੇ, ਭੇਸ ਕੋ ਪ੍ਰਭਾਉ ਹੈ ।**
**ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ;**
**ਖਾਕ ਬਾਦ ਆਤਿਸ਼ ਔ ਆਬ ਕੋ ਰਲਾਉ ਹੈ ।**
**ਅੱਲਹ ਅਭੇਖ ਸੋਈ, ਪੁਰਾਨ ਅਉ ਕੁਰਾਨ ਓਈ;**
**ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ । ੮੬**

## ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ’ਤੇ

ਦਸਮ ਪਿਤਾ ਜੀ ਦੀ ਰਚਨਾ ‘ਬਚਿਤ੍ਰ ਨਾਟਕ’ ਸਰਵੋਤਮ ਬਾਣੀਆਂ ਵਿੱਚੋਂ ਇਕ ਹੈ, ਜਿਸ ਵਿੱਚ ਦਸਮ ਪਿਤਾ ਨੇ ਅਕਾਲ ਪੁਰਖ ਵਾਹਿਗੁਰੂ ਦੇ ਦਾਸ ਵਜੋਂ ਸੰਸਾਰ ਵਿੱਚ ਫੈਲੇ ਅਧਰਮ ਨੂੰ ਖ਼ਤਮ ਕਰਨ ਲਈ ਧਰਮ ਤੇ ਮਾਨਵਤਾ ਦੀ ਰੱਖਿਆ ਲਈ ਹੀ ਆਗਮਨ ਹੋਇਆ ਦੱਸਿਆ ਹੈ । ਸਰਬੰਸਦਾਨੀ, ਸਾਹਿਬੇ-ਕਮਾਲ, ਵਿਦਵਤਾ ਦੇ ਮੁਜੱਸਮੇ, ਸੰਤ-ਸਿਪਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਨੀ ਪੂਰੀ ਦੁਨੀਆਂ ਵਿੱਚ ਕੋਈ ਨਹੀਂ । ਗੁਰੂ ਸਾਹਿਬ ਨੇ ਮਨੁੱਖਤਾ ਦੀ ਭਲਾਈ ਲਈ ਅਤੇ ਮਜ਼ਲੂਮਾਂ ਦੀ ਰੱਖਿਆ ਲਈ ਆਪਣਾ ਸਭ ਕੁਝ ਲੇਖੇ ਲਾ ਦਿੱਤਾ ਤੇ ਇੰਨਾ ਕੁਝ ਕਰਕੇ ਵੀ ਆਪਣੇ ਆਪ ਨੂੰ ਪਰਮ-ਪੁਰਖ ਪ੍ਰਮਾਤਮਾ ਦਾ ਦਾਸ ਹੀ ਜਾਣਿਆ। ਇਨਸਾਨੀਅਤ ਨੂੰ ਸਮ-ਦ੍ਰਿਸ਼ਟੀ ਨਾਲ ਦੇਖਣ ਵਾਲੇ ਦਸਮ ਪਾਤਸ਼ਾਹ ਦਾ ਪ੍ਰਕਾਸ਼ ੧੬੬੬ ਈਸਵੀ ਵਿੱਚ ਪੋਹ ਸੁਦੀ ਸੱਤਵੀਂ ਨੂੰ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਤੇ ਮਾਤਾ ਗੁਜਰੀ ਜੀ ਦੇ ਗ੍ਰਹਿ ਵਿਖੇ ਪਟਨਾ ਸਾਹਿਬ ਦੀ ਪਾਵਨ ਧਰਤੀ ’ਤੇ ਹੋਇਆ । ਧਰਮ ਅਤੇ ਮਨੁੱਖਤਾ ਦਾ ਅਜਿਹਾ ਬੇਜੋੜ ਉਪਾਸ਼ਕ ਵਿਸ਼ਵ ਵਿੱਚ ਸ਼ਾਇਦ ਹੀ ਕਦੇ ਪੈਦਾ ਹੋਵੇ । ਬਚਿਤ੍ਰ ਨਾਟਕ ਵਿੱਚ ਆਪ ਜੀ ਦਾ ਫ਼ੁਰਮਾਨ ਹੈ:

**ਹਮ ਇਹ ਕਾਜ ਜਗਤ ਮੋ ਆਏ।**
**ਧਰਮ ਹੇਤ ਗੁਰਦੇਵਿ ਪਠਾਏ।**
**ਜਹਾਂ ਤਹਾਂ ਤੁਮ ਧਰਮ ਬਿਥਾਰੋ।**
**ਦੁਸਟ ਦੋਖਯਨਿ ਪਕਰਿ ਪਛਾਰੋ।੪੨**

ਗੁਰੂ ਸਾਹਿਬ ਦਾ ਜੀਵਨ ਹਰ ਪੱਖੋਂ ਮੁਕੰਮਲ ਤੇ ਆਦਰਸ਼ਕ ਹੈ । ਦਸਮੇਸ਼ ਪਿਤਾ ਜੀ ਨੇ ਆਪਣੀ ਸੰਸਾਰਕ ਯਾਤਰਾ ਦੌਰਾਨ ਪ੍ਰਮਾਤਮਾ ਵੱਲੋਂ ਸੌਂਪੇ ਕਾਰਜ ਨੂੰ ਬਾਖ਼ੂਬੀ ਕਰ ਵਿਖਾਇਆ । 9 ਵਰ੍ਹਿਆਂ ਦੀ ਉਮਰ ਵਿੱਚ ਆਪਣੇ ਪਿਤਾ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਦੂਸਰੇ ਧਰਮ ਨੂੰ ਬਚਾਉਣ ਦੀ ਸਲਾਹ ਦੇਣੀ । ਖ਼ਾਲਸਾ ਪੰਥ ਦੀ ਸਾਜਣਾ ਕਰਨਾ, ਅਨੇਕਾਂ ਧਰਮ ਯੁੱਧਾਂ ਵਿੱਚ ਕਰੱਤਵ ਤੇ ਬਖ਼ਸ਼ਿਸ਼ਾਂ ਕਰਕੇ ਮੁਰਦਾ ਹੋ ਚੁੱਕੀ ਕੌਮ ਵਿੱਚ ਨਵੀਂ ਰੂਹ ਫੂਕ ਕੇ ਜਾਗ੍ਰਿਤੀ ਪੈਦਾ ਕਰਨੀ, ਅਖ਼ੌਤੀ ਨੀਵੀਂਆਂ ਜ਼ਾਤਾਂ ਵਿੱਚੋਂ ਯੋਧੇ ਪੈਦਾ ਕਰਨਾ, ਪਠਾਣਾਂ ਤੇ ਔਰੰਗਜ਼ੇਬ ਦੇ ਵਿਸ਼ਾਲ ਰਾਜ ਨਾਲ ਟੱਕਰ ਲੈਣਾ, ਕਲਗੀਧਰ ਦਸਮੇਸ਼ ਪਿਤਾ ਜੀ ਦਾ ਕੰਮ ਹੀ ਸੀ। ਆਪ ਜੀ ਨੇ ਦੱਬੇ-ਕੁਚਲੇ ਲੋਕਾਂ ਦੀ ਸਾਰ ਲਈ ਤੇ ਉਨ੍ਹਾਂ ਨੂੰ ਸੀਨੇ ਨਾਲ ਲਾ ਕੇ ਸਾਰੀਆਂ ਪ੍ਰਾਪਤੀਆਂ ਦਾ ਸਿਹਰਾ ਗ਼ਰੀਬ ਲੋਕਾਂ ਦੇ ਸਿਰ ਬੰਨ੍ਹਿਆਂ । 1699 ਈਸਵੀ ਵਿੱਚ ਖ਼ਾਲਸਾ ਪੰਥ ਦੀ ਸਿਰਜਣਾ ਕਰਕੇ ਡਰੇ ਅਤੇ ਸਹਿਮੇ ਲੋਕਾਂ ਦੇ ਮਨਾਂ ਅੰਦਰ ਏਕਤਾ, ਕੁਰਬਾਨੀ, ਦਲੇਰੀ ਤੇ ਜ਼ੁਲਮ ਵਿਰੁੱਧ ਡਟਣ ਦੀ ਭਾਵਨਾ ਪੈਦਾ ਕਰ ਦਿੱਤੀ। ਇਹ ਸਾਰੇ ਗਿੱਦੜਾਂ ਤੋਂ ਸ਼ੇਰ ਬਣ ਗਏ, ਸਵਾ-ਸਵਾ ਲੱਖ ਅਤਿਆਚਾਰੀਆਂ ਨਾਲ ਟਾਕਰਾ ਕਰਨ ਦੇ ਸਮਰੱਥ ਬਣ ਗਏ। ਇੱਥੇ ਹੀ ਬਸ ਨਹੀਂ, ਪੰਜਾਂ ਨੂੰ ਇਕੋ ਬਾਟੇ ਵਿੱਚ ਅੰਮ੍ਰਿਤ ਛਕਾ ਕੇ ਅਤੇ ਉਨ੍ਹਾਂ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਉਨ੍ਹਾਂ ਦੇ ਚੇਲੇ ਬਣ ਗਏ। ਇਹ ਘਟਨਾ ਸੰਸਾਰ ਦੇ ਧਰਮਾਂ ਦੇ ਇਤਿਹਾਸ ਵਿੱਚ ਨਵੇਕਲੀ ਹੈ ।

**ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ ।**
**ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥ ੧੭**

ਦੱਬੇ-ਕੁਚਲੇ ਲੋਕਾਂ ਨੂੰ ਸਿੰਘਾਸਨ ’ਤੇ ਬਿਠਾ ਕੇ ਮੁੱਖ ਉਜਲੇ ਤੇ ਸਰਬੱਤ ਦੇ



ਰਾਖੇ ਬਣਾਇਆ। ਮਨੁੱਖ ਦੀ ਬਾਹਰਲੀ ਜੋਤਿ ਨੂੰ ਜਗਾ ਕੇ ਅੰਧਕਾਰੀ ਸੰਸਾਰ ਨੂੰ ਜਗਮਗਾ ਦੇਣਾ, ਉਨ੍ਹਾਂ ਦੀ ਮਹਾਨ ਸ਼ਕਤੀ। ਬਚਿੱਤ ਨਾਟਕ ਵਿਚ ਉਨ੍ਹਾਂ ਨੇ ਆਪਣੇ ਮੂਲ ਉਦੇਸ਼ਾਂ ਦੇ ਕਈ ਸੰਕੇਤ ਦਿੱਤੇ ਹਨ, ਜਿਨ੍ਹਾਂ ਵਿੱਚ ਉਨ੍ਹਾਂ ਦਾ ਮੂਲ ਉਦੇਸ਼ ਦੁਸ਼ਟਾਂ ਦਾ ਨਾਸ਼ ਕਰਨਾ ਅਤੇ ਸੰਤਾਂ ਨੂੰ ਉਭਾਰਨਾ ਹੈ । ਇਸ ਸੱਚ ਨੂੰ ਪ੍ਰਤੱਖ ਕਰਨ ਲਈ ਉਨ੍ਹਾਂ ਨੇ ਤਲਵਾਰ ਚੁੱਕੀ।

**ਧਰਮ ਚਲਾਵਨ ਸੰਤ ਉਬਾਰਨ ।**
**ਦੁਸਟ ਸਭਨ ਕੋ ਮੂਲ ਉਪਾਰਿਨ ।** ੪੩

ਕਲਗੀਧਰ ਪਾਤਸ਼ਾਹ ਨੇ ਆਪਣੇ ਆਪ ਨੂੰ ਪੂਰਨ ਮਨੁੱਖ ਅਖਵਾਉਣ ਵਿੱਚ ਸੰਤੁਸ਼ਟੀ ਪ੍ਰਗਟ ਕੀਤੀ। ਮੈਂ ਅਕਾਲ ਪੁਰਖ ਦਾ ਦਾਸ ਹਾਂ, ਸੰਸਾਰ ਤਮਾਸ਼ੇ ਨੂੰ ਬੜੀ ਨੀਝ ਨਾਲ ਵੇਖ ਰਿਹਾ ਹਾਂ।

**ਮੈ ਹੋ ਪਰਮ ਪੁਰਖ ਕੋ ਦਾਸਾ ।**
**ਦੇਖਨਿ ਆਯੋ ਜਗਤ ਤਮਾਸਾ । ੩੩**

ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਅਜਿਹੀ ਰੱਬੀ-ਸ਼ਕਤੀ ਦੇ ਮਾਲਕ ਸਨ—ਇਲਾਹੀ ਜੋਤ ਤੇ ਗੁਰੂ ਨਾਨਕ ਦੇਵ ਜੀ ਦੇ ਦਸਵੇਂ ਸਰੂਪ ਸਨ, ਜਿਨ੍ਹਾਂ ਦੇ ਉਪਦੇਸ਼ਾਂ ਦਾ ਆਮ ਲੋਕਾਂ ’ਤੇ ਅਜਿਹਾ ਅਸਰ ਹੋਇਆ ਕਿ ਨਿਮਾਣੇ ਤੇ ਨਿਤਾਣੇ ਸਾਹ-ਸਤਹੀਣ ਲੋਕਾਂ ਨੂੰ ਸੰਸਾਰ ਦੇ ਪ੍ਰਸਿੱਧ ਯੋਧੇ ਬਣਾ ਦਿੱਤਾ । ਉਨ੍ਹਾਂ ਦਾ ਨਿਸ਼ਾਨਾ ਕਿਸੇ ਨਿੱਜੀ ਗ਼ਰਜ ਜਾਂ ਵੈਰ-ਭਾਵਨਾ ਨਹੀਂ, ਸਗੋਂ ਅਕਾਲ ਪੁਰਖ ਦੇ ਉਪਦੇਸ਼ ਦੀ ਪਾਲਣਾ ਹੈ। ਉਨ੍ਹਾਂ ਕੇਵਲ ਜੰਗ ਵਿੱਚ ਆਪਣੇ ਸਿੰਘਾਂ ਨੂੰ ਸ਼ਹੀਦ ਨਹੀਂ ਕਰਵਾਇਆ, ਸਗੋਂ ਆਪਣੇ ਪਿਆਰੇ ਲਖਤੇ ਜਿਗਰ ਚਾਰੋਂ ਸਾਹਿਬਜ਼ਾਦਿਆਂ, ਮਾਤਾ ਜੀ ਅਤੇ ਪਿਤਾ ਜੀ ਦੀ ਸ਼ਹਾਦਤ ਤੋਂ ਬਾਅਦ ਸਰਬੰਸਦਾਨੀ ਦਾ ਰੁਤਬਾ ਪ੍ਰਾਪਤ ਕੀਤਾ। ਨਾਲ ਹੀ ਪਰਮਾਤਮਾ ਦਾ ਸ਼ੁਕਰਾਨਾ ਹੈ ।

ਸੰਤ ਸਿਪਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸੰਘਰਸ਼ ਅਨਿਆਂ, ਅੱਤਿਆਚਾਰ ਤੇ ਗ਼ੈਰ-ਮਨੁੱਖੀ ਪ੍ਰਵਿਰਤੀ ਦੇ ਵਿਰੋਧ ਵਿੱਚ ਸੀ। ਆਪ ਜੀ ਦਾ ਉਦੇਸ਼ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੱਚੇ ਧਰਮ ਦਾ ਵਿਸਥਾਰ ਕਰਨਾ ਸੀ। ਕਲਗੀਧਰ ਪਾਤਸ਼ਾਹ ਨੇ ਸੀ ਆਨੰਦਪੁਰ ਸਾਹਿਬ ਦੇ ਦਿਨ ਵੀ ਵੇਖੇ, ਪਾਉਂਟਾ ਸਾਹਿਬ ਦੀ ਧਰਤੀ ਦੇ ਕੁਦਰਤੀ ਨਜ਼ਾਰੇ ਵੀ ਮਾਣੇ, ਭੁੱਖਾਂ ਵੀ ਕੱਟੀਆਂ, ਉਨੀਂਦਰੇ ਵੀ ਝਾਕੇ, ਨੰਗੇ-ਪੈਰੀਂ ਕੰਡਿਆਂ ਉੱਪਰ ਮਾਛੀਵਾੜੇ ਦੇ ਜੰਗਲ ਵਿੱਚ ਵੀ ਵਿਚਰੇ, ਯੁੱਧ ਵੀ ਲੜੇ, ਮਾਤਾ-ਪਿਤਾ ਤੇ ਲਾਡਲੇ ਸਪੁੱਤਰ ਵੀ ਵਾਰੇ, ਪਰ ਫਿਰ ਵੀ ਕੋਈ ਸ਼ਿਕਵਾ, ਸ਼ਿਕਾਇਤ ਨਹੀਂ ਕੀਤੀ, ਸਗੋਂ ਅਕਾਲ ਪੁਰਖ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ। ਤਕਲੀਫ਼ਾਂ ਤੇ ਮੁਸ਼ਕਲਾਂ ਦੇ ਸਮੇਂ ਵਿੱਚ ਕੋਈ ਫ਼ਰਕ ਨਹੀਂ ਆਇਆ । ਉਨ੍ਹਾਂ ਵੱਲੋਂ ਇਸ ਸ਼ਕਤੀ ਨੇ ਹਜ਼ਾਰਾਂ ਸ਼ਹੀਦ ਪੈਦਾ ਕੀਤੇ, ਜਿਨ੍ਹਾਂ ਹੰਕਾਰੀ ਹਕੂਮਤਾਂ ਦੇ ਤਖ਼ਤੇ ਪਲਟ ਕੇ ਲੋਕ-ਮਾਰੂ ਰਾਜ ਦੀਆਂ ਚਿਰ ਸਥਾਈ ਜੜ੍ਹਾਂ ਹਮੇਸ਼ਾਂ-ਹਮੇਸ਼ਾਂ ਲਈ ਉਖਾੜ ਦਿੱਤੀਆਂ। ਅੱਜ ਕਲਗੀਧਰ ਪਾਤਸ਼ਾਹ ਦੇ ਆਗਮਨ ਪੁਰਬ ’ਤੇ ਅਸੀਂ ਕਰਨੀ ਤੇ ਕਥਨੀ ਦੇ ਸੂਰੇ ਬਣੀਏ, ਜ਼ਾਤਾਂ-ਪਾਤਾਂ ਤੋਂ ਉੱਪਰ ਉੱਠ ਕੇ ਮਾਨਵਤਾ ਦੀ ਸੇਵਾ ਕਰੀਏ। ਗੁਰੂ ਸਾਹਿਬਾਨ ਦੇ ਸਰਬਸਾਂਝੇ ਉਪਦੇਸ਼ਾਂ ਨੂੰ ਸਾਰੀ ਮਨੁੱਖਤਾ ਤਕ ਪਹੁੰਚਾਉਣ ਦੇ ਸਾਰਥਿਕ ਯਤਨ ਕਰੀਏ । ਇਸ ਵਿੱਚ ਹੀ ਸਰਬੱਤ ਦਾ ਭਲਾ ਹੈ ।

ਸੰਪਰਕ: 98143-24040

(ਪੰ: ਟ੍ਰਿ: 1-1-2014 ’ਚੋਂ ਧੰਨਵਾਦ ਸਹਿਤ!)

# ਸਰਹਿੰਦ ਦਾ ਸਾਕਾ

### ਭਾਈ ਸਾਹਿਬ ਭਾਈ ਵੀਰ ਸਿੰਘ

ਠੰਢੇ-ਠਾਰ ਬੁਰਜ ਵਿਚ ਜਗਤ ਗੁਰੂ ਜੀ ਦੀ ਮਾਤਾ ਤੇ ਦੋ ਬੇਟੇ ਰੱਖੇ ਗਏ। ਸਿਆਲੇ ਦੀ ਕੱਕਰੀ ਰਾਤ ਇਸ ਅਪਦਾ ਦੇ ਕਸ਼ਟਾਂ ਵਿਚ ਨਹੀਂ ਕੱਟ ਸਕਦੀ । ਹਾਹ! ਮਾਤਾ ਗੁਜਰੀ ! ਕਿੱਥੇ ਹਨ ਤੇਰੇ ਮੰਦਰ, ਗਰਮ ਮਕਾਨ, ਦੋਹਰੀਆਂ ਚੋਹਰੀਆਂ ਨਿਹਾਲੀਆਂ ਤੇ ਰਜ਼ਾਈਆਂ ਵਾਲੇ ਘਰ? ਓਹ ਪਾਤਸ਼ਾਹੀ ਸੁੱਖ ਭਰੇ ਸਥਾਨ ਕਿਧਰ ਗਏ? ਉਹ ਸੁੱਖ ਤੇ ਸੰਪਦਾ ਨੂੰ ਕੀ ਹੋਇਆ ? ਤ੍ਰਿਲੋਕੀ ਦਾ ਨਾਥ ਤੇਰਾ ਪੁੱਤ੍ਰ, ਜੋ ਤੇਰੇ ਪੈਰ ਕੰਡਾ ਚੁੱਭਦਾ ਨਾ ਦੇਖ ਸਕੇ, ਤੇਰੇ ਪਾਸ ਨਹੀਂ । ਤੂੰ ਇਸ ਵੇਲੇ ਕਿਸ ਅਪਦਾ ਵਿਚ ਹੈਂ? ਸੂਰਬੀਰ ਵੱਡੇ ਪੋਤ੍ਰੇ ਕਿੱਧਰ ਟੁਰ ਗਏ? ਆਹ! ਪਿਆਰੀ ਮਾਤਾ ! ਤੈਂ ਕੀਹ ਕੀਹ ਨਾ ਸਾਡੇ ਪਾਪੀਆਂ ਲਈ ਸਹਾਰਿਆ। ਤੇਰੀ ਗੋਦੀ ਵਿਚ ਖੇਡਦੇ ਬਾਲ ਬੀ ਪਰਾਹੁਣੇ ਹਨ, ਤੇ ਤੈਂ ਆਪ ਬੀ ਅਪਣੀ ਜਾਨ ਤਲੀ ਪੁਰ ਧਰੀ ਹੈ । ਸਾਰੀਆਂ ਬਲੀਆਂ ਦੇਸ਼ ਦੇ ਛੁਟਕਾਰੇ ਲਈ ਹਨ ।

ਸੁਹਲ ਤੇ ਕੋਮਲ ਜਿਗਰ ਦੇ ਟੁਕੜਿਆਂ ਨੂੰ ਛਾਤੀ ਨਾਲ ਲਾ ਕੇ ਮਾਤਾ ਰਾਤ ਬਿਤਾ ਰਹੀ ਹੈ। ਬੱਚਿਆਂ ਨੇ ਬ੍ਰਿੱਧ ਮਾਤਾ ਦੇ ਸੀਨੇ ਨਾਲ ਸਿਰ ਜੋ ਟਿਕਾਇਆ ਤਾਂ ਨੀਂਦ ਪੈ ਗਈ, ਪਰ ਬ੍ਰਿਧ ਮਾਤਾ ਦੀਆਂ ਅੱਖਾਂ ਵਿਚ ਨੀਂਦ ਕਿੱਥੇ? ਐਵੇਂ ਚਿੰਤਾ ਦੇ ਵਹਿਣਾਂ ਵਿੱਚ ਹੀ ਜ਼ਰਾ ਅੱਖ ਬੰਦ ਹੋਈ ਤਾਂ ਕੀ ਦੇਖਦੀ ਹੈ ਕਿ ਵੱਡੇ ਪੋਤ੍ਰੇ ਦੋਵੇਂ ਹੀ ਤੀਰਾਂ ਨਾਲ ਛਲਣੀ ਹੋ ਗਏ ਹਨ; ਇਨ੍ਹਾਂ ਨੂੰ ਮਾਤਾ ਹਿਲਾ-ਹਿਲਾ ਮਾਨੋ ਕਹਿੰਦੀ ਹੈ :-

**ਜਾਗੋ ਜਾਗੋ ਵੇ ਲਾਲ ਦੁਲਾਰੇ! ਬੁੱਢੀ ਮਾਤਾ ਪਈ ਵੇ ਪੁਕਾਰੇ;**
**ਕੇਹੀ ਨੀਂਦ ਤੁਸਾਂ ਨੂੰ ਪਿਆਰੀ, ਉਠੋ ਉਠੋ ਵੇ ਮੇਰੇ ਪਿਆਰੋ।**

ਜਦ ਮਾਤਾ ਪਿੱਛੇ ਦੇਖਦੀ ਹੈ ਤਾਂ ਇਕ ਬੁਰਛਾ ਜਿਹਾ ਛੋਟੇ ਪੋਤ੍ਰੇ ਭੀ ਚੁੱਕ ਕੇ ਨੱਠਾ । ਮਾਤਾ ਉੱਠੀ ਕਿ ਫੜਾਂ, ਪਰ ਅੱਖ ਖੁਲ੍ਹ ਗਈ । ਮਾਤਾ ਜੀ ਦਾ ਹਿਰਦਾ ਇਸ ਵੇਲੇ ਇਕਬਾਰਗੀ ਅੰਤਰਮੁਖੀ ਦਸ਼ਾ ਵਿਚ ਹੋ ਗਿਆ; ਦੁਖ ਸੁਖ ਦੇ ਦਾਤਾ ਅਕਾਲ ਪੁਰਖ ਦੀ ਸੇਵਾ ਵਿਚ ਪ੍ਰਾਰਥਨਾ ਵਿਖੇ ਲੀਨ ਹੋ ਗਿਆ ।

''ਹੇ ਅਕਾਲ ਪੁਰਖ! ਕ੍ਰਿਪਾ ਕਰ, ਆਪਣੇ ਪਿਆਰਿਆਂ ਦੀ ਇਸ ਬਿਪਤਾ ਨੂੰ ਦੂਰ ਕਰ, ਵਿੱਛੁੜਿਆਂ ਨੂੰ ਮੇਲ, ਇਨ੍ਹਾਂ ਮਸੂਮ ਬੱਚਿਆਂ ਨੂੰ ਪਾਪੀਆਂ ਤੋਂ ਛੁਟਕਾਰਾ ਬਖਸ਼'', ਆਦਿਕ। ਇਸ ਪ੍ਰਕਾਰ ਦੀ ਬੇਨਤੀ ਵਿਚ ਮਾਤਾ ਅਜੇਹੀ ਲੀਨ ਹੋਈ ਕਿ ਪੂਰਬੋਤਰੀ ਪੌਣ, ਜੋ ਹੁਣ ਵਡੇ ਵੇਗ ਨਾਲ ਵਗ ਰਹੀ ਸੀ ਅਰ ਉਸ ਬੁਰਜ ਦੇ ਬੂਹਿਆਂ ਥਾਣੀਂ ਸਭ ਕੁਛ ਲੁਟਾ ਬੈਠੀ ਬ੍ਰਿਧ ਮਾਤਾ ਦੇ ਸਰੀਰ ਦੀ ਗਰਮੀ ਨੂੰ ਲੁੱਟਣ ਲਈ ਹੱਲੇ ਕਰਕੇ ਆ ਰਹੀ ਸੀ, ਕੁਝ ਡਾਢੀ ਨਾ ਭਾਸੀ, ਸੱਚ ਹੈ:-

**ਜਾਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥**
**ਲਾਗੂ ਹੋਇ ਦੁਸਮਨਾ ਸਾਕ ਭਿ ਭਜਿ ਖਲੇ ॥**
**ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥**
**ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥**(ਅੰਗ੭੦)

ਮਹਾਂ ਸਿਆਲੇ ਦੀ ਕੱਕਰੀ ਤੇ ਅਪਦਾ ਬਿਪਤਾ ਦੀ ਦੁੱਖ ਭਰੀ ਰਾਤ ਪੱਛੋਂ ਨੂੰ



ਤੁਰ ਪਈ । ਪੂਰਬ ਦਿਸ਼ਾ ਵਲੋਂ ਪੀਲਾ ਪੀਲਾ ਸੂਰਜ ਸੁਨਹਿਰੀ ਤੇ ਗਰਮਾ ਗਰਮ ਕਿਰਨਾਂ ਦੇ ਬਾਣ ਮਾਰਦਾ ਠਰੇ ਪਦਾਰਥਾਂ ਨੂੰ ਤਪਤ ਕਰਨ ਦਾ ਜਤਨ ਕਰਦਾ ਚੜ੍ਹਿਆ। ਸਾਡੀ ਮਾਤਾ ਜੀ ਦੇ ਬੁਰਜ ਵਿੱਚ ਵੀ ਧੁੱਪ ਆਈ, ਪਰ ਠੰਢੀ ਪੌਣ ਵਗਦੀ ਹੀ ਰਹੀ ।

ਜ਼ੋਰਾਵਰ ਸਿੰਘ ਜੀ ਉੱਠਕੇ ਬੁਰਜ ਦੇ ਬੂਹਿਆਂ ਥਾਣੀਂ ਹੇਠਾਂ ਦੇਖਣ ਲੱਗੇ, ਦੇਖ ਕੇ ਆਖਣ ਲੱਗੇ: ''ਮਾਤਾ ਜੀ! ਜੇਕਰ ਜਤਨ ਕਰੀਏ ਤਦ ਇਧਰੋਂ ਨਿਕਲ ਹੀ ਚਲੀਏ,'' ਮਾਤਾ ਬੋਲੀ, ''ਬੀਬੋ ਜੀਓ! ਅਗੇ ਹੇਠਾਂ ਖਾਈ ਜਿਹੀ ਜਾਪਦੀ ਹੈ, ਹਰ ਥਾਂ ਤੁਰਕ ਸਿਪਾਹੀ ਖੜੇ ਹਨ। ਪਿਤਾ ਜੀ ਤੁਹਾਡੇ ਦਾ ਕੁਝ ਪਤਾ ਨਹੀਂ ਕਿਥੇ ਹਨ, ਭਰਾਵਾਂ, ਮਾਤਾ ਦਾ ਕੋਈ ਥਹੁ ਨਹੀਂ, ਮੇਰੀਆਂ ਅੱਖਾਂ ਲਈ ਹੁਣ ਹਰ ਪਾਸੇ ਬੀਆਬਾਨ ਤੇ ਜੰਗਲ ਹਨ; ਹਾਂ, ਜਦ ਸੁਰਤਿ ਹੰਭਲਾ ਮਾਰਦੀ ਹੈ ਤੇ ਮਨ ਪਰਮੇਸ਼ੁਰ ਦੇ ਧਿਆਨ ਵਿੱਚ ਲੱਗਦਾ ਹੈ, ਤਦ ਉਸ ਦੀਨਾ ਬੰਧੂ ਦੇ ਸਹਾਰੇ ਟਿਕਦਾ ਹੈ ਜਾਂ ਹੁਣ ਤੁਸੀਂ ਬੁੱਢੀ ਦੀ ਡੰਗੋਰੀ ਦ੍ਰਿਸ਼ਟੀ ਆਉਂਦੇ ਹੋ:-

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥ (ਅੰਗ ੧੪੨੯)

ਇੰਨੇ ਨੂੰ ਮੋਰੰਡੇ ਵਾਲਾ ਰੰਘੜ ਸਾਹਮਣੇ ਆ ਖੜੋਤਾ ਅਰ ਆਖਣ ਲੱਗਾ: ''ਮਾਤਾ! ਇਨ੍ਹਾਂ ਬੱਚਿਆਂ ਨੂੰ ਜ਼ਰਾ ਭੇਜੋ''।

ਮਾਤਾ—ਇਨ੍ਹਾਂ ਨੂੰ ਕੀ ਕਰੋਗੇ?

ਰੰਘੜ—ਮਾਈ ਜੀ! ਸਰਹਿੰਦ ਦੇ ਨਵਾਬ ਵਜ਼ੀਰ ਖਾਂ ਦਾ ਦਰਬਾਰ ਲੱਗਾ ਹੋਇਆ ਹੈ ਅਰ ਉਹ ਤੁਹਾਡੇ ਬੱਚਿਆਂ ਨੂੰ ਦੇਖਣਾ ਚਾਹੁੰਦਾ ਹੈ ।

ਮਾਤਾ—ਨਵਾਬ ਨੂੰ ਆਖੋ ਕਿ ਇਨ੍ਹਾਂ ਮਸੂਮਾਂ ਥੋਂ ਕੀ ਲੈਣਾ ਸੂ?

ਰੰਘੜ ਮੁੜ ਗਿਆ, ਪਰ ਫੇਰ ਝੱਟ ਆ ਗਿਆ ਅਰ ਆਖਣ ਲੱਗਾ ਕਿ: ''ਨਵਾਬ ਆਖਦਾ ਹੈ: 'ਤੁਸੀਂ ਨਾ ਡਰੋ, ਇਨ੍ਹਾਂ ਦਾ ਵਾਲ ਵਿੰਗਾ ਨਹੀਂ ਹੋਵੇਗਾ' ਨਿਰੀ ਇਨ੍ਹਾਂ ਦੀ ਮੁਲਾਕਾਤ ਕਰਨੀ ਚਾਹੁੰਦਾ ਹੈ । ਤੁਸੀਂ ਕੁਝ ਤੌਖਲਾ ਨਾ ਕਰੋ, ਮੇਰਾ ਜ਼ਿੰਮਾ ਆਯਾ ਮੈਂ ਤੁਹਾਨੂੰ ਜਿਉਂ ਕੇ ਤਿਉਂ ਲਿਆ ਦਿਆਂਗਾ ।''

ਮਾਤਾ ਨੂੰ ਇਨ੍ਹਾਂ ਬਚਨਾਂ ਉੱਤੇ ਕੁਝ ਵਿਸ਼ਵਾਸ ਨਹੀਂ ਸੀ। ਜਿਉਂ ਜਿਉਂ ਉਹ ਮਿੱਠੀਆਂ ਗੱਲਾਂ ਕਰੇ ਮਾਤਾ ਪੋਤ੍ਰਿਆਂ ਨੂੰ ਹੋਰ ਘੁੱਟਦੀ ਜਾਵੇ ।

ਇਸ ਵੇਲੇ ਮਾਤਾ ਗੁਜਰੀ ਜੀ ਅੱਗੇ ਕੇਡੀ ਮੁਸ਼ਕਲ ਹੈ, ਕਿਸ ਤਰ੍ਹਾਂ ਮਸੂਮ ਬੱਚਿਆਂ ਨੂੰ ਵੈਰੀਆਂ ਦੇ ਹੱਥੋਂ ਬਚਾਵੇ ਤੇ ਕੀਕੁਰ ਨਾ ਬਚਾਵੇ ? ਜਾਣਦੀ ਹੈ, ਪਰ ਫੇਰ ਬੱਚੇ ਪਾਪੀ ਦੇ ਹੱਥ ਫੜਾਉਂਦੀ ਹੈ? ਨਹੀਂ ਨਹੀਂ, ਭਾਰਤ ਭੂਮੀ ਦੇ ਪਾਪਾਂ ਬਦਲੇ ਭੇਟਾ ਹੋਣ ਲਈ ਆਪਣੇ ਲਾਲ ਦੁਲਾਰੇ ਜਗਵੇਦੀ ਨੂੰ ਘੱਲਦੀ ਹੈ ।

ਬੱਚੇ ਨਿਡਰ ਹਨ, ਝਿਜਕ ਨਹੀਂ ਰਹੇ। ਮਾਤਾ ਨੇ ਮਿਲ ਮਿਲ ਕੇ ਪਯਾਰ ਦੇ ਦੇ ਕੇ ਤੋਰਿਆ, ਤੁਰਨ ਵੇਲੇ ਕੰਨਾਂ ਵਿਚ ਮਾਤਾ ਨੇ ਕੁਝ ਕਿਹਾ, ਉਹ ਮੰਤ੍ਰ ਸੀ ਧਰਮ ਵਿਚ ਦ੍ਰਿੜ੍ਹਤਾ ਦਾ। ਮਾਤਾ ਬਾਹਰ ਦੇਖਣ ਖੜੋਤੀ, ਪਉੜੀਆਂ ਉਤਰ ਰਹੇ ਹਨ ਕਲਗੀਆਂ ਵਾਲੇ ਦੇ ਨੌਨਿਹਾਲ। ਤੇੜ ਗੋਡਿਆਂ ਵਾਲੀਆਂ ਕੱਛਾਂ, ਗਲ ਚੁਸਤ

ਕੁੜਤੇ ਤੇ ਅੰਗ ਰੱਖੇ, ਲੱਕ ਨਾਲ ਰੇਸ਼ਮੀ ਪਟਕੇ ਤੇ ਅਪਣੇ ਮੇਲ ਦੀਆਂ ਕ੍ਰਿਪਾਨਾਂ, ਸਿਰ 'ਤੇ ਸਿੱਧੀਆਂ ਪੱਗਾਂ ਤੇ ਉੱਪਰ ਦੁਪੱਟੇ । ਨਵਯੋਬਨੇ, ਸਰੂ ਵਰਗੇ ਕੱਦ, ਡੀਲ ਡੌਲ ਸਭ ਮਾਨੋਂ ਸੱਚੇ ਦੀ ਢਲੀ ਹੋਈ। ਚਿਹਰੇ ਗੋਰੇ ਗੋਰੇ ਜਿੱਕੁਰ ਚੰਦ ਦੇ ਟੁਕੜੇ ਹੁੰਦੇ ਹਨ, ਮੁਹਾਂਦਰਾ ਮਨਮੋਹਨ, ਮਾਨੋਂ ਕੋਈ ਦੇਵਤੇ ਇਸ ਜਗਤ ਵਿਚ ਆ ਗਏ ਹਨ। ਸਾਹਿਬਜ਼ਾਦੇ ਕਿਸ ਹੌਂਸਲੇ ਨਾਲ ਜਾ ਰਹੇ ਹਨ, ਮਾਤਾ ਖੜੋਤੀ ਦੇਖ ਰਹੀ ਹੈ, ਔਹ ਕਚਹਿਰੀ ਦੇ ਉਹਲੇ ਭੌਂ ਗਏ । ਬੈਠ ਜਾਹ ਪਿਆਰੀ ਮਾਤਾ! ਤੇਰੇ ਲਾਲ ਤੇਰੀਆਂ ਅੱਖਾਂ ਥੋਂ ਉਹਲੇ ਹੋ ਗਏ ।

ਦਰਬਾਰ ਲੱਗਾ ਹੋਯਾ ਸੀ, ਵੱਡੇ ਵੱਡੇ ਹਿੰਦੂ ਤੇ ਮੁਸਲਮਾਨ ਰਈਸ ਬੈਠੇ ਸਨ, ਨਵਾਬ ਵਜ਼ੀਰ ਖਾਂ-ਮੋਟਾ, ਚਿਹਰੇ ਪੁਰ ਸੀਤਲਾ ਦੇ ਦਾਗ, ਅੱਖਾਂ ਹਾਥੀ ਵਾਂਗ ਨਿੱਕੀਆਂ ਨਿੱਕੀਆਂ-ਵਿਚਾਲੇ ਸਜ ਰਿਹਾ ਸੀ । ਸ਼ੇਰ ਦਿਲ ਬੱਚੇ ਬੇਧੜਕ ਜਾ ਖੜੇ ਹੋਏ। ਮੋਰੰਡੇ ਵਾਲੇ ਰੰਘੜ ਨੇ ਕਿਹਾ, ਬਰਖ਼ੁਰਦਾਰੋ! ਤਖ਼ਤ ਪਰ ਸਰਹਿੰਦ ਦੇ ਨਵਾਬ ਸਾਹਿਬ ਬਿਰਾਜਮਾਨ ਹਨ, ਇਨ੍ਹਾਂ ਨੂੰ ਝੁਕ ਕੇ ਸਲਾਮ ਕਰੋ ।

ਜ਼ੋਰਾਵਰ ਸਿੰਘ—ਗੁਰੂ ਪਰਮੇਸ਼ਰ ਤੋਂ ਬਿਨਾਂ ਕਿਸੇ ਅੱਗੇ ਨਹੀਂ ਝੁਕੀਦਾ!

ਇਹ ਦਲੇਰੀ ਦੀ ਗੱਲ ਸੁਣਕੇ ਸਾਰੇ ਹੈਰਾਨ ਹੋ ਗਏ। ਨਵਾਬ ਕੁਛ ਹਿਚਕਿਚਾਇਆ, ਪਰ ਕੁਝ ਕੁ ਸਤਿਕਾਰ ਬੀ ਦਿਲ ਵਿਚ ਉਪਜਿਆ । ਮੋਰੰਡੇ ਵਾਲੇ ਨੇ ਕਿਹਾ: "ਦੇਖੋ ਕੁਛ ਦਿਨ ਹੋਏ ਕਿ ਤੁਹਾਡਾ ਪਿਤਾ ਚਮਕੌਰ ਵਿਚ ਸਾਰੇ ਸਾਥੀਆਂ ਸਣੇ ਫੜਿਆ ਗਿਆ ਅਰ ਮਾਰਿਆ ਗਿਆ ਹੈ। ਤੁਸੀਂ ਉਸਦੇ ਬੱਚੇ ਬਚ ਰਹੇ ਹੋ, ਅਰ ਸ਼ੁਕਰ ਹੈ ਕਿ ਇਸਲਾਮੀ ਦਰਬਾਰ ਵਿਚ ਅੱਪੜ ਪਏ ਹੋ, ਤੁਹਾਡੇ ਕਰਮ ਵਡੇ ਉਤਮ ਹਨ। ਨਵਾਬ ਸਾਹਿਬ ਕਿਤਨੇ ਮਿਹਰਬਾਨ ਹਨ ਤੁਸਾਂ ਉਤੇ।"

ਜ਼ੋਰਾਵਾਰ ਸਿੰਘ—ਸਾਡੇ ਪਿਤਾ ਜੀ ਜੀਉਂਦੇ ਹਨ, ਸਾਡੇ ਭਾਗ ਸਦਾ ਹੀ ਉੱਤਮ ਹਨ।

ਵਜ਼ੀਰ ਖਾਂ ਤੇ ਉਸਦੇ ਸਲਾਹਗੀਰ ਪਹਿਲੋਂ ਏਹੋ ਗੁਪਤ ਵਿਚਾਰ ਕਰ ਚੁਕੇ ਸੇ ਕਿ ਬਚਿਆਂ ਨੂੰ ਮੁਸਲਮਾਨ ਕਰ ਲੈਣਾ ਮਾਰ ਦੇਣ ਨਾਲੋਂ ਵਡੇਰੀ ਜਿੱਤ ਹੈ। ਇਸ ਲਈ ਪਾਸ ਸੱਦ ਕੇ ਤੇ ਮਿਹਰਬਾਨ ਸੁਰ ਬਣਾ ਕੇ ਬੋਲਿਆ: **"ਬੱਚਿਓ-ਦੇਖੋ, ਤੁਹਾਡਾ ਵਾਲੀ ਵਾਰਸ ਹੁਣ ਕੋਈ ਨਹੀਂ, ਤੁਹਾਡੇ ਪੁਰ ਮੈਨੂੰ ਵੱਡਾ ਤਰਸ ਆਇਆ ਹੈ, ਚਾਹੀਦਾ ਤਾਂ ਇਹ ਸੀ ਕਿ ਦੋਵੇਂ ਮਾਰ ਦਿੱਤੇ ਜਾਓ, ਪਰ ਨਹੀਂ, ਤੁਹਾਡੀ ਉਮਰ ਪੁਰ ਤਰਸ ਆਉਂਦਾ ਹੈ, ਤੁਸੀਂ ਜੀਉਂਦੇ ਰਹੋ ਤੇ ਵਡੇ ਨਵਾਬ ਬਣੋ ਤੇ ਸੁਖ ਭੋਗੋ, ਬੱਸ ਇੰਨੀ ਗੱਲ ਮੰਨ ਲਓ ਕਿ ਸਾਡੇ ਦੀਨ ਵਿਚ ਆ ਜਾਓ। ਫੇਰ ਤੁਸਾਂ ਦੀ ਵਾ ਵਲ ਕੋਈ ਨਹੀਂ ਤੱਕੇਗਾ । ਤੁਸੀਂ ਵੱਡੇ ਖਾਨ-ਬਹਾਦਰ ਕਿ ਨਵਾਬ ਹੋ ਜਾਓਗੇ, ਐਸ਼ ਤੇ ਸੁਖ ਦੀ ਉਮਰ ਗੁਜ਼ਾਰੋਗੇ, ਦੀਨ ਦੁਨੀਆਂ ਦਾ ਸੁਖ ਪਾਓਗੇ।" ਪਰ ਸਾਹਿਬਜ਼ਾਦੇ ਸਿਰ ਹੀ ਫੇਰਦੇ ਰਹੇ। ਨਵਾਬ ਨੇ ਬਾਲਕ ਵਿਦਾ ਕੀਤੇ ਤੇ ਕਿਹਾ ਕਿ: "ਬਰਖੁਰਦਾਰੋ ਹੋਰ ਸੋਚ ਲਓ, ਇਕ ਪਾਸੇ ਤਾਂ ਮੌਤ ਹੈ ਇਸ ਛੋਟੀ ਉਮਰੇ, ਦੂਜੇ ਪਾਸੇ ਤੁਸਾਂ ਲਈ ਸੁਖ ਹੀ ਸੁਖ ਹੈ। ਬੱਚੇ ਨਾ ਬਣੋ, ਸਿਆਣਪ ਕਰੋ ਤੇ ਸੁਖ ਦਾ ਰਸਤਾ ਇਖ਼ਤਯਾਰ ਕਰੋ। ਜਾਓ ਬੀਬੇ ਰਾਣੇ ਸੋਚ ਕਰ ਲਓ।"**

ਜਾਪਦਾ ਹੈ ਕਿ ਅਗਲੇ ਦਿਨ ਫੇਰ ਸਭਾ ਵਿੱਚ ਬੁਲਾਏ ਗਏ ਤੇ ਫੇਰ



ਪ੍ਰੇਰਨਾ ਹੋਈ ਤੇ ਕਿਹਾ ਗਿਆ ਕਿ: "ਤੁਸੀਂ ਜੋ ਇਸਲਾਮ ਵਿੱਚ ਆ ਜਾਓ ਤਾਂ ਪਾਤਸ਼ਾਹ ਤਕ ਪਹੁੰਚ ਕਰਾ ਦਿਆਂਗੇ, ਪਾਤਸ਼ਾਹ ਤੁਸਾਨੂੰ ਪਜਾਰ ਕਰੇਗਾ ਅਤੇ ਆਪਣੇ ਪਾਸ ਰਖ ਲਏਗਾ, ਬੇਟਿਆਂ ਵਾਂਙੂ ਪਾਲੇਗਾ। ਹੋ ਸਕਦਾ ਹੈ ਆਪਣੀ ਕਾਕੀ ਨਾਲ ਵਿਆਹ ਕਰਕੇ ਸੂਬੇਦਾਰ ਬਣਾ ਦੇਵੇ, ਯਥਾ:-

ਤੁਮੈ ਸ਼ਾਹ ਕੋ ਮੇਲ ਕਰਾਵੈਂ। ਬਹੁ ਦੇਸਨ ਕੋ ਰਾਜ ਦਿਵਾਵੈਂ।
ਪਟ ਭੂਖਨ ਤੁਮ ਅਨਗਨ ਦੈ ਹੈਂ। ਦੁਖਤਰ ਸਹਿਤ ਸੂਬ ਤੁਮ ਕੈ ਹੈਂ।
(ਗੁ: ਬਿ: ਮ: ਸਿੰਘ)

ਇਹੋ ਜਿਹੀਆਂ ਫੁਲਾਹੁਣੀਆਂ ਸੁਣ ਕੇ ਜ਼ੋਰਾਵਰ ਸਿੰਘ ਨੇ ਛੋਟੇ ਭਰਾ ਵੱਲ ਇਕ ਅਸਚਰਜ ਤੇ ਪ੍ਰੇਮ ਭਰੀ ਨਜ਼ਰ ਨਾਲ ਦੇਖਿਆ ਅਰ ਹੌਲੇ ਜਿਹੇ ਕਿਹਾ, "ਦੱਸੋ ਭਰਾ ਜੀ! ਇਹ ਕੀ ਆਂਹਦੇ ਹਨ?" ਧੁਰਿ ਤੋਂ ਆਏ, ਜਗਤ ਗੁਰੂ ਜੀ ਦੀ ਅੰਸ਼, ਯੋਗੀ ਜਨਨੀ ਦੇ ਜਾਏ, ਦੇਵਤਾ ਰੂਪ ਮਾਤਾ ਦੇ ਸਿਖਾਏ ਪੜ੍ਹਾਏ, ਦਾਦੇ ਗੁਰੂ ਜੀ ਦੀ ਰੱਬੀਅਤ ਤੋਂ ਜਾਣੂ ਤੇ ਆਪਾ ਵਾਰਨ ਤੋਂ ਵਾਕਬ, ਸਾਹਿਬਜ਼ਾਦੇ ਫਤੇ ਸਿੰਘ ਨੇ ਭਰਾ ਨੂੰ ਉੱਤਰ ਦਿੱਤਾ: "ਭਰਾ ਜੀ! ਚੱਲੋ ਇਸ ਜਗਤ ਥੋਂ ਕੂਚ ਕਰੀਏ। ਅਸੀਂ, ਹੈਂ, ਗੁਰੂ ਨਾਨਕ ਦੇਵ ਜੀ ਦੇ ਸੱਤ ਧਰਮ ਨੂੰ ਤਿਆਗ ਕੇ ਨਾਸ਼ ਹੋਣ ਵਾਲੇ ਸੁੱਖਾਂ ਲਈ ਮਲੇਸ਼ ਬਣੀਏਂ? ਪਿਉ, ਦਾਦੇ, ਪੜਦਾਦੇ ਦੇ ਨਾਂ ਨੂੰ ਵੱਟਾ ਲਾਈਏ? ਕਦੀ ਨਹੀਂ, ਸਮਾਂ ਆ ਪੁੱਜਾ ਹੈ। ਦਾਦਾ ਜੀ ਵਾਂਙੂੰ ਸੀਸ ਦੇਈਏ ਪਰ ਧਰਮ ਨਾ ਦੇਈਏ।"

ਇਹ ਉੱਤਰ ਭਾਵੇਂ ਹੌਲੇ ਜਿਹੇ ਕਿਹਾ ਗਿਆ ਸੀ, ਪਰ ਦਰਬਾਰ ਵਿਚ ਇੱਕ ਚੁੱਪ ਵਰਤੀ ਹੋਈ ਸੀ, ਸਭ ਨੇ ਸੁਣ ਲੀਤਾ ਪਰ ਆਪੋ ਵਿਚ ਅਸਚਰਜ ਹੋਏ ਹੋਏ ਅੱਖਾਂ ਮਾਰਨ ਲੱਗੇ।

ਹੁਣ ਜ਼ੋਰਾਵਰ ਸਿੰਘ ਨੇ ਉਚੀ ਜਿਹੀ ਕਿਹਾ:-"ਅਸੀਂ ਆਪਣਾ ਦੀਨ ਗੁਆਉਣ ਨੂੰ ਤਯਾਰ ਨਹੀਂ ਹਾਂ, ਨਾ ਸੁਰਗ ਦੀ ਲੋੜ ਹੈ, ਨਾ ਦੁਨੀਆਂ ਦੀ ਸਰਦਾਰੀ ਦੀ। ਅਸੀਂ ਧਰਮ ਆਪਣੇ 'ਤੇ ਖੜੇ ਹਾਂ।"

**ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ ॥**
**ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ॥੧੩॥ (੧੩੬੫)**

ਵਜ਼ੀਰ ਖਾਂ ਕਹਿਰਵਾਨ ਹੋ ਕੇ ਬੋਲਿਆ:- "ਅਗਰ ਨਹੀਂ ਮਾਨੋਗੇ ਤੇ ਜਾਨ ਸੇ ਮਾਰੇ ਜਾਓਗੇ"। ਸੁੱਚਾ ਨੰਦ ਨੇ ਕੋਲੋਂ ਸੁਰ ਭਰੀ; "ਹਾਂ ਹਾਂ! ਠੀਕ ਹੈ, ਸੱਪ ਦੇ ਬੱਚੇ ਜੰਮਦੇ ਹੀ ਮਾਰਨੇ ਚਾਹੀਏ"।

ਜ਼ੋਰਾਵਰ ਸਿੰਘ ਨੇ ਉੱਤਰ ਦਿੱਤਾ, "ਕੁਛ ਪਰਵਾਹ ਨਹੀਂ, ਮੌਤ ਇਕ ਦਿਨ ਜ਼ਰੂਰ ਆਵੇਗੀ, ਫੇਰ ਅੱਜ ਆ ਜਾਊ ਤਦ ਕੀ ਬੁਰਾ ਹੋਊ? ਅਸੀਂ ਮਰਨੇ ਨੂੰ ਤਿਆਰ ਹਾਂ, ਪਰ ਧਰਮ ਤਿਆਗਣ ਨੂੰ ਨਹੀਂ।"

**ਫਤੇ ਸਿੰਘ—ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥**
**ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥(ਅੰ:੧੩੬੫)**

(ਸੁਚਾਨੰਦ ਵਲ ਮੂੰਹ ਕਰਕੇ) "ਮੌਤ ਤੋਂ ਉਹ ਡਰੇ ਜੋ ਸਿਰਜਣਹਾਰ ਥੋਂ ਵਿਛੁੜਿਆ ਹੋਵੇ।"

ਹੁਣ ਸਾਰੇ ਦਰਬਾਰ ਵਿਚ ਖਿਲਬਿਲੀ ਮਚ ਗਈ, ਵੱਡੇ ਵੱਡੇ ਤੇ ਬੁੱਢੇ ਸਰਦਾਰ ਉਂਗਲਾਂ ਟੁੱਕ ਟੁੱਕ ਕੇ ਰਹਿ ਗਏ ਕਿ ਇਹ ਬਾਲ ਹਨ ਕਿ ਕੋਈ ਫ਼ਰਿਸ਼ਤੇ ਹਨ? ਦੁਸ਼ਟ ਮਨਾਂ ਵਾਲਿਆਂ ਨੂੰ ਬੱਚਿਆਂ ਦੀ ਦ੍ਰਿੜ੍ਹਤਾ ਦੇਖ ਕੇ ਅਤਿ ਪੀੜਾ ਹੋਈ। ਕਈ ਕਹਿਣ-ਜਿਸਦੇ ਮਸੂਮ ਬੱਚੇ ਇਸ ਹੌਂਸਲੇ ਵਾਲੇ ਹਨ, ਉਹ ਆਪ ਕਦੇ ਵੀ ਮਾਮੂਲੀ ਮਨੁੱਖ ਨਹੀਂ ਹੋ ਸਕਦਾ । ਇਸ ਪ੍ਰਕਾਰ ਦੇ ਖ਼ਿਆਲਾਂ ਵਿਚ ਕੁਝ ਚਿਰ ਰਹਿਕੇ ਸਾਰੇ ਦਰਬਾਰ ਵਿਚ ਚੁਪ ਛਾ ਗਈ। ਨਵਾਬ ਨੇ ਮੁਖੀ ਪੁਰਖਾਂ ਵੱਲ ਸੈਨਤ ਕੀਤੀ, ਪਰ ਸਭ ਦਾ ਜੁਵਾਬ ਚੁਪ ਹੀ ਪਾਇਆ। ਹਾਂ, ਸੁੱਚਾਨੰਦ ਨੇ ਦਲੇਰ ਹੋ ਕੇ ਕਿਹਾ:- "ਡਿੱਠਾ ਜੇ, ਜਿਨ੍ਹਾਂ ਦਾ ਬਚਪਨ ਵਿੱਚ ਇਹ ਹਾਲ ਹੈ ਓਹ ਵੱਡੇ ਹੋ ਕੇ ਕਦ ਘੱਟ ਕਰਨਗੇ? ਇਕ ਪਿਉ ਇਨ੍ਹਾਂ ਦਾ ਨਹੀਂ ਮਾਣ, ਜੇਕਰ ਏਹ ਦੋ ਵੱਡੇ ਹੋ ਗਏ ਤਾਂ ਖ਼ਬਰੇ ਕੀ ਹਨੇਰ ਮਾਰਨਗੇ? ਏਹ ਜੀਊਂਦੇ ਛੱਡਣੇ ਜੋਗ ਨਹੀਂ"। ਨਵਾਬ ਨੇ ਸ਼ੇਰ ਮੁਹੰਮਦ ਮਲੇਰ ਕੋਟਲੇ ਵਾਲੇ ਵਲ ਤੱਕਿਆ ਤੇ ਕਿਹਾ "ਏਹ ਤੇਰੇ ਭਰਾ ਦੇ ਕਾਤਲ ਦੇ ਬੇਟੇ ਹਨ!" ਮਲੇਰ ਕੋਟਲੇ ਦੇ ਨਵਾਬ ਨੇ ਉਤਰ ਦਿੱਤਾ: "ਬੇਸ਼ੱਕ ਸੱਚ ਹੈ, ਪਰ ਮਾਸੂਮ ਬੱਚਿਆਂ ਪੁਰ ਹੱਥ ਉਠਾਉਣਾ ਕਾਇਰਪੁਣਾ ਹੈ। ਇਨ੍ਹਾਂ ਨੇ ਸਾਡਾ ਕੁਝ ਨਹੀਂ ਵਿਗਾੜਿਆ, ਇਨ੍ਹਾਂ ਨੂੰ ਛੱਡ ਦੇਣਾ ਯੋਗ ਹੈ। ਇਨ੍ਹਾਂ ਬੱਚਿਆਂ 'ਤੇ ਹੱਥ ਚੁੱਕਣਾ ਇਸਲਾਮ ਨੂੰ ਕਾਲਾ ਕਰਨਾ ਹੈ। ਮਾਸੂਮਾਂ ਦਾ ਕਤਲ ਕਿਸੇ ਸ਼ਰਆ ਵਿਚ ਰਵਾ ਨਹੀਂ, ਮੇਰੇ ਭਰਾ ਜੰਗ ਵਿਚ ਮਾਰੇ ਗਏ ਸਨ ਉਸਦਾ ਬਦਲਾ ਮੈਂ ਜੰਗ ਵਿੱਚ ਹੀ ਲੈ ਸਕਦਾ ਹਾਂ, ਸਰਦ ਖ਼ੂਨੀ ਦੀ ਬੇਰਹਿਮੀ ਵਿਚ ਨਹੀਂ ਲੈ ਸਕਦਾ।" ਪਰ ਆਹ ! ਕੱਚੇ ਕੁਸ਼ਾਮਤੀ ਬੋਲ ਉੱਠੇ, "ਨਹੀਂ ਗਰਦਨ ਜ਼ਦਨੀ ਦੇ ਲਾਇਕ ਹਨ"।

ਨਵਾਬ ਨੇ ਫੇਰ ਇੱਕ ਵੇਰ ਬੱਚਿਆਂ ਨੂੰ ਭਰਮਾਉਣ ਦਾ ਯਤਨ ਕੀਤਾ, ਪਰ ਸੂਰਬੀਰਾਂ ਨੇ ਇਹੋ ਉੱਤਰ ਦਿੱਤਾ ਕਿ ਅਸੀਂ ਸੱਤ ਧਰਮ ਨੂੰ ਛੱਡ ਕੇ ਅਸੱਤਿ ਨਹੀਂ ਗ੍ਰਹਿਣ ਕਰਾਂਗੇ।

## ਸਾਕਾ

ਗੁ. ਬਿ. ਮਨੀ. ਸਿੰਘ ਦੇ ਮੁਤਾਲਿਆ ਤੋਂ ਖ਼ਯਾਲ ਪੈਂਦਾ ਹੈ ਕਿ ਪਹਿਲੇ ਤ੍ਰੈ ਕੁ ਦਿਨ ਤਾਂ ਬੱਚਿਆਂ ਨੂੰ ਲੋਭ ਲਾਲਚ ਦੀ ਪ੍ਰੇਰਨਾ ਕੀਤੀ ਜਾਂਦੀ ਰਹੀ ਹੈ। ਅਜ ਦੀ ਬੱਚਿਆਂ ਦੀ ਦਲੇਰੀ ਤੇ ਕਰੜੇ ਜੁਵਾਬਾਂ ਨੇ ਪਾਸਾ ਪਰਤਿਆ ਤੇ ਹੁਣ ਡਰ ਪੀੜਾ ਦੇਕੇ ਪ੍ਰੇਰਨ ਦਾ ਯਤਨ ਕੀਤਾ ਜਾਣ ਦਾ ਦਾਰੂ ਵਰਤੀਣ ਲਗਾ । ਚੁਨਾਂਚਿ ਓਥੇ ਲਿਖਿਆ ਹੈ ਕਿ ਆਪ ਸ੍ਰੀ ਦਾਦੀ ਜੀ ਤੋਂ ਵਿਛੋੜੇ ਗਏ, ਹਥਾਂ ਵਿਚ ਜ਼ੰਜੀਰ ਤੇ ਪੈਰੀਂ ਬੇੜੀਆਂ ਐਸੀਆਂ ਪਾਈਆਂ ਕਿ ਲਾਸਾਂ ਪੈ ਗਈਆਂ, ਭੁੱਖੇ ਬੀ ਰਖੇ ਗਏ ਤੇ ਤ੍ਰੇਹ ਦਾ ਦੁਖ ਬੀ ਦਿਤਾ ਗਿਆ। ਬੰਦ ਬੰਦ ਕੱਟਨ ਦਾ ਡਰਾਵਾ ਬੀ ਦਿਤਾ ਗਿਆ। ਗਲ ਕੀ ਕਈ ਤਾੜਨਾ ਕੀਤੀਆਂ, ਯਥਾ-'**ਤਹਿਂ ਤੁਰਕ ਤਾਰਨ ਬਹੁ ਕਰੈਂ**'। ਪਰ ਉਨ੍ਹਾਂ 'ਤੇ ਅਸਰ ਨਹੀਂ ਹੋਇਆ। ਦੋ ਚਾਰ ਦਿਨ ਮਗਰੋਂ ਤਸੀਹੇ ਦੇ ਦੇ ਕੇ ਫੇਰ ਦਰਬਾਰ ਵਿੱਚ ਆਂਦੇ ਗਏ। ਇਕ ਪਾਸੇ ਭਯਾਨਕ ਡਰ, ਦੂਜੇ ਪਾਸੇ ਬੜੇ-ਬੜੇ ਲਾਲਚ ਦਿੱਤੇ ਗਏ, ਅੰਤ ਕੰਧ ਵਿਚ ਚਿਣ ਦੇਣ ਦਾ ਡਰ ਦਿੱਤਾ। ਡਰ ਦਿੱਤਾ ਹੀ ਨਹੀਂ, ਸਚ ਮੁਚ ਇੱਟਾਂ ਗਾਰਾ ਮੰਗਾ ਕੇ ਚਿਣ ਦਿੱਤਾ, ਪਰ ਓਹ ਕੰਧ ਤਤ ਫਟ ਢਹਿ ਪਈ। ਜਦ ਬੱਚੇ ਫੇਰ ਸਾਵਧਾਨ ਹੋਏ ਤੇ ਨਾ ਮੰਨੇ ਤਾਂ ਨਵਾਬ ਨੇ ਉਨ੍ਹਾਂ ਦੇ ਕਤਲ ਦਾ ਹੁਕਮ ਦੇ ਦਿੱਤਾ। ਸੂਰਜ ਪ੍ਰਕਾਸ਼ ਵਿੱਚ ਇੰਵ ਲਿਖਿਆ ਹੈ—



**ਪਾਪੀ ਨਿਰਦਯਾਲੂ ਮਤਿ ਮੰਦ। ਗਹਿ ਖੈਂਚੀ ਸ਼ਮਸ਼ੇਰ ਬਿਲੰਦ।**
**ਧੀਰਜ ਧਰੇ ਗੁਰੂ ਸੁਤ ਖਰੇ। ਨਹੀਂ ਦੀਨ ਮਨ ਕੈਸਿਹੁਂ ਕਰੇ॥੯॥**
**ਧਰਮ ਹੇਤ ਸਿਰ ਚਾਹਤਿ ਦੀਯੋ। ਤੁਰਕਨਿ ਜਰਾਂ ਬਿਨਾਸ਼ੀ ਕੀਯੋ।**
**ਸਿਮਰਹਿਂ ਬਾਤ ਪਿਤਾਮੇ ਕੇਰੀ। ਲਾਜ ਬੰਸ ਕੀ ਚਹੈਂ ਬਡੇਰੀ॥੧੦॥**
**ਅਧਰਮ ਤਬੈ ਤਰਵਾਰ ਚਲਾਈ। ... ... ਹਾਹਾ ਕਾਰ ਜਹਾਂ ਕਹਿਂ ਭਯੋ। ਜੈ ਜੈ ਸ਼ਬਦ ਸੁਰਨਿ ਮਹਿਂ ਥਿਯੋ। ਧੰਨ ਗੁਰੂ ਸੁਤ ਧੀਰਜ ਧਾਰੀ। ਧਰਮ ਹੇਤ ਸਿਰ ਦਯੋ ਉਤਾਰੀ ॥੧੨॥**

ਹੁਣ ਅਪਣੇ ਕੀਤੇ ਪਾਪ ਦੀ ਫਿਟਕਾਰ ਨਵਾਬ ਦੇ ਮਨ ਪੁਰ ਸਵਾਰ ਹੋਈ, ਹਿਰਦੇ ਵਿਚ ਕੰਬਦਾ ਤੇ ਥ਼ਰਾਉਂਦਾ ਮਹਿਲਾਂ ਨੂੰ ਚਲਾ ਗਿਆ। ਇਧਰ ਭਾਰਤ ਭੂਮੀ ਵਿਚ ਪ੍ਰਗਟੇ ਰੱਬੀ ਜੋਤਿ ਦੇ ਚੰਦ ਸੂਰਜ, ਜਿਨ੍ਹਾਂ ਦੇ ਪ੍ਰਗਟ ਹੋਣ ਲਈ ਖ਼ਬਰ ਨਹੀਂ ਕਿੰਨਿਆਂ ਸਦੀਆਂ ਲਗੀਆਂ ਹੋਣਗੀਆਂ, ਗੁਰੂ ਜੀ ਦੇ ਹੋਣਹਾਰ ਨੌਨਿਹਾਲ, ਸੱਤ ਧਰਮ ਦੀਆਂ ਉਮੈਦਾਂ ਦੇ ਪੁੰਜ ਜਦ ਇਸ ਨਿਰਦਯਤਾ ਨਾਲ ਸ਼ਹੀਦ ਕੀਤੇ ਗਏ, ਤਦ ਹਨੇਰੀ ਵੱਡੇ ਕਹਿਰ ਦੀ ਵਗੀ, ਬ੍ਰਿੱਛ ਜੜਾਂ ਥੀਂ ਉੱਖੜ ਗਏ। ਧਰਤੀ ਕੰਬੀ, ਭੁਚਾਲ ਆਇਆ ।

ਟੋਡਰ ਮਲ ਨਾਮੇ ਇਕ ਗੁਰੂ ਦਾ ਸਿੱਖ ਕੁਝ ਦੂਰ ਰਹਿੰਦਾ ਸੀ, ਜਦ ਉਸ ਸੁਣਿਆਂ ਕਿ ਸਾਹਿਬਜ਼ਾਦੇ ਫੜੇ ਗਏ ਹਨ, ਤਦ ਨੱਠਾ ਕਿ ਮੈਂ ਜਾਕੇ ਸਾਰਾ ਸਰਬੰਸ ਖਰਚ ਕਰ ਦਿਆਂ, ਪਰ ਬੱਚਿਆਂ ਨੂੰ ਬਚਾ ਲਵਾਂ। ਕਾਲੀ ਹਨੇਰੀ ਦਾ ਹਨੇਰਾ, ਘੱਟੇ ਦੀ ਭਰਮਾਰ, ਭੁਚਾਲ ਆਦਿਕ ਸਹਾਰਦਾ ਦਰਬਾਰ ਵੱਲ ਗਿਆ, ਪਰ ਹਾਇ! ਭਾਰਤ ਭੂਮੀ ਤੇਰੇ ਨਸੀਬ! ਇਹ ਸਿਦਕੀ ਪੁਰਖ ਉਸ ਵੇਲੇ ਪਹੁੰਚਾ, ਜਿਸ ਵੇਲੇ ਤੇਰੇ ਦੁਲਾਰੇ ਸਰੀਰਾਂ ਨੂੰ ਤਜ ਗਏ ਸਨ। ਇੱਥੋਂ ਤੁਰ ਕੇ ਟੋਡਰ ਮਲ ਨੇ ਮਾਤਾ ਨੂੰ ਜਾ ਸਮਾਚਾਰ ਸੁਣਾਇਆ। ਇਹ ਭਯਾਨਕ ਖ਼ਬਰ ਸੁਣਕੇ ਮਾਤਾ ਜੀ ਨੇ ਆਪਣੇ ਸਰੀਰ ਤੋਂ ਉਡਾਰੀ ਮਾਰੀ ਤੇ ਸਚੇ ਲੋਕ ਨੂੰ ਪਧਾਰ ਗਈ। ਟੋਡਰ ਮਲ ਨੇ ਮਾਤਾ ਤੇ ਸਾਹਿਬਜ਼ਾਦਿਆਂ ਦਾ ਚੰਦਨ ਦੀਆਂ ਚਿਤਾਂ ਵਿਚ ਸਸਕਾਰ ਕਰਵਾਇਆ।

ਕਲਗੀਧਰ ਚਮਤਕਾਰ, ਭਾਗ-1
ਵਿਚੋਂ ਧੰਨਵਾਦ ਸਹਿਤ!

# ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਸੁੱਚੇ ਹੰਝੂਆਂ ਵਿੱਚ ਭਿੱਜੀ ਨਜ਼ਮ-ਸ਼ਹੀਦਾਨਿ-ਵਫ਼ਾ

—ਡਾ. ਹਰਚੰਦ ਸਿੰਘ ਸਰਹਿੰਦੀ

ਸ਼ਹੀਦ ਕਿਸੇ ਕੌਮ ਦਾ ਕੀਮਤੀ ਸਰਮਾਇਆ ਹੁੰਦੇ ਹਨ ਅਤੇ ਜ਼ਿੰਦਾ ਕੌਮਾਂ ਆਪਣੇ ਸ਼ਹੀਦਾਂ ਦੀ ਯਾਦ ਨੂੰ ਸਦਾ ਆਪਣੇ ਹਿਰਦੇ ਵਿੱਚ ਵਸਾਈ ਰੱਖਦੀਆਂ ਹਨ। ਜਿਹੜੀਆਂ ਕੌਮਾਂ ਆਪਣੇ ਸ਼ਹੀਦਾਂ ਵਾਸਤੇ ਅਕੀਦਤ ਨਹੀਂ ਰੱਖਦੀਆਂ, ਉਹ ਅਕਸਰ ਸਮੇਂ ਦੀ ਬੇਦਰਦ ਹਨੇਰੀ ਨਾਲ ਹੂੰਝੀਆਂ ਜਾਂਦੀਆਂ ਹਨ, ਮਰ ਮਿਟ ਜਾਂਦੀਆਂ ਹਨ।

ਸਿੱਖਾਂ ਲਈ ਇਹ ਮਾਣ ਕਰਨ ਵਾਲੀ ਗੱਲ ਹੈ ਕਿ ਉਹ ਆਪਣੇ ਸ਼ਹੀਦਾਂ ਨੂੰ ਬਹੁਤ ਸਤਿਕਾਰ ਦਿੰਦੇ ਹਨ। ਸੱਚ ਤਾਂ ਇਹ ਹੈ ਕਿ ਹਰ ਸਿੱਖ ਨੇ ਆਪਣੇ ਦਿਲ ਦਾ ਇੱਕ ਸਾਫ਼-ਸੁਥਰਾ ਕੋਨਾ ਆਪਣੇ ਸ਼ਹੀਦਾਂ ਲਈ ਸੁਰੱਖਿਅਤ ਰੱਖਿਆ ਹੁੰਦਾ ਹੈ।.....ਪਰ ਬਦਕਿਸਮਤੀ ਨਾਲ ਉਹ ਆਪਣੇ ਲੇਖਕਾਂ, ਕਵੀਆਂ ਤੇ ਬੁੱਧੀਜੀਵੀਆਂ ਨੂੰ ਬਹੁਤ ਛੇਤੀ ਭੁਲਾ ਦਿੰਦੇ ਹਨ। ਸਿੱਖਾਂ ਵਿੱਚ ਇਹ ਇੱਕ ਖ਼ਾਸ ਕਿਸਮ ਦਾ ਔਗੁਣ ਹੈ। ਸ਼ਾਇਦ, ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਕਿ ਇਹ ਕਲਮਕਾਰ ਹੀ ਹੁੰਦੇ ਹਨ, ਜੋ ਕੌਮ ਰੂਪੀ ਚਿਰਾਗ਼ ਵਿੱਚ ਆਪਣੀ ਚਰਬੀ ਢਾਲ ਕੇ ਪਾਉਂਦੇ ਰਹਿੰਦੇ ਹਨ, ਤਾਂਕਿ ਚਿਰਾਗ਼ 'ਚੋਂ ਧੂੰਆਂ ਨਾ ਉੱਠੇ ਅਤੇ ਕੌਮ ਰੌਸ਼ਨੀ ਵੰਡਦੀ ਰਹੇ। ਅਜੀਬ ਗੱਲ ਹੈ ਕਿ ਸਿੱਖ ਜਗਤ ਨੇ ਬਾਬਾ ਨਾਨਕ ਦੇ ਇਸ ਮਹਾਨ ਵਾਕ: **"ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ॥"**(ਅੰ:੧੨੯੧) ਨੂੰ ਕਦੇ ਵੀ ਗੰਭੀਰਤਾ ਨਾਲ ਨਹੀਂ ਲਿਆ ਅਤੇ ਨਾ ਹੀ ਕਦੇ ਇਹ ਸੋਚਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਸਾਹਿਤਕਾਰਾਂ ਨੂੰ ਉੱਚਾ ਰੁੱਤਬਾ ਦਿੰਦੇ ਸਨ ਤੇ ਆਪਣੇ ਦਰਬਾਰੀ ਕਵੀਆਂ ਨੂੰ ਸਮੇਂ-ਸਮੇਂ ਸਿਰ ਸਨਮਾਨਿਤ ਕਰਦੇ ਰਹਿੰਦੇ ਸਨ ।

ਕਲਮਕਾਰਾਂ ਤੇ ਵਿਦਵਾਨਾਂ ਪ੍ਰਤੀ ਸਿੱਖ ਸਮਾਜ ਦਾ ਰਵੱਈਆ ਪਹਿਲਾਂ ਤੋਂ ਹੀ ਨਾ-ਮੁਖੀ ਰਿਹਾ ਹੈ। ਇਸ ਸੰਬੰਧ ਵਿੱਚ ਅਨੇਕਾਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ; ਪਰ ਇੱਥੇ ਇੱਕ ਚੋਣਵੀਂ ਮਿਸਾਲ ਹੀ ਕਾਫ਼ੀ ਰਹੇਗੀ। ਪ੍ਰਸਿੱਧ ਅੰਗਰੇਜ਼ ਵਿਦਵਾਨ ਐੱਮ. ਏ. ਮੈਕਾਲਿਫ਼, ਜਿਸ ਨੇ ਆਪਣਾ ਸਾਰਾ ਜੀਵਨ ਸਿੱਖ ਧਰਮ ਦੇ ਅਧਿਐਨ ਦੇ ਲੇਖੇ ਲਾ ਦਿੱਤਾ ਸੀ, ਨੂੰ ਅਸੀਂ ਕਦੋਂ ਦਾ ਭੁਲਾ ਚੁੱਕੇ ਹਾਂ। ਉਸ ਵੱਲੋਂ ਲਿਖੀ ਛੇ ਜਿਲਦਾਂ ਵਾਲੀ ਪੁਸਤਕ-'**ਸਿੱਖ ਧਰਮ**' ਆਪਣੀ ਮਿਸਾਲ ਆਪ ਹੈ ।

ਇਹੋ ਜਿਹੀ ਅਣਗਹਿਲੀ ਦਾ ਹੀ ਸ਼ਿਕਾਰ ਹੈ, ਪੰਜਾਬ ਦਾ ਇੱਕ ਮਹਾਨ ਸ਼ਾਇਰ, ਹਕੀਮ ਅੱਲ੍ਹਾ ਯਾਰ ਖ਼ਾਂ ਜੋਗੀ। (ਸਭ ਤੋਂ ਪਹਿਲਾਂ ਮੈਂ ਇਸ ਸਿਦਕੀ ਸ਼ਾਇਰ ਨੂੰ ਸਿਜਦਾ ਕਰਦਾ ਹਾਂ!) ਇੱਕ ਸਦੀ ਪਹਿਲਾਂ, ਸੰਨ 1913 ਵਿੱਚ, ਅੱਲ੍ਹਾ ਯਾਰ ਖ਼ਾਂ ਜੋਗੀ ਨੇ ਛੋਟੇ ਸਾਹਿਬਜ਼ਾਦਿਆਂ, ਬਾਬਾ ਜ਼ੋਰਾਵਰ ਸਿੰਘ (9 ਸਾਲ) ਅਤੇ ਬਾਬਾ ਫ਼ਤਹਿ ਸਿੰਘ (7 ਸਾਲ) ਦੀ ਸ਼ਹਾਦਤ ਬਾਰੇ ਸੁੱਚੇ ਹੰਝੂਆਂ ਵਿੱਚ ਭਿੱਜੀ ਨਜ਼ਮ-'ਸ਼ਹੀਦਾਨਿ-ਵਫ਼ਾ' ਲਿਖ ਕੇ ਸਾਹਿਤਕ ਹਲਕਿਆਂ ਵਿੱਚ ਹਲਚਲ ਮਚਾ ਦਿੱਤੀ ਸੀ। 37 ਪੰਨਿਆਂ ਉੱਤੇ ਪਸਰੀ ਇਹ ਲੰਮੀ ਉਰਦੂ ਨਜ਼ਮ ਸਾਕਾ ਸਰਹਿੰਦ



ਦੀ ਦਿਲ-ਕੰਬਾਊ ਘਟਨਾ ਦੀ ਲਾਮਿਸਾਲ ਝਾਕੀ ਪੇਸ਼ ਕਰਦੀ ਹੈ। ਇਸ ਵਿੱਚੋਂ ਕਰੁਣਾ ਤੇ ਬੀਰ-ਰਸ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਇਸੇ ਤਰ੍ਹਾਂ ਇਹ ਨਜ਼ਮ ਪੰਜਾਬੀਆਂ ਖ਼ਾਸਕਰ ਸਿੱਖਾਂ ਦੇ ਭਾਵੁਕ ਸੁਭਾਅ ਨੂੰ ਐਨ ਰਾਸ ਹੈ। ਦੂਜਾ, ਸ਼ਿਅਰ ਏਨਾ ਲੱਛੇਦਾਰ ਹੈ ਕਿ ਸਿੱਧਾ ਪਾਠਕ/ਸਰੋਤੇ ਦੇ ਦਿਲ ਵਿੱਚ ਲੱਥ ਜਾਂਦਾ ਹੈ। ਸੋ, ਆਪਣੀਆਂ ਇਨ੍ਹਾਂ ਖ਼ੂਬੀਆਂ ਸਦਕਾ ਇਸ ਨਜ਼ਮ ਨੇ ਹੱਦੋਂ ਵੱਧ ਮਕਬੂਲੀਅਤ ਹਾਸਲ ਕੀਤੀ ਹੈ। ਹਾਂ! ਜਿੱਥੇ ਇਹ ਇੱਕ ਉੱਚ-ਪੱਧਰੀ ਸਾਹਿਤਕ ਕਿਰਤ ਹੈ, ਉੱਥੇ ਇਤਿਹਾਸਿਕ ਕਸਵੱਟੀ 'ਤੇ ਪਰਖਿਆਂ ਵੀ ਖਰੀ ਉਤਰਦੀ ਹੈ।

ਸਾਕਾ ਸਰਹਿੰਦ ਨੇ ਵੱਖ-ਵੱਖ ਭਾਸ਼ਾਵਾਂ ਦੇ ਕਵੀਆਂ ਨੂੰ ਇਸ ਵਿਸ਼ੇ 'ਤੇ ਲਿਖਣ ਲਈ ਪ੍ਰੇਰਿਆ, ਪਰ ਜਿਨ੍ਹਾਂ ਸਿਖ਼ਰਾਂ ਨੂੰ ਅੱਲ੍ਹਾ ਯਾਰ ਖ਼ਾਂ ਜੋਗੀ ਨੇ ਛੂਹਿਆ ਹੈ, ਉਹ ਹੋਰ ਕਿਸੇ ਦੇ ਹਿੱਸੇ ਨਹੀਂ ਆਇਆ। ਕਾਵਿ ਉਡਾਰੀ ਲੋਹੜੇ ਦੀ ਹੈ।

ਗੱਲ ਕੀ, ਅੱਲ੍ਹਾ ਯਾਰ ਖ਼ਾਂ ਜੋਗੀ ਨੇ ਪੱਖਪਾਤ ਤੋਂ ਨਿਰਲੇਪ ਰਹਿ ਕੇ ਸ਼ਰਧਾ ਤੇ ਪਿਆਰ ਦੀਆਂ ਅਤਿ ਡੂੰਘਾਣਾਂ ਵਿੱਚ ਵਹਿ ਕੇ ਨਜ਼ਮ-'ਸ਼ਹੀਦਾਨਿ-ਵਫ਼ਾ' ਦੀ ਰਚਨਾ ਕੀਤੀ ਹੈ। ਇਸ ਤਰ੍ਹਾਂ ਇਸ ਸੂਫ਼ੀ ਸ਼ਾਇਰ ਨੇ ਸਰਹਿੰਦ ਨੂੰ ਸਿੱਖੀ ਦੀ 'ਕਰਬਲਾ' ਬਣਾ ਦਿੱਤਾ ਹੈ। ਇਸ ਨਜ਼ਮ ਦੇ 110 ਬੰਦ ਹਨ ਅਤੇ ਹਰ ਬੰਦ ਦੇ 6-6 ਮਿਸਰੇ ਹਨ। ਸ਼ਾਇਰ ਨੇ ਇਸ ਨਜ਼ਮ ਨੂੰ ਮਰਸੀਏ ਦੀ ਦਿਲ-ਟੁੰਬਵੀਂ ਸ਼ੈਲੀ ਵਿੱਚ ਕਲਮਬੰਦ ਕੀਤਾ ਹੈ। ਦਰਅਸਲ ਅੱਲ੍ਹਾ ਯਾਰ ਖ਼ਾਂ ਆਪਣੀ ਨਜ਼ਮ ਦੇ ਪਾਤਰਾਂ ਨੂੰ ਜਿਊਂਦਿਆਂ ਤੇ ਮਰਦਿਆਂ ਵੇਖਦਾ ਹੈ ਅਤੇ ਨਾਲ ਹੀ ਆਪ ਵੀ ਉਸੇ ਤਰ੍ਹਾਂ ਜਿਊਂਦਾ ਤੇ ਮਰਦਾ ਰਹਿੰਦਾ ਹੈ। ਸ਼ਹਾਦਤ ਤੇ ਸ਼ਾਇਰੀ ਦੇ ਫ਼ਲਸਫ਼ੇ ਨੂੰ ਖ਼ੂਬ ਸਮਝਦਾ ਹੈ। ਤਾਹੀਉਂ, ਉਸ ਨੇ ਸ਼ਹਾਦਤ ਦੀ ਘਟਨਾ ਨੂੰ ਬਿਆਨ ਕਰਨ ਲਈ ਮਰਸੀਏ ਦੀ ਸ਼ੈਲੀ ਦੀ ਚੋਣ ਕੀਤੀ ਹੈ ਅਤੇ ਕਰੁਣਾ ਤੇ ਬੀਰ ਰਸਾਂ ਤੋਂ ਇਲਾਵਾ ਅਦਭੁਤ, ਰੌਦਰ ਤੇ ਭਿਆਨਕ ਰਸਾਂ ਦੀ ਬੜੀ ਮੁਹਾਰਤ ਨਾਲ ਵਰਤੋਂ ਕੀਤੀ ਹੈ। ਇਤਫ਼ਾਕ-ਵੱਸ, 'ਨਜ਼ਮ', ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ-ਮੋਤੀਆਂ ਨੂੰ ਇੱਕ ਧਾਗੇ ਵਿੱਚ ਪਰੋਣਾ। ਮਤਲਬ ਇਹ ਕਿ ਇੱਕ ਖ਼ਾਸ ਵਜ਼ਨ ਤੋਲ ਵਿੱਚ ਤਰਤੀਬ ਦੇ ਕੇ ਪੇਸ਼ ਕੀਤੇ ਵਿਚਾਰਾਂ ਨੂੰ ਨਜ਼ਮ ਕਿਹਾ ਜਾਂਦਾ ਹੈ। ਤੁਸੀਂ ਵੇਖੋਗੇ ਕਿ ਅੱਲ੍ਹਾ ਯਾਰ ਖ਼ਾਂ ਜੋਗੀ ਦੀ ਇਹ ਨਜ਼ਮ, ਅਰਬੀ ਦੇ ਸ਼ਬਦ 'ਨਜ਼ਮ' ਦੀ ਰੂਹ ਨੂੰ ਸਾਕਾਰ ਕਰਦੀ ਹੈ।

ਮੁਸਲਮਾਨ ਸ਼ਾਇਰਾਂ ਵਿੱਚੋਂ ਸ਼ਾਹ ਮੁਹੰਮਦ (ਰਚੇਤਾ 'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ') ਤੋਂ ਬਾਅਦ ਅੱਲ੍ਹਾ ਯਾਰ ਖ਼ਾਂ ਨੇ ਸਿੱਖ ਮਨਾਂ ਦੇ ਦਰਦ ਨੂੰ ਸ਼ਿੱਦਤ ਨਾਲ ਮਹਿਸੂਸ ਕੀਤਾ ਹੈ ਅਤੇ ਜ਼ਖ਼ਮੀ ਹੋਈ ਸਿੱਖ ਮਾਨਸਿਕਤਾ ਨੂੰ ਧਿਆਨ ਵਿੱਚ ਰੱਖ ਕੇ ਸ਼ਿਅਰ ਘੜੇ ਹਨ । ਗੱਲ ਕੀ, ਜਿੱਥੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬੇਮਿਸਾਲ ਹੈ, ਉੱਥੇ ਇਸ ਸ਼ਹਾਦਤ ਨੂੰ ਬਿਆਨ ਕਰਨ ਵਿੱਚ ਅੱਲ੍ਹਾ ਯਾਰ ਖ਼ਾਂ ਦੀ ਕਲਮ ਵੀ ਬੇਮਿਸਾਲ ਹੈ। ਨਮੂਨੇ ਦੇ ਤੌਰ 'ਤੇ ਉਸ ਦੀ ਨਜ਼ਮ-'ਸ਼ਹੀਦਾਨਿ-ਵਫ਼ਾ' 'ਚੋਂ ਕੁਝ ਚੋਣਵੀਆਂ ਟੂਕਾਂ ਪੇਸ਼ ਹਨ-

ਹਕੀਮ ਅੱਲ੍ਹਾ ਯਾਰ ਖ਼ਾਂ ਜੋਗੀ ਆਪਣੀ ਨਜ਼ਮ ਦੇ ਅਰੰਭਕ ਬੰਦਾਂ ਵਿੱਚ ਮੁਗ਼ਲ ਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਵੱਲੋਂ ਆਨੰਦਪੁਰ ਸਾਹਿਬ ਦੇ ਕਿਲ੍ਹੇ ਦੀ ਘੇਰਾਬੰਦੀ ਕਰਨ ਦਾ ਜ਼ਿਕਰ ਕਰਦਾ ਹੈ । ਉਹ ਲਿਖਦਾ ਹੈ ਕਿ ਕਿਲ੍ਹੇ 'ਚ ਗੁਰੂ

ਗੋਬਿੰਦ ਸਿੰਘ ਜੀ ਨਾਲ ਗਿਣਤੀ ਦੇ ਹੀ ਸਿੰਘ ਸਨ ਤੇ ਉਹ ਵੀ ਭੁੱਖੇ-ਪਿਆਸੇ। ਦੂਜੇ ਬੰਨੇ ਕਿਲ੍ਹੇ ਤੋਂ ਬਾਹਰ ਵੱਡੀ ਗਿਣਤੀ ਵਿੱਚ ਦੁਸ਼ਮਣ ਦੀ ਫ਼ੌਜ ਤਾਇਨਾਤ ਸੀ, ਜਿਸ ਦੀ ਕਮਾਂਡ ਦੋ ਨਵਾਬ ਅਤੇ ਕਈ ਪਹਾੜੀ ਰਾਜੇ ਕਰ ਰਹੇ ਸਨ:

**ਅਅ਼ਦਾ ਕੀ ਫ਼ੌਜ ਕੇ ਨ ਸ਼ੁਮਾਰੋ ਹਿਸਾਬ ਥੇ**
**ਸਰਦਾਰਿ ਫ਼ੌਜ ਏਕ ਨਹੀਂ ਦੋ ਨਵਾਬ ਥੇ**
**ਰਾਜੇ ਕਈ ਪਹਾੜ ਕੇ ਭੀ ਹਮ-ਰਕਾਬ ਥੇ**
**ਸਿੰਘੋਂ ਸੇ ਬਿਸਤ-ਚੰਦ ਯਿਹ ਸਬ ਸ਼ੈਖ਼ ਓ ਸ਼ਾਬ ਥੇ**
**ਸਿੱਖੋਂ ਕੀ ਆਰਜ਼ੂ ਥੀ ਕਿ ਲੜ ਕਰ ਸ਼ਹੀਦ ਹੋਂ**
**ਸਤਗੁਰ ਯਹ ਸੋਚਤੇ ਥੇ ਨ: ਜ਼ਾਇਅ਼ ਮੁਰੀਦ ਹੋਂ** (੨)

6-7 ਪੋਹ, 1761 ਬਿ. ਮੁਤਾਬਿਕ 20-21 ਦਸੰਬਰ, 1704 ਈ. ਦਿਨ ਮੰਗਲ-ਬੁੱਧ ਦੀ ਵਿਚਕਾਰਲੀ ਰਾਤ ਨੂੰ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਪਣੇ ਸਾਥੀਆਂ ਸਮੇਤ ਕਿਲ੍ਹੇ ਨੂੰ ਛੱਡਣ ਦੇ ਦ੍ਰਿਸ਼ ਨੂੰ ਇਉਂ ਚਿਤਰਿਆ ਹੈ:

**ਤਾਰੋਂ ਕੀ ਛਾਓਂ ਕਿਲਅ਼ ਸੇ ਸਤਗੁਰ ਰਵਾਂ ਹੁਏ**
**ਕਸ ਕੇ ਕਮਰ ਸਵਾਰ ਥੇ ਸਾਰੇ ਜਵਾਂ ਹੁਏ**
**ਚਾਰੋਂ ਪਿਸਰ ਹਜ਼ੂਰ ਕੇ ਹਮਰਾਹ ਸਵਾਰ ਥੇ**
**ਜ਼ੋਰ-ਆਵਰ ਔਰ ਫ਼ਤਹ, ਅਜੀਤ ਔਰ ਜੁਝਾਰ ਥੇ** (੧੪)

ਮੁਗ਼ਲ ਫ਼ੌਜ ਦੇ ਜਰਨੈਲ ਤੇ ਪਹਾੜੀ ਰਾਜੇ ਆਪਣੇ ਕੀਤੇ ਵਾਅਦੇ ਤੋਂ ਬੇਮੁੱਖ ਹੋ ਕੇ, ਸਿੰਘਾਂ ਦੀ ਵਹੀਰ 'ਤੇ ਇੱਕ ਭਰਵਾਂ ਹੱਲਾ ਬੋਲ ਦਿੰਦੇ ਹਨ- ''**ਬਦਬਖ਼ਤੋਂ ਨੇ ਜੋ ਵਾਅਦਾ ਕੀਯਾ ਥਾ ਬਿਸਰ ਗਏ, ਨਾਮਰਦ ਕੌਲ ਕਰਕੇ ਜ਼ਬਾਂ ਸੇ ਮੁਕਰ ਗਏ।**'' ਸਰਸਾ ਨਦੀ ਦੇ ਕੰਢੇ 'ਤੇ, ਮੈਦਾਨ-ਏ-ਜੰਗ ਵਿੱਚ ਗੁਰੂ ਗੋਬਿੰਦ ਸਿੰਘ ਜੀ ਵੈਰੀ ਨੂੰ ਇਸ ਤਰ੍ਹਾਂ ਲਲਕਾਰਦੇ ਹਨ:

**ਘੋੜੇ ਕੋ ਏੜ ਦੇ ਕੇ ਗੁਰੂ ਰਨ ਮੇਂ ਡਟ ਗਏ**
**ਫ਼ਰਮਾਏ ਬੁਜ਼ਦਿਲੋਂ ਸੇ ਕਿ ਤੁਮ ਕ੍ਯੋਂ ਪਲਟ ਗਏ**
**ਅਬ ਆਓ ਰਨ ਮੇਂ ਜੰਗ ਕੇ ਅਰਮਾਂ ਨਿਕਾਲ ਲੋ**
**ਤੁਮ ਕਰ ਚੁਕੇ ਹੋ, ਵਾਰ ਹਮਾਰਾ ਸੰਭਾਲ ਲੋ** (੩੫)

ਸਿੰਘਾਂ ਹੱਥੋਂ ਵੈਰੀ ਦੀ ਸ਼ਿਕਸਤ ਦਾ ਜ਼ਿਕਰ ਕਰਦਿਆਂ ਸ਼ਾਇਰ ਲਿਖਦਾ ਹੈ ਕਿ:

**ਜੋ ਬਚ ਗਏ ਵੁਹ ਭਾਗ ਗਏ ਮੂੰਹ ਕੋ ਮੋੜ ਕਰ**
**ਰਸਤਾ ਘਰੋਂ ਕਾ ਲੇ ਲਿਆ ਮੈਦਾਂ ਕੋ ਛੋੜ ਕਰ**
**ਸਿੰਘੋਂ ਨੇ ਭੁਸ ਨਿਕਾਲ ਦਿਯਾ ਥਾ ਝੰਜੋੜ ਕਰ**
**ਪਛਤਾਏ ਆਖਿਰਸ਼ ਕੋ ਬਹੁਤ ਕੌਲ ਤੋੜ ਕਰ** (੩੯)

ਸਰਸਾ ਨਦੀ ਪਾਰ ਕਰਨ ਉਪਰੰਤ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ (ਗੁਰੂ ਸਾਹਿਬ ਦੇ ਮਾਤਾ ਜੀ) ਬਾਕੀ ਪਰਿਵਾਰ ਨਾਲੋਂ ਵਿਛੜ ਜਾਂਦੇ ਹਨ, ਕਿਉਂਕਿ:

**ਜ਼ੋਰਾਵਰ ਔਰ ਫ਼ਤਹ ਜੋ ਦਾਦੀ ਕੇ ਸਾਥ ਥੇ**
**ਦਾਏਂ ਕੀ ਜਗਹ ਚਲ ਦੀਏ ਵੁਹ ਬਾਯੇਂ ਹਾਥ ਥੇ** (੪੧)



ਗੁਰੂ ਸਾਹਿਬ ਨੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੀ ਬਹੁਤ ਤਲਾਸ਼ ਕੀਤੀ, ਪਰ ਕੁਝ ਪਤਾ ਨਾ ਲੱਗ ਸਕਿਆ। ਸੁਭਾਵਿਕ ਹੀ ਹੈ ਕਿ ਇਸ ਸਥਿਤੀ ਵਿੱਚ ਗੁਰੂ ਸਾਹਿਬ ਦਾ ਅੱਗੇ ਵਧਣ ਨੂੰ ਦਿਲ ਨਹੀਂ ਸੀ ਕਰ ਰਿਹਾ। ਇਸ ਹਕੀਕਤ ਨੂੰ ਅੱਲ੍ਹਾ ਯਾਰ ਖ਼ਾਂ ਇਉਂ ਕਲਮਬੰਦ ਕਰਦਾ ਹੈ:

**ਲਖ਼ਤਿ-ਜਿਗਰ ਹੁਜ਼ੂਰ ਕੇ ਜਿਸ ਦਮ ਬਿਛੜ ਗਏ**
**ਪਾਓਂ ਵਹੀਂ ਵਫ਼ੂਰਿ-ਮੁਹੱਬਤ ਸੇ ਗੜ ਗਏ** (੪੨)

ਪਰ ਸਮਾਂ ਇਜਾਜ਼ਤ ਨਹੀਂ ਸੀ ਦੇ ਰਿਹਾ ਕਿ ਹੋਰ ਰੁਕਿਆ ਜਾਵੇ। ਉਂਞ ਵੀ ਗੁਰੂ ਸਾਹਿਬ ਨੇ ਤਾਂ ਰੁਕਣਾ ਸਿੱਖਿਆ ਹੀ ਨਹੀਂ ਸੀ ਅਤੇ ਨਾ ਹੀ ਉਹ ਵਕਤ ਦੇ ਸਾਂਚੇ ਵਿੱਚ ਢਲਣ ਵਾਲੇ ਸਨ । ਸੋ, ਗੁਰੂ ਸਾਹਿਬ ਨੇ ਆਪਣੇ ਉਲੀਕੇ ਹੋਏ ਪ੍ਰੋਗਰਾਮ ਅਨੁਸਾਰ ਚਮਕੌਰ ਸਾਹਿਬ ਵੱਲ ਵਾਗਾਂ ਮੋੜੀਆਂ ਅਤੇ ਸਾਥੀ ਸਿੰਘਾਂ ਨੂੰ ਮੁਖ਼ਾਤਿਬ ਹੁੰਦਿਆਂ ਇਉਂ ਭਵਿੱਖਬਾਣੀ ਕਰਦੇ ਹਨ (ਦੇਖੋ! ਜੋਗੀ ਜੀ ਦੀ ਕਾਵਿ-ਉਡਾਰੀ ਸਿਖਰਾਂ ਛੂੰਹਦੀ ਹੈ।):

**ਹਮ ਨੇ ਭੀ ਉਸ ਮੁਕਾਮ ਪ: ਜਾਨਾ ਹੈ ਜਲਦ ਤਰ**
**ਜਿਸ ਜਗਹ ਤੁਮ ਕੋ ਅਪਨੇ ਕਟਾਨੇ ਪੜੇਂਗੇ ਸਰ**
**ਹੋਂਗੇ ਸ਼ਹੀਦ ਲੜ ਕੇ ਯਿਹ ਬਾਕੀ ਕੇ ਦੋ ਪਿਸਰ**
**ਰਹ ਜਾਊਂਗਾ ਅਕੇਲਾ ਮੈਂ ਕਲ ਤਕ ਲੁਟਾ ਕੇ ਘਰ**
**ਪਹਲੇ ਪਿਤਾ ਕਟਾਯਾ ਅਬ ਬੇਟੇ ਕਟਾਊਂਗਾ।**
**ਨਾਨਕ ਕਾ ਬਾਗ਼ ਖ਼ੂਨਿ ਜਿਗਰ ਸੇ ਖਿਲਾਊਂਗਾ।** (੪੪)

ਮਾਤਾ ਗੁਜਰੀ ਅਤੇ ਸਾਹਿਬਜ਼ਾਦੇ ਆਪਣੇ ਰਸੋਈਏ ਗੰਗੂ ਸੰਗ ਉਸ ਦੇ ਪਿੰਡ ਸਹੇੜੀ (ਨੇੜੇ ਮੁਰਿੰਡਾ) ਵਿਖੇ ਪਹੁੰਚ ਕੇ ਉਸ ਦੇ ਘਰ ਸ਼ਰਨ ਲੈਂਦੇ ਹਨ। ਮਾਤਾ ਜੀ ਦੀ ਬੇਵਸੀ ਤੇ ਪਰੇਸ਼ਾਨੀ ਨੂੰ ਸ਼ਾਇਰ ਇਉਂ ਬਿਆਨ ਕਰਦਾ ਹੈ:

**ਲਖ਼ਤਿ-ਜਿਗਰ ਕੇ ਲਾਲ ਯਿਹ ਦੋਨੋਂ ਕਹਾਂ ਛੁਪਾਊਂ**
**ਤੁਰਕੋਂ ਸੇ, ਰਾਜਪੂਤੋਂ ਸੇ ਕਿਉਂ ਕਰ ਇਨ੍ਹੇਂ ਬਚਾਊਂ** (੫੧)

ਗੰਗੂ ਨੇ ਰਾਤ ਵੇਲੇ ਮਾਤਾ ਜੀ ਦਾ ਸਾਰਾ ਧਨ ਅਤੇ ਗਹਿਣੇ ਚੁਰਾ ਲਏ। ਸਵੇਰੇ ਉੱਠ ਕੇ ਜਦੋਂ ਮਾਤਾ ਜੀ ਨੇ ਇਸ ਬਾਰੇ ਗੰਗੂ ਪਾਸੋਂ ਪੁੱਛ-ਪੜਤਾਲ ਕੀਤੀ ਤਾਂ ਉਹ ਉਲਟਾ ਮਾਤਾ ਜੀ ਦੇ 'ਗਲ ਪੈ ਗਿਆ' ਅਤੇ ਮੁਰਿੰਡਾ ਦੇ ਕੋਤਵਾਲ ਕੋਲ ਪਹੁੰਚ ਕਰ ਕੇ 'ਗੱਲ ਜਾਇ ਦੱਸੀ ਸਾਰੀ ਭੇਤ ਵਾਲੀ', ਯਾਨੀ ਉਹ ਗੱਲ ਜਾ ਦੱਸੀ-

**ਮਤਲਬ ਥਾ ਜਿਸਕਾ, ਘਰ ਮਿਰੇ ਸਤਗੁਰ ਕੇ ਲਾਲ ਹੈਂ**
**ਜਿਨਕੇ ਪਕੜਨੇ ਕੇ ਸਭੀ ਖ਼ਾਹਾਂ ਕਮਾਲ ਹੈਂ।** (੬੫)

ਗੰਗੂ ਦੀ ਇਸ ਕਰਤੂਤ 'ਤੇ ਪ੍ਰਤੀਕਰਮ ਜ਼ਾਹਿਰ ਕਰਦਿਆਂ ਸ਼ਾਇਰ ਲਿਖਦਾ ਹੈ:

**ਦੁਨਿਯਾ ਮੇਂ ਅਪਨੇ ਨਾਮ ਕੋ ਬਦਨਾਮ ਕਰ ਗਯਾ**
**ਦੁਸ਼ਮਨ ਭੀ ਜੋ ਨ ਕਰਤਾ ਵੁਹ ਯਿਹ ਕਾਮ ਕਰ ਗਯਾ** (੬੦)

ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਕੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਂ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ, ਜੋ ਇਨ੍ਹਾਂ ਤਿੰਨਾਂ ਸ਼ਾਹੀ ਕੈਦੀਆਂ ਨੂੰ ਠੰਢੇ ਬੁਰਜ ਵਿੱਚ ਨਜ਼ਰਬੰਦ ਕਰ ਦਿੰਦਾ ਹੈ। ਅਗਲੇ ਦਿਨ ਸੂਬਾ

ਸਰਹਿੰਦ ਦੇ ਸਿਪਾਹੀ, ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿੱਚ ਪੇਸ਼ ਕਰਨ ਲਈ ਠੰਢੇ ਬੁਰਜ ਵਿਖੇ ਪਹੁੰਚਦੇ ਹਨ। ਮਾਤਾ ਗੁਜਰੀ ਕੋਲੋਂ ਸਾਹਿਬਜ਼ਾਦਿਆਂ ਦੀ ਵਿਦਾਇਗੀ ਦੇ ਦ੍ਰਿਸ਼ ਨੂੰ ਸ਼ਾਇਰ ਨੇ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਕਰੁਣਾਮਈ ਅੰਦਾਜ਼ ਵਿੱਚ ਇਉਂ ਚਿਤਰਿਆ ਹੈ:

**ਜਾਨੇ ਸੇ ਪਹਲੇ ਆਓ ਗਲੇ ਸੇ ਲਗਾ ਤੋ ਲੂੰ**
**ਕੇਸੋਂ ਕੋ ਕੰਘੀ ਕਰ ਦੂੰ ਜ਼ਰਾ ਮੂੰਹ ਧੁਲਾ ਤੋ ਲੂੰ**
**ਪ੍ਯਾਰੇ ਸਰੋਂ ਪ: ਨਨ੍ਹੀ ਸੀ ਕਲ.ਗੀ ਸਜਾ ਤੋ ਲੂੰ**
**ਮਰਨੇ ਸੇ ਪਹਲੇ ਤੁਮ ਕੋ ਮੈਂ ਦੂਲ੍ਹਾ ਬਨਾ ਤੋ ਲੂੰ**
**ਰੋ ਰੋ ਕੇ ਮਾਤਾ ਗੁਜਰੀ ਨੇ ਆਰਾਸਤ: ਕਿਯਾ**
**ਤੀਰੋਂ ਕਮਾਂ ਸੇ, ਤੇ.ਗ ਸੇ ਪੈਰਾਸਤ: ਕਿਯਾ ।** (੭੨)

ਸਾਹਿਬਜ਼ਾਦੇ ਚੜ੍ਹਦੀ ਕਲਾ ਵਿੱਚ ਹਨ ਅਤੇ ਮਾਤਾ ਜੀ ਨੂੰ ਮੁਖ਼ਾਤਿਬ ਹੁੰਦਿਆਂ ਅਰਜ਼ ਕਰਦੇ ਹਨ:

**ਰੁਖ਼ਸਤ ਦੋ ਅਬ ਖ਼ੁਸ਼ੀ ਸੇ ਕਿ ਜਾਨੇਂ ਫਿਦਾ ਕਰੇਂ**
**ਦੁਨੀਆਂ ਸੇ ਜਬ੍ਰੋ-ਜ਼ੋਰ ਕਾ ਹਮ ਖ਼ਾਤਮ: ਕਰੇਂ** (੭੬)

ਸਾਹਿਬਜ਼ਾਦਿਆਂ ਨੂੰ ਭਰੀ ਕਚਹਿਰੀ ਵਿਚ ਪੇਸ਼ ਕੀਤਾ ਜਾਂਦਾ ਹੈ। ਸੂਬਾ ਸਰਹਿੰਦ ਅਤੇ ਉਸਦੇ ਅਹਿਲਕਾਰ ਸਾਹਿਬਜ਼ਾਦਿਆਂ ਨੂੰ ਡਰਾਉਂਦੇ ਧਮਕਾਉਂਦੇ ਹਨ ਅਤੇ ਆਪਣੀਆਂ ਜਾਨਾਂ ਬਖ਼ਸ਼ਾਉਣ ਲਈ ਇਸਲਾਮ ਕਬੂਲ ਕਰਨ ਲਈ ਪ੍ਰੇਰਦੇ ਹਨ, ਪਰ ਸਾਹਿਬਜ਼ਾਦੇ ਅਡੋਲ ਰਹਿੰਦੇ ਹਨ ਅਤੇ ਠੋਕਵਾਂ ਜਵਾਬ ਇਉਂ ਦਿੰਦੇ ਹਨ:

**ਸਚ ਕੋ ਮਿਟਾਓਗੇ ਤੋ ਮਿਟੋਗੇ ਜਹਾਨ ਸੇ**
**ਡਰਤਾ ਨਹੀਂ ਅਕਾਲ ਸ਼ਹਨਸ਼ਹ ਕੀ ਸ਼ਾਨ ਸੇ**
**ਉਪਦੇਸ਼ ਅਪਨਾ ਸੁਨ ਲੋ ਜ਼ਰਾ ਦਿਲ ਕੇ ਕਾਨ ਸੇ**
**ਹਮ ਕਹ ਰਹੇਂ ਹੈਂ ਤੁਮ ਕੋ ਖ਼ੁਦਾ ਕੀ ਜ਼ੁਬਾਨ ਸੇ** (੯੬)

ਸ਼ਾਇਰ ਅੱਗੇ ਲਿਖਦਾ ਹੈ ਕਿ ਸਾਹਿਬਜ਼ਾਦਿਆਂ ਦੀ ਇਸ ਵਾਰਤਾਲਾਪ ਤੋਂ ਬਾਅਦ ਦਰਬਾਰ ਵਿੱਚ ਖ਼ਾਮੋਸ਼ੀ ਛਾ ਗਈ ਅਤੇ ਸੂਬੇਦਾਰ ਵਜ਼ੀਰ ਖ਼ਾਂ ਦਾ ਸਾਹਿਬਜ਼ਾਦਿਆਂ ਪ੍ਰਤੀ ਵੈਰ-ਭਾਵਨਾ ਵਾਲਾ ਜੋਸ਼ ਮੱਠਾ ਪੈ ਗਿਆ, ਪਰ ਐਨ ਉਸੇ ਵੇਲੇ ਦੀਵਾਨ ਸੁੱਚਾ ਨੰਦ ਦੇ ਇਨ੍ਹਾਂ ਬੋਲਾਂ ਨੇ ਬੁਝੀ ਅੱਗ ਨੂੰ ਫਿਰ ਹਵਾ ਦੇ ਦਿੱਤੀ:

**ਮਨਜ਼ੂਰ ਜਬਕਿ ਸਾਂਪ ਕਾ ਸਰ ਭੀ ਹੈ ਤੋੜਨਾ**
**ਬੇਜਾ ਹੈ ਫਿਰ ਤੋ ਬੱਚ:-ਏ-ਅਫ਼ਈ ਕੋ ਛੋੜਨਾ**
**ਦਸਵੇਂ ਗੁਰੂ ਕਾ ਹੈ ਜੋ ਖ਼ਜ਼ਾਨਾ ਬਟੋਰਨ਼ਾ**
**ਬੱਚੋਂ ਕੀ ਪਹਲੇ ਬਾਪ ਸੇ ਗਰਦਨ ਮਰੋੜਨਾ**
**ਨਾਜ਼ਿਮ ਥਾ ਇਸ ਲਅ਼ੀਨ ਕੀ ਬਾਤੋਂ ਮੇਂ ਆ ਗਯਾ**
**ਬੇਮਿਹਰ ਬੇਧਰਮ ਕੀ ਥਾ ਘਾਤੋਂ ਮੇਂ ਆ ਗਯਾ** (੧੦੨)

ਫਿਰ, ਸੂਬੇਦਾਰ ਨੇ ਸਾਹਿਬਜ਼ਾਦਿਆਂ ਨੂੰ ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖ਼ਾਂ ਦੇ ਹਵਾਲੇ ਕਰਨ ਦੀ ਪੇਸ਼ਕਸ਼ ਕੀਤੀ, ਤਾਂਕਿ ਉਹ ਉਨ੍ਹਾਂ ਨੂੰ ਕਤਲ ਕਰਕੇ ਆਪਣੇ ਭਰਾ ਦੀ ਮੌਤ ਦਾ ਬਦਲਾ ਲੈ ਸਕੇ। ਪਰ ਨਵਾਬ ਮਲੇਰਕੋਟਲਾ ਨੇ ਸੂਬੇਦਾਰ ਦੀ ਇਸ ਪੇਸ਼ਕਸ਼ ਨੂੰ ਠੁਕਰਾਉਂਦਿਆਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ:



**ਬਦਲਾ ਹੀ ਲੇਨਾ ਹੋਗਾ ਤੋ ਹਮ ਲੇਂਗੇ ਬਾਪ ਸੇ**
**ਮਹਫ਼ੂਜ਼ ਰਖੇ ਹਮ ਕੋ ਖ਼ੁਦਾ ਐਸੇ ਪਾਪ ਸੇ** (੧੦੪)

ਅੰਤ, ਉਹ ਕੁਲਹਿਣੀ ਘੜੀ ਆਣ ਪਹੁੰਚੀ, ਜਦੋਂ ਸੂਬੇਦਾਰ ਵਜ਼ੀਰ ਖਾਂ ਨੇ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਦੀਵਾਰ ਵਿੱਚ ਚਿਣ ਦੇਣ ਦਾ ਹੁਕਮ ਆਖ਼ਿਰ ਦੇ ਹੀ ਦਿੱਤਾ। ਰੇਸ਼ਮ ਵਿੱਚ ਲਪੇਟ ਕੇ ਰੱਖੀਆਂ ਜਾਣ ਵਾਲੀਆਂ ਸੋਹਣੀਆਂ ਸੂਰਤਾਂ ਨੂੰ ਇੱਟਾਂ ਵਿੱਚ ਲਪੇਟੇ ਜਾਣ ਦੇ ਦ੍ਰਿਸ਼ ਨੂੰ ਅੱਲ੍ਹਾ ਯਾਰ ਖਾਂ ਇਉਂ ਚਿਤਰਦਾ ਹੈ:

**ਠੋਡੀ ਤਕ ਈਂਟੇਂ ਚਿਨ ਦੀ ਗਈਂ ਮੂੰਹ ਤਕ ਆ ਗਈਂ**
**ਬੀਨੀ ਕੋ ਢਾਂਪਤੇ ਹੀ ਵੁਹ ਆਂਖੇਂ ਪ: ਛਾ ਗਈਂ**
**ਹਰ ਚਾਂਦ ਸੀ ਜਬੀਨ ਕੋ ਘਨ ਸਾ ਲਗਾ ਗਈਂ**
**ਲਖ਼੍ਤੇ-ਜਿਗਰ ਗੁਰੂ ਕੇ ਵੁਹ ਦੋਨੋਂ ਛੁਪਾ ਗਈਂ (੧੧੦)**

ਸ਼ਾਇਰ ਲਿਖਦਾ ਹੈ ਕਿ ਸ਼ਹਾਦਤ ਦੀ ਇਸ ਘਟਨਾ ਨੇ ਸਰਹਿੰਦ ਦੀ ਤਬਾਹੀ ਲਈ ਰਾਹ ਪੱਧਰਾ ਕੀਤਾ:

**'ਜੋਗੀ ਜੀ' ਇਸ ਕੇ ਬਅ਼ਦ ਹੂਈ ਥੋੜੀ ਦੇਰ ਥੀ ।**
**ਬਸਤੀ ਸਰਹਿੰਦ ਸ਼ਹਿਰ ਕੀ ਈਂਟੋਂ ਕਾ ਢੇਰ ਥੀ ।**

ਅੰਤ ਵਿਚ ਅੱਲਾ ਯਾਰ ਖ਼ਾਂ ਜੋਗੀ ਦਰੁਸਤ ਕਹਿੰਦਾ ਹੈ ਕਿ ਸਾਹਿਬਜ਼ਾਦੇ ਆਪਣੀ ਸ਼ਹਾਦਤ ਨਾਲ ਸਿੱਖ ਰਾਜ ਦਾ ਪੌਦਾ ਲਗਾ ਗਏ, ਭਾਵ ਸਿੱਖ ਰਾਜ ਦਾ ਨੀਂਹ-ਪੱਥਰ ਰੱਖ ਗਏ ਅਤੇ ਇਸ ਤੋਂ ਬਾਅਦ ਸਿੱਖ, ਤਾਜੋ-ਤਖ਼ਤ ਦੀ ਪ੍ਰਾਪਤੀ ਵੱਲ ਵਧਣ ਲੱਗੇ:

**ਹਮ ਜਾਨ ਦੇ ਕੇ ਔਰੋਂ ਕੀ ਜਾਨੇਂ ਬਚਾ ਚਲੇ**
**ਸਿੱਖੀ ਕੀ ਨੀਵ ਹਮ ਹੈਂ ਸਰੋਂ ਪਰ ਉਠਾ ਚਲੇ**
**ਗੁਰਿਆਈ ਕਾ ਹੈ ਕਿੱਸਾ ਜਹਾਂ ਮੇਂ ਬਨਾ ਚਲੇ**
**ਸਿੰਘੋਂ ਕੀ ਸਲਤਨਤ ਕਾ ਹੈ ਪੌਦ: ਲਗਾ ਚਲੇ**
**ਗੱਦੀ ਸੇ ਤਖ਼ਤ ਬਸ ਅਬ ਕੌਮ ਪਾਏਗੀ**
**ਦੁਨੀਆ ਸੇ ਜ਼ਾਲਿਮੋਂ ਕਾ ਨਿਸ਼ਾਂ ਤਕ ਮਿਟਾਏਗੀ** (੧੦੯)

ਸੋ, ਤੁਸੀਂ ਵੇਖ ਲਿਆ ਹੈ ਕਿ ਹਕੀਮ ਅੱਲ੍ਹਾ ਯਾਰ ਖ਼ਾਂ ਜੋਗੀ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਘਟਨਾ ਨੂੰ, ਧਰਮਾਂ ਦੀਆਂ ਹੱਦਾਂ ਤੋਂ ਦੂਰ ਰੱਖ ਕੇ, ਲੋਕਾਂ ਦੇ ਸਾਂਝੇ ਦਰਦ ਦੀ ਆਵਾਜ਼ ਬਣਾ ਦਿੱਤਾ ਹੈ। ਇਸ ਨਜ਼ਮ ਨੂੰ ਲਿਖ ਕੇ ਸ਼ਾਇਰ ਨੇ ਸਿੱਖ ਪੱਖ ਹੀ ਨਹੀਂ ਪੂਰਿਆ, ਬਲਕਿ ਇੱਕ ਮਹਾਨ ਦੇਸ਼ ਸੇਵਾ ਦਾ ਕੰਮ ਕੀਤਾ ਹੈ, ਕਿਉਂਕਿ ਇਸ ਨਾਲ ਇਹ ਘਟਨਾ ਸਮੁੱਚੀ ਮਾਨਵਤਾ ਦੀ ਸਾਂਝੀ ਵਿਰਾਸਤ ਬਣ ਗਈ ਹੈ। ਸ਼ਾਇਰ ਦਾ ਗ਼ੈਰ-ਸਿੱਖ ਹੁੰਦੇ ਹੋਏ ਵੀ ਸਿੱਖ ਮਨਾਂ ਦੀ ਚੀਸ ਨੂੰ ਪਹਿਚਾਨਣਾ, ਉਸ ਦੀ ਮਹਾਨ ਸ਼ਖ਼ਸੀਅਤ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ। ਉਸ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਘਟਨਾ ਨੂੰ 'ਸਿੱਖਾਂ ਦੀ ਕਰਬਲਾ' ਦੀ ਦਾਸਤਾਨ ਬਣਾ ਦਿੱਤਾ।

ਜ਼ਰਾ ਧਿਆਨ ਦੇਣਾ! ਸਾਹਿਬਜ਼ਾਦਿਆਂ ਦੀ ਸ਼ਹਾਦਤ ਅੱਲ੍ਹਾ ਯਾਰ ਖ਼ਾਂ ਜੋਗੀ ਵੱਲੋਂ ਇੱਕ ਸਦੀ ਪਹਿਲਾਂ, 1913 ਵਿੱਚ, ਲਿਖੀ ਗਈ ਇਸ ਨਜ਼ਮ ਦੇ ਪੱਧਰ ਦੀ ਨਜ਼ਮ ਹੁਣ ਤਕ ਕਿਸੇ ਹੋਰ ਸ਼ਾਇਰ ਨੂੰ ਲਿਖਣੀ ਨਸੀਬ ਨਹੀਂ ਹੋਈ।

ਹੁਣ ਸਵਾਲ ਇਹ ਉੱਠਦਾ ਹੈ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ

ਸੁੱਚੇ ਹੰਝੂਆਂ ’ਚ ਭਿੱਜੀ ਦਰਦਨਾਕ ਨਜ਼ਮ ਲਿਖਣ ਵਾਲੇ ਇਸ ਲਾਸਾਨੀ ਸ਼ਾਇਰ ਦੀ ਕੁਰਬਾਨੀ ਦਾ ਅਸੀਂ ਕੀ ਮੁੱਲ ਪਾਇਆ ਹੈ? ਦਰਅਸਲ, ਵਿਚਾਰਕ ਤੇ ਵਿਹਾਰਕ ਤੌਰ ’ਤੇ ਅਮੀਰ ਅਤੇ ਹੋਰ ਅਨੇਕਾਂ ਗੁਣਾਂ ਦੀ ਧਾਰਨੀ ਸਿੱਖ ਕੌਮ ਦੀ, ਤੁਹਾਨੂੰ ਪਤਾ ਹੀ ਹੈ, ਪਹਿਲਾਂ ਤੋਂ ਹੀ ਇਹ ਤ੍ਰਾਸਦੀ ਰਹੀ ਹੈ ਕਿ ਇਹ ਆਪਣੇ ਵਿਦਵਾਨਾਂ ਤੇ ਕਲਮਕਾਰਾਂ ਪ੍ਰਤੀ ਸੁਹਿਰਦ ਨਹੀਂ ਹੈ। ਜਿੱਥੋਂ ਤਕ ਅੱਲ੍ਹਾ ਯਾਰ ਖ਼ਾਂ ਜੋਗੀ ਦਾ ਸਵਾਲ ਹੈ, ਮੈਂ ਸਮਝਦਾ ਹਾਂ ਕਿ ਘੱਟੋ-ਘੱਟ 95 ਪ੍ਰਤੀਸ਼ਤ ਸਿੱਖਾਂ ਨੂੰ ਇਸ ਸਿਦਕੀ ਸ਼ਾਇਰ ਦਾ ਨਾਂ ਤਕ ਚੇਤੇ ਨਹੀਂ। ਸੰਨ 1987 ਵਿੱਚ, ਜਦੋਂ ਇੱਕ ਅਖ਼ਬਾਰ ਵਿੱਚ ‘ਇੱਕ ਭੁੱਲਿਆ-ਵਿਸਰਿਆ ਸ਼ਾਇਰ-ਹਕੀਮ ਅੱਲ੍ਹਾ ਯਾਰ ਖ਼ਾਂ ਜੋਗੀ’ ਦੇ ਸਿਰਲੇਖ ਹੇਠ ਮੇਰਾ ਇੱਕ ਲੇਖ ਪ੍ਰਕਾਸ਼ਤ ਹੋਇਆ ਤਾਂ ਬਹੁਤੇ ਪਾਠਕਾਂ ਲਈ ਇਹ ਇੱਕ ਨਵੀਂ ਜਾਣਕਾਰੀ ਸੀ। ਸੋ, ਜੇਕਰ ਸਾਨੂੰ ਇੱਕ ਸਦੀ ਬਾਅਦ ਹੀ ਅੱਲਾ ਯਾਰ ਖ਼ਾਂ ਜੋਗੀ ਵਰਗੇ ਅਨਮੋਲ ਹੀਰੇ ਦਾ ਨਾਂ ਤਕ ਚੇਤੇ ਨਹੀਂ, ਤਾਂ ਸਾਡੀਆਂ ਆਉਣ ਵਾਲੀਆਂ ਨਸਲਾਂ ਸਾਡੇ ਮਹਾਨ ਪੁਰਖਿਆਂ ਦੀ ਵਿਰਾਸਤ ਦੀ ਸੰਭਾਲ ਕਿਵੇਂ ਕਰ ਸਕਣਗੀਆਂ?

ਸੋ, ਆਪਣੇ ਵਿਰਸੇ ਦੀ ਪਛਾਣ ਕਰਨੀ ਤੇ ਫੇਰ ਉਸ ਦੀ ਸਾਂਭ-ਸੰਭਾਲ ਕਰਨੀ, ਅੱਜ, ਕੌਮ ਲਈ ਇੱਕ ਗੰਭੀਰ ਮੁੱਦਾ ਹੈ। ਅਜੋਕੀ ਸਿੱਖ ਪਨੀਰੀ ਆਪਣੇ ਗੌਰਵਮਈ ਵਿਰਸੇ ਤੋਂ ਦੂਰ ਹੁੰਦੀ ਜਾ ਰਹੀ ਹੈ, ਯਾਨੀ ਆਪਣੀਆਂ ਜੜ੍ਹਾਂ ਤੋਂ ਟੁੱਟਦੀ ਜਾ ਰਹੀ ਹੈ। ...ਆਪਣੇ ਸ਼ਾਨਾਮੱਤੇ ਇਤਿਹਾਸ ’ਤੇ ਮਾਣ ਕਰਨਾ ਕੋਈ ਮਾੜੀ ਗੱਲ ਨਹੀਂ, ਪਰ ਇਤਿਹਾਸ ਦੀ ਅਮੀਰੀ ’ਚ ਗੁਆਚ ਕੇ ਵਰਤਮਾਨ ਦੀ ਪਰਵਾਹ ਨਾ ਕਰਨਾ ਅਤੇ ਨੀਵਾਣਾਂ ਵੱਲ ਹੋ ਤੁਰਨਾ ਵੀ ਕੋਈ ਚੰਗੀ ਗੱਲ ਨਹੀਂ। ਆਪਣੇ ਵਿਰਸੇ ਨੂੰ ਸਾਂਭਣਾ ਜਾਗਦੀਆਂ ਕੌਮਾਂ ਦਾ ਪਹਿਲਾ ਫ਼ਰਜ਼ ਹੁੰਦਾ ਹੈ।

ਅੱਲ੍ਹਾ ਯਾਰ ਖ਼ਾਂ ਜੋਗੀ ਅਤੇ ਉਸ ਦੀ ਨਜ਼ਮ-'ਸ਼ਹੀਦਾਨਿ-ਵਫ਼ਾ’ ਸਾਡਾ ਅਨਮੋਲ ਵਿਰਸਾ ਹੈ (ਅੱਲ੍ਹਾ ਯਾਰ ਖ਼ਾਂ ਨੇ, ਸੰਨ 1915 ਵਿੱਚ, ਸਾਕਾ ਚਮਕੌਰ ਸਾਹਿਬ ਨੂੰ ਵੀ ‘ਗੰਜਿ ਸ਼ਹੀਦਾਂ’ ਨਾਂ ਹੇਠ ਇੱਕ ਲੰਮੀ ਨਜ਼ਮ ਦੇ ਰੂਪ ਵਿੱਚ ਆਪਣੀ ਕਲਮ ਵਿੱਚ ਢਾਲਿਆ ਸੀ। ਇਹ ਨਜ਼ਮ ਵੀ ਸਾਡੀ ਉਹੋ ਜਿਹੀ ਹੀ ਵਿਰਾਸਤ ਹੈ)। ਇਸ ਮੁਸਲਮਾਨ ਸੂਫ਼ੀ ਸ਼ਾਇਰ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਅਤੇ ਸਿੱਖ ਫ਼ਲਸਫ਼ੇ ਨੂੰ ਨਿਰਮਲ ਰੂਪ ਵਿੱਚ ਲੋਕਾਂ ਤਕ ਪਹੁੰਚਾਉਣਾ, ਸ਼ਾਇਰ ਦੀ ਸਿੱਖ ਕੌਮ ਨੂੰ ਇੱਕ ਵੱਡੀ ਦੇਣ ਹੈ ।

ਸੋ, ਮੇਰੀ ਸਿੱਖ ਕੌਮ ਦੇ ਵਾਰਸਾਂ ਨੂੰ ਅਪੀਲ ਹੈ ਕਿ ਇਸ ਅਲਬੇਲੇ ਸ਼ਾਇਰ, ਜਿਸ ਨੇ ਆਪਣੀ ਸਾਰੀ ਜ਼ਿੰਦਗੀ ਦਾਅ ’ਤੇ ਲਾ ਦਿੱਤੀ, ਵੱਲੋਂ ਲਿਖੀ ਯਾਦਗਾਰੀ ‘ਨਜ਼ਮ-‘ਸ਼ਹੀਦਾਨਿ ਵਫ਼ਾ’ ਦੀ ਪਹਿਲੀ ਸ਼ਤਾਬਦੀ ਦੇ ਅਵਸਰ ’ਤੇ, ਸਾਲ 2013 ਦੌਰਾਨ, ਸਮਾਗਮਾਂ ਦੀ ਇੱਕ ਲੜੀ ਦਾ ਆਯੋਜਨ ਕੀਤਾ ਜਾਵੇ, ਤਾਂਕਿ ਹਕੀਮ ਅੱਲ੍ਹਾ ਯਾਰ ਖ਼ਾਂ ਜੋਗੀ ਦੀ ਯਾਦ ਨੂੰ ਸਿੱਖ ਹਿਰਦਿਆਂ ਵਿੱਚ ਵਸਾਇਆ ਜਾ ਸਕੇ ਅਤੇ ਉਸ ਦੀ ਸਾਡੇ ਸਿਰ ਚੜ੍ਹੀ ਕਰਜ਼ ਦੀ ਪੰਡ ਨੂੰ ਉਤਾਰਿਆ ਜਾ ਸਕੇ। ਪ੍ਰਮੁੱਖ ਸਾਹਿਤ ਸਭਾਵਾਂ ਨੂੰ ਵੀ ਸ਼ਾਇਰ ਦੇ ਨਾਂ ’ਤੇ ਐਵਾਰਡ ਦੀ ਵਿਵਸਥਾ ਕਰਨੀ ਚਾਹੀਦੀ ਹੈ। ਘੱਟੋ-ਘੱਟ ‘ਸਿੱਖਾਂ ਦੀ ਪਾਰਲੀਮੈਂਟ’ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤਾਂ ਫ਼ੌਰੀ ਤੌਰ ’ਤੇ ਹਰਕਤ ਵਿੱਚ ਆਉਣਾ ਚਾਹੀਦਾ ਹੈ। ਆਮੀਨ!



## ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸਾਹਿਬਜ਼ਾਦਾ ਜੁਝਾਰ ਸਿੰਘ ਦੀ ਛੇਕੜਲੀ ਬਾਤਚੀਤ

# ਚਾਉ ਸ਼ਹੀਦੀ

ਪਿਤਾ- ਬੇਟਾ! ਕੀ ਹੈਂ ਦਿਲੇ ਵਿੱਚ ਸੋਚਦਾ ? ਕਿਹੜੀ ਸ਼ੈ ਨੂੰ ਤੇਰਾ ਜੀ ਲੋਚਦਾ ?
ਕਿਉਂ ਬੇਚੈਨ ਹੋਇਆ ਤੂੰ ਹੈਂ ਭਾਸਦਾ। ਤੈਨੂੰ ਫੁਰਨਾ ਫੁਰੇ,ਬੇਟਾ! ਕਾਸਦਾ ?
ਦੱਸੀਂ ਲਾਲ ਦੁਲਾਰਿਆ ਮੇਰਿਆ! ਕਿਹੜੀ ਚਿੰਤਾ ਨੇ ਤੈਨੂੰ ਹੈ ਘੇਰਿਆ ?

ਪੁਤ੍ਰ- ਮੇਰੀ ਅਰਜ਼ ਸੁਣੀ ਮੇਰੇ ਬਾਬੁਲਾ। ਹੋਇਆ ਢਿੱਲਾ ਨ ਜੀ ਦਾ ਹੈ ਕਾਬਲਾ।
ਇਕੋ ਖ਼ਯਾਲ ਮੇਰੇ ਚਿਤ ਆਂਵਦਾ। ਮੈਂ ਤਾਂ ਅੰਗਾਂ ਦੇ ਵਿਚ ਨ ਮਾਂਵਦਾ।
ਇਕੋ ਜੋਸ਼ ਨੇ ਜੀ ਭੜਕਾਇਆ। ਰੋਹ ਸ਼ੇਰ ਜਿਵੇਂ ਚੜ੍ਹ ਆਇਆ।
ਮੇਰੇ ਭਾਈ ਨੇ ਜੁੱਧ ਮਚਾਇਆ। ਮਾਰ ਵੈਰੀਆਂ ਪਾਰ ਬੁਲਾਇਆ।
ਹੋ ਸ਼ਹੀਦ ਗਿਆ ਤੇਗ਼ਾਂ ਮਾਰਦਾ। ਆਪ ਤਰਿਆ ਤੇ ਦੇਸ਼ ਨੂੰ ਤਾਰਦਾ।
ਆਗਜਾ ਸਚੇ ਦਿਲੋਂ ਪ੍ਰਤਿਪਾਲਦਾ। ਟੂਕ ਟੂਕ ਹੋਂਵਦਾ ਵੀਰਤਾ ਘਾਲਦਾ।
ਹੋ ਪ੍ਰਸੰਨ ਕਿਹਾ: ‘ਸੁਖ ਹੋਇਆ। ‘ਬੇਟਾ ਧਰਮ ਵਿਖੇ ਗਜਾ ਕੋਹਿਆ।,
‘ਸਾਨੂੰ ਜਿੰਦੋਂ ਪਿਆਰਾ ਏ ਲਾਲ ਹੈ। ‘ਜਿਸ ਘਾਲੀ ਏ ਸੱਚੜੀ ਘਾਲ ਹੈ।
ਦੇਵੋ ਬਾਪੂ ਜੀ! ਮੈਨੂੰ ਬੀ ਆਗਿਆ। ਝਾਗਾਂ ਸੋਈ ਜੋ ਭਾਈ ਨੇ ਝਾਗਿਆ।
ਜਾਕੇ ਵੈਰੀਆਂ ਆਹੂ ਮੈਂ ਲਾਹ ਦਿਆਂ। ਮਾਰ ਤੇਗੇ ਮੈਂ ਅਲਖ ਚੁਕਾਦਿਆਂ।
ਹੋ ਸ਼ਹੀਦ ਤੁਹਾਨੂੰ ਰਿਝਾ ਦਿਆਂ । ਦੇਵੋ ਆਗਿਆ ਪਿਤਾ ਜੀ ਜਾਂਦਿਆਂ।
ਪਿਤਾ- ਬੇਟਾ ਤੈਨੂੰ ਆ ਗੋਦੀ ਬਿਠਾ ਲਵਾਂ। ਲਾਲ ਅਪਨੇ ਨੂੰ ਸੀਨੇ ਲਗਾ ਲਵਾਂ।
ਚੁੰਮਾ ਲਾਲ ਤੇਰਾ ਮੁੱਖ ਸੋਹਿਣਾ। ਜਿਸ ਦਾ ਚਿਤ ਪਵਿਤ੍ਰ ਮਨ ਮੋਹਿਣਾ।
ਸ਼ਾਬਾ ਸ਼ਾਬਾ ਹੇ ਧਰਮ ਦੁਲਾਰਿਆ। ਜੋਸ਼ ਧਰਮ ਤੇਰੇ ਚਿਤ ਮਾਰਿਆ।
ਆਨ ਪੰਥ ਦੀ ਨੂੰ ਤੈਂ ਸੰਭਾਰਿਆ। ਤੇਰੇ ਭਾਈ ਜਿਵੇਂ ਸਿਰ ਵਾਰਿਆ।
ਮੇਰੇ ਬੱਚੇ ਤਿਵੇਂ ਤੂੰ ਬੀ ਜਾਵਣਾ। ਜੰਗ ਜਾਇਕੇ ਘੋਰ ਮਚਾਵਣਾ।
ਮਾਰ ਸ਼ੱਤ੍ਰ ਨੂੰ ਪਾਰ ਬੁਲਾਈਓ। ਹਾਰ ਮੰਨੀਓ ਨ ਸ਼ਰਨ ਤਕਾਈਓ।
ਜਾਂ ਜਿੱਤਕੇ ਘਰੇ ਨੂੰ ਆਈਓ। ਨਹੀਂ ਤਾਂ ਜਿੰਦ ਉੱਤੇ ਖੇਡ ਜਾਈਓ।
ਯੋਗ ਪੁਤ੍ਰ ਮੇਰਾ ਤੂੰ ਦੁਲਾਰਿਆ। ਤੈਨੂੰ ਧਰਮ ਉਤੋਂ ਮੈਂ ਹੈ ਵਾਰਿਆ।
ਬੇਟਾ ਜੁੱਧ ਕਰੇ ਸਚ ਸੱਚੜਾ। ਧਰਮ ਸਤਿ, ਸਰੀਰ ਹੈ ਕੱਚੜਾ।
ਬਿਨਸਨਹਾਰਾ ਬਿਨਸ ਹੀ ਜਾਏਗਾ। ਜਿਹੜਾ ਧਰਮ ਵਿਖੇ ਇਸ ਲਾਏਗਾ।
ਜਿਤ ਬਾਜ਼ੀ ਘਰਾਂ ਨੂੰ ਜਾਏਗਾ। ਰਬ ਗੋਦੀ ਤਿਸੇ ਨਿਜ ਪਾਏਗਾ।
ਮੇਰੇ ਬੇਟਿਆ ਤੈਨੂੰ ਪਿਆਰਿਆ। ਸਚੇ ਰਬ ਨੇ ਗੋਦੀ ਹੈ ਪਾ ਲਿਆ।
ਪੁਤ੍ਰ- ਕੈਸੀ ਸੋਹਣੀ ਬੰਨੀ ਪਗ ਆਪ ਨੇ। ਮੇਰੀ ਕਮਰ ਕੱਸੀ ਕੈਸੀ ਆਪ ਨੇ।

ਕੇਹੀ ਸੋਹਣੀ ਦਿਤੀ ਹਥ ਢਾਲ ਹੈ। ਬੰਨ੍ਹ ਦਈ ਕਟਾਰੀ ਲਕ ਨਾਲ ਹੈ।
ਇਕ ਤੇਗ ਮੇਰੇ ਹਥ ਚਾ ਦਿਓ। ਇਕ ਥਾਪੀ ਮੇਰੀ ਪਿਠ ਲਾ ਦਿਓ ।
ਇਕ ਵਾਰੀ ਮਿਲੋ ਗਲ ਲਾਇਕੇ। ਮੈਨੂੰ ਚਰਨਾਂ ਦੇ ਨਾਲ ਲਗਾਇਕੇ।
ਮੈਨੂੰ ਆਗਿਆ ਦਿਓ ਇਕ ਵਾਰ ਮੈਂ। ਪਾ ਗੱਲਕੜੀ ਲਵਾਂ ਕਰ ਪਜਾਰ ਮੈਂ।
ਫੇਰ ਤੋਰ ਦਿਓ ਜੰਗ ਮਾਰਨੇ। ਜਿੱਥੇ ਸੱਤ੍ਰ ਬੁਲਾਣੇ ਮੈਂ ਪਾਰ ਨੇ ।
ਦਿਓ ਅਸੀਸ ਪਿਤਾ ਜੀਓ ਐਸੜੀ। ਹਿੰਮਤ ਬੱਧੀ ਰਹੇ ਵੀਰੇ ਜੈਸੜੀ।
ਮਾਰ ਮਾਰ ਕੇ ਮਾਰਾਂ ਮੈਂ ਵੈਰੀਆਂ। ਮਾਰਜਾ ਜਾਵਾਂ ਜਾਂ ਮਾਰਾਂ ਮੈਂ ਵੈਰੀਆਂ।
ਪਿੱਠ ਦਿਆਂ ਨ, ਨੱਸਣ ਦੀ ਆਸ ਨਾ। ਮੇਰੇ ਚਿਤ ਫੁਰੇ ਨਾ ਏ ਵਾਸ਼ਨਾ। (ਗਲ ਲਾ ਲਿਆ)
ਪਿਤਾ-ਵਾਹ ਵਾਹ ਬੱਚੜਾ ਮੈਨੂੰ ਅਤਿਪਜਾਰੜਾ।ਤੇਰਾ ਜਿਗਰ ਰਹੇ ਅਤਿਕਾਰੜਾ।
ਗੋਦੀ ਵਿਚ ਅਕਾਲ ਦੀ ਜਾਈਓ। ਅੰਕ ਰਬ ਦੀ ਜਾਇ ਸਮਾਈਓ।
ਪੁਤ੍ਰ- ਬਾਬੁਲ ਚਰਨਾਂ ’ਤੇ ਸੀਸ ਨਿਵਾਂਵਦਾ । ਫਤਹ ਆਪ ਨੂੰ ਦਾਸ ਗਜਾਂਵਦਾ।
ਆਗਿਆ ਪਾਲਣ ਪਿਤਾ ਜੀ ਹਾਂ ਜਾਂਵਦਾ। ਰਹਾਂ ਪਿੱਠ ਤੇ ਪਿਤਾ ਤਕਾਂਵਦਾ।
ਮੇਰੇ ਹਿਰਦੇ ’ਤੇ ਆਪ ਬਿਰਾਜੀਓ। ਮੈਥੋਂ ਕਾਰਜ ਅਪਨਾ ਕਰਾ ਲੀਓ।
ਮੈਂ ਤਾਂ ਪੁਤਲੀ ਪਿਤਾ ਜੀ ਹਾਂ ਆਪ ਦੀ। ਮੇਰੇ ਵਿਚ ਸ਼ਕਤਿ ਆਪ ਬਾਪ ਦੀ।
(ਬੂਹਾ ਖੁੱਲ੍ਹਿਆ ਤੇ ਸਾਹਿਬਜ਼ਾਦਾ ਛੇਕੜ ਦੀ ਵਾਰ ਪਿਤਾ ਵੱਲ ਤਕ ਕੇ ਸੀਸ ਨਿਵਾ ਕੇ ਇਹ ਕਹਿੰਦਾ ਨਿਕਲ ਗਿਆ:)
ਫਤਹ ਅੰਤ ਦੀ ਫੇਰ ਗਜਾਂਵਦਾ। ਅੰਤ ਵਾਲੇ ਦੀ ਗੋਦੀ ਹਾਂ ਜਾਂਵਦਾ ।
(26 ਦਸੰਬਰ 1 ਜਨਵਰੀ, ਖ਼ਾਲਸਾ ਸਮਾਚਾਰ ’ਚੋਂ ਧੰਨਵਾਦ ਸਹਿਤ!)



# ਮੇਰੀ ਦਸਤਾਰ-ਮੇਰਾ ਤਾਜ

—ਸ: ਗੁਰਬਖ਼ਸ਼ ਸਿੰਘ

ਗੱਲ ਅਮਰੀਕਾ ਦੀ ਹੈ, ਕੁਝ ਪੁਰਾਣੀ ਵੀ ਹੈ, ਪੰਦਰਾਂ ਕੁ ਸਾਲ ਪਹਿਲਾਂ ਡੀਟ੍ਰਾਇਟ (ਮਿਸ਼ੀਗਨ ਸਟੇਟ) ਸ਼ਹਿਰ ਦੇ ਗੁਰਦੁਆਰੇ ਦੇ ਦੀਵਾਨ ਵਿੱਚ ਇਕ ਗੋਰੇ ਦੇ (ਜੋ ਸਿੱਖ ਸਜਿਆ ਹੋਇਆ ਸੀ), ਦਸਤਾਰ ਬਾਰੇ ਵੀਚਾਰ ਸੁਣ ਕੇ ਸਾਰੀ ਸੰਗਤ ਦੇ ਨੇਤਰ ਸੱਜਲ ਹੋ ਗਏ। ਉਸ ਦਾ ਭਾਸ਼ਨ ਅੰਗਰੇਜ਼ੀ ਵਿੱਚ ਸੀ ਅਤੇ ਸੀ ਵੀ ਕੇਵਲ 5-7 ਮਿੰਟਾਂ ਦਾ।

## ਸਰਦਾਰੀ ਦਾ ਤਾਜ

ਉਸਨੇ ਕਿਹਾ, “ਜਿਸ ਵੇਲੇ ਮੈਂ ਦਸਤਾਰ ਸਜਾਉਂਦਾ ਹਾਂ ਤਾਂ ਮੇਰਾ ਮਨ, ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਸਿਮਰਨ ਵਿੱਚ ਜੁੜ ਜਾਂਦਾ ਹੈ। ਮੇਰਾ ਰੋਮ-ਰੋਮ ਕਹਿ ਰਿਹਾ ਹੁੰਦਾ ਹੈ—**ਇਹ ਕੇਵਲ ਦਸਤਾਰ ਹੀ ਨਹੀਂ, ਇਹ ਤਾਂ ਮੇਰੇ ਗੁਰੂ ਦਾ ਮੈਨੂੰ ਬਖ਼ਸ਼ਿਆ ਹੋਇਆ ਤਾਜ ਹੈ ਜਿਸ ਨੂੰ ਪਹਿਨ ਕੇ ਮੈਂ ਸਰਦਾਰ ਬਣ ਜਾਂਦਾ ਹਾਂ। ਇਸ ਨਾਲ ਮੈਂ ਗੁਰੂ ਦਾ ਪੁੱਤਰ ਬਣ ਜਾਂਦਾ ਹਾਂ ਤੇ ਉਸ ਦੇ ਵਿਰਸੇ ਦਾ ਹੱਕਦਾਰ ਬਣ ਜਾਂਦਾ ਹਾਂ।**

“ਮੇਰੇ ਪਾਸੋਂ ਮੇਰੀ ਸਰਦਾਰੀ ਦਾ ਇਹ ਤਾਜ ਕੋਈ ਖੋਹ ਨਹੀਂ ਸਕਦਾ। ਮੇਰੇ ਗੁਰੂ ਪਿਤਾ ਨੇ ਇਸ ਤਾਜ ਦੀ ਪੂਰੀ ਕੀਮਤ ਆਪਣੇ ਚਾਰ ਬੱਚਿਆਂ, ਮਾਤਾ-ਪਿਤਾ, ਬੇਅੰਤ ਸਿੱਖਾਂ ਅਤੇ ਆਪਾ ਵਾਰ ਕੇ ਤਾਰ ਦਿੱਤੀ ਹੈ। ਇਹ ਤਾਜ ਕਿਸੇ ਤੋਂ ਮੰਗ ਕੇ ਨਹੀਂ ਲਿਆ, ਨਾ ਹੀ ਕਿਸੇ ਤੋਂ ਜ਼ੋਰ ਨਾਲ ਖੋਹਿਆ ਹੈ। ਇਸ ਜਾਇਦਾਦ ਦਾ ਮੈਂ ਵਾਰਿਸ ਹਾਂ, ਇਸੇ ਕਰਕੇ ਸਾਰੇ ਮੈਨੂੰ ਸਰਦਾਰ ਜੀ ਕਹਿ ਕੇ ਬੁਲਾਉਂਦੇ ਹਨ। ਅੰਗਰੇਜ਼ੀ ਵਿਚ ਮੈਨੂੰ ਮਿਸਟਰ ਸਿੰਘ (ਸ਼ੇਰ) ਕਹਿੰਦੇ ਹਨ।”

ਜਦੋਂ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਨਵਾਬ ਸਰਹੰਦ ਨੇ ਆਪਣਾ ਧਰਮ ਤਿਆਗ ਕੇ ਰਾਜ-ਭਾਗ ਤੇ ਖੁਸ਼ੀਆਂ ਮਾਣਨ ਲਈ ਕਿਹਾ ਸੀ ਤਾਂ 7 ਤੇ 9 ਸਾਲ ਦੇ ਬੱਚਿਆਂ ਨੂੰ ਵੀ ਉਸਦੀ ਕੀਮਤ ਦਾ ਪਤਾ ਸੀ। ਉਨ੍ਹਾਂ ਕਸ਼ਟ ਝੱਲਦੇ ਹੋਏ ਜ਼ਿੰਦਾ ਨੀਹਾਂ ਵਿੱਚ ਚਿਣੇ ਜਾਣਾ ਪ੍ਰਵਾਨ ਕਰ ਲਿਆ ਸੀ, ਪਰ ਗੁਰੂ ਦੀ ਬਖ਼ਸ਼ਿਸ਼ ਅਤੇ ਉਨ੍ਹਾਂ ਦੇ ਪੁੱਤਰ ਹੋਣ ਦੀ ਨਿਸ਼ਾਨੀ ਦਸਤਾਰ ਨਹੀਂ ਤਿਆਗੀ ਸੀ। ਉਹ ਆਪਣੇ ਦਾਦਾ ਜੀ ਦੇ ਪਾਏ ਹੋਏ ਪੂਰਨਿਆਂ ਤੋਂ ਥਿੜਕੇ ਨਹੀਂ ਸਨ ।

ਇਹ ਗੱਲ ਦੱਸ ਕੇ ਉਨ੍ਹਾਂ ਪੰਜਾਬੀ ਸਿੱਖਾਂ ਨੂੰ ਹਲੂਣਿਆ। ਉਨ੍ਹਾਂ ਕਿਹਾ, **“ਮੈਨੂੰ ਬੇਅੰਤ ਦੁੱਖ ਹੁੰਦਾ ਹੈ ਜਦੋਂ ਅਕਾਲ ਪੁਰਖ ਦੀ ਕਿਰਪਾ ਦੁਆਰਾ ਸਿੱਖਾਂ ਦੇ ਘਰ ਜਨਮ ਲੈਣ ਵਾਲੇ ਬੱਚੇ ਆਪਣੇ ਇਸ ਤਾਜ ਨੂੰ ਲਾਹ ਕੇ ਸੁੱਟ ਦਿੰਦੇ ਹਨ ਅਤੇ**

**ਇਸ ਤਰ੍ਹਾਂ ਬੇਤਾਜ ਹੋ ਕੇ ਗਲੀਆਂ-ਸ਼ਹਿਰਾਂ ਵਿੱਚ ਰੁਲਦੇ ਹਨ। ਇਸ ਦਾ ਕਾਰਨ ਆਪਣੇ ਵਿਰਸੇ ਦੀ ਨਾ-ਸਮਝੀ ਹੈ।** ਦੂਜਾ ਕਾਰਨ ਪ੍ਰਚਾਰ ਦੀ ਢਿੱਲ ਵੀ ਕਿਹਾ ਜਾ ਸਕਦਾ ਹੈ ਕਿ ਇਸ ਲਾਸਾਨੀ ਵਿਰਸੇ ਤੋਂ ਉਨ੍ਹਾਂ ਨੂੰ ਜਾਣੂ ਹੀ ਨਹੀਂ ਕਰਵਾਇਆ ਗਿਆ। ਇਹ ਤਾਂ ਵਿਰਸੇ ਦੇ ਮਾਲਕ ਦੀ ਵੀ ਜ਼ਿੰਮੇਵਾਰੀ ਹੈ ਕਿ ਉਹ ਇਸ ਤੋਂ ਆਪ ਜਾਣੂ ਹੋਵੇ ਤੇ ਸੰਭਾਲ ਕਰੇ।"

## ਹੰਝੂ ਭਰੇ ਨੇਤਰ

ਮੈਂ ਸੰਗਤ ਵਿਚ ਇੱਧਰ-ਉੱਧਰ ਸਭ ਵੱਲ ਵੇਖਿਆ-ਦਸਤਾਰਾਂ ਵਾਲੇ ਤੇ ਬਿਨਾਂ ਦਸਤਾਰਾਂ ਵਾਲੇ, ਸਭ ਦੀਆਂ ਅੱਖਾਂ ਭਿੱਜੀਆਂ ਸਨ ਤੇ ਕੁਝ ਸਿੱਖ ਅਥਰੂ ਪੂੰਝ ਰਹੇ ਸਨ; ਜਦੋਂ ਸਿੱਖ ਕਹਿ ਰਿਹਾ ਸੀ, **"ਤੁਹਾਨੂੰ ਇਹ ਤਾਜ ਵਿਰਸੇ ਵਿਚ ਬਿਨਾਂ ਕੀਮਤ ਤਾਰੇ ਮਿਲ ਗਿਆ ਹੈ। ਮੈਂ ਆਪਣੇ ਭੈਣ-ਭਾਈ ਪਰਿਵਾਰ ਛੱਡ ਕੇ ਇਸਨੂੰ ਪਾਇਆ ਹੈ। ਮੈਂ ਬੇਨਤੀ ਕਰਦਾ ਹਾਂ ਕਿ ਗੁਰੂਆਂ ਤੇ ਸਿੱਖਾਂ ਵੱਲੋਂ ਦਿੱਤੀ ਇਸ ਤਾਜ ਦੀ ਭੇਟਾ ਭੁਲਾਉ ਨਾ, ਤਾਜ ਆਪਣੇ ਸਿਰ 'ਤੇ ਸਜਾ ਕੇ ਸਰਦਾਰ ਜੀ ਬਣੋ ਅਤੇ ਗੁਰੂ ਗੋਬਿੰਦ ਸਿੰਘ ਜੀ ਵਰਗੇ ਲਾਸਾਨੀ ਪਿਤਾ ਦੇ ਪੁੱਤਰ ਕਹਾਉਣ ਦੀਆਂ ਖੁਸ਼ੀਆਂ ਮਾਣੋ। ਇਸ ਖੁਸ਼ੀ ਨੂੰ ਹੋਰਾਂ ਨਾਲ ਵੀ ਸਾਂਝੀ ਕਰੋ। ਸਿੱਖਾਂ ਦੀ ਇਹ ਜਾਨ ਨਾਲੋਂ ਪਿਆਰੀ, ਵਿਰਾਸਤ ਸੰਭਾਲੋ। ਆਪ ਹੀ ਇਸ ਨੂੰ ਪਰ੍ਹੇ ਸੁੱਟ ਕੇ ਆਪਣੇ ਮਹਾਨ ਗੁਰੂ-ਪਿਤਾ ਤੋਂ ਬੇਮੁੱਖ ਨਾ ਹੋਵੋ।"**

# ਖ਼ਾਲਸਾ ਪੰਥ ਦੀ ਅਰਦਾਸ

''ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ-ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਦਿੱਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ, ਤਿਨ੍ਹਾਂ ਦੀ ਕਮਾਈ ਦਾ ਧਿਆਨ ਕਰ ਕੇ, ਖ਼ਾਲਸਾ ਜੀ! ਬੋਲੋ ਜੀ ਵਾਹਿਗੁਰੂ!''

**ਇਹ ਸਿੱਖ ਨੂੰ ਦੋਵੇਂ ਵੇਲੇ ਯਾਦ ਕਰਵਾਉਂਦੀ ਹੈ ਕਿ ਕੇਸਾਂ ਨਾਲ ਹੀ ਸਿੱਖ ਕਹਾ ਸਕਦੇ ਹੋ, ਕੇਸਾਂ ਨੂੰ ਤਿਆਗਣਾ ਸਿੱਖੀ ਨੂੰ ਤਿਆਗਣਾ ਹੈ, ਗੁਰੂ ਤੋਂ ਬੇਮੁੱਖ ਹੋਣਾ ਹੈ।** ਸਿੱਖ ਪੰਥ ਦੇ ਇਤਿਹਾਸ ਤੋਂ ਇਹ ਗੱਲ ਚੰਗੀ ਤਰ੍ਹਾਂ ਸਪੱਸ਼ਟ ਹੈ—

ਭਾਈ ਤਾਰੂ ਸਿੰਘ ਜੀ ਨੇ ਖੋਪਰੀ ਲੁਹਾਈ ਪਰ ਕੇਸ ਕਤਲ ਕਰਵਾਉਣ ਨੂੰ ਨਹੀਂ ਮੰਨਿਆ। ਪਿਤਾ, ਪੁੱਤਰ, ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਦਾ ਸਰਕਾਰ ਬਹੁਤ ਆਦਰ-ਮਾਣ ਕਰਦੀ ਸੀ, ਜਿਸ ਵੇਲੇ ਉਨ੍ਹਾਂ ਨੂੰ ਰਾਜ-ਭਾਗ ਤੇ ਸੁੱਖਾਂ ਬਦਲੇ ਸਿੱਖੀ ਤਿਆਗਣ ਲਈ ਕਿਹਾ ਤਾਂ ਉਹ ਚਰਖੜੀਆਂ 'ਤੇ ਚੜ੍ਹ ਕੇ



ਤੂੰਬਾ-ਤੂੰਬਾ ਤਾਂ ਹੋ ਗਏ ਪਰ ਸਿੱਖ ਧਰਮ ਨਹੀਂ ਤਿਆਗਿਆ।

**ਅੱਜ ਦੇ ਸਮੇਂ ਦੀ ਵੀ ਗੱਲ ਦੱਸਣੀ ਜ਼ਰੂਰੀ ਹੈ।**

## ਸਿੱਖ ਪੁਲੀਸ ਅਫ਼ਸਰ ਦੀ ਦਸਤਾਰ

ਕੈਨੇਡਾ ਦੀ ਪੁਲੀਸ ਦਾ ਇਮਤਿਹਾਨ ਪਾਸ ਕਰਨ ਪਿੱਛੋਂ ਇਕ ਸਿੱਖ ਨੇ ਵਰਦੀ ਪਾਉਣ ਲਈ ਟੋਪੀ ਦੀ ਥਾਂ ਦਸਤਾਰ ਦੀ ਹੀ ਮੰਗ ਕੀਤੀ । ਉਹ ਇਸ ਗੱਲ 'ਤੇ ਪੱਕਾ ਸੀ ਕਿ ਮੇਰਾ ਧਰਮ **"ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾਉਣਾ ਹੈ, ਮੈਨੂੰ ਟੋਪੀ ਨਹੀਂ, ਦਸਤਾਰ ਚਾਹੀਦੀ ਹੈ।"** ਪੁਲੀਸ ਵਾਲਿਆਂ ਲਈ ਇਹ ਇਕ ਵੱਡੀ ਸਮੱਸਿਆ ਬਣ ਗਈ। ਅਖੀਰ ਕੇਸ ਪ੍ਰਧਾਨ-ਮੰਤਰੀ ਪਾਸ ਗਿਆ। ਉਸਨੇ ਕਾਨੂੰਨ ਦੇ ਮਾਹਿਰਾਂ ਨਾਲ ਸਲਾਹ ਕਰ ਕੇ ਦਸਤਾਰ ਦੇਣ ਦੇ ਹੁਕਮ ਕਰ ਦਿੱਤੇ ਅਤੇ ਸਿੱਖ ਪੁਲੀਸ ਅਫ਼ਸਰ ਲਈ ਵਰਦੀ ਵਿੱਚ ਟੋਪੀ ਦੀ ਥਾਂ ਦਸਤਾਰ ਦੇਣਾ ਮਨਜ਼ੂਰ ਕਰ ਦਿੱਤਾ।

ਕੁਝ ਕੈਨੇਡੀਅਨ ਲੋਕਾਂ ਨੇ ਸਰਕਾਰ ਦੇ ਇਸ ਫ਼ੈਸਲੇ ਨੂੰ ਚੁਣੌਤੀ ਦਿੱਤੀ ਤੇ ਸੁਪਰੀਮ ਕੋਰਟ ਵਿੱਚ ਸਰਕਾਰ 'ਤੇ ਕੇਸ ਕਰ ਦਿੱਤਾ। ਉਨ੍ਹਾਂ ਦਾ ਵੀਚਾਰ ਸੀ ਕਿ ਸਰਕਾਰ ਨੂੰ ਕੋਈ ਹੱਕ ਨਹੀਂ ਕਿ ਕੈਨੇਡਾ ਦੀ ਪੁਰਾਤਨ ਚਲੀ ਆ ਰਹੀ ਵਰਦੀ ਵਿੱਚ ਕੋਈ ਤਬਦੀਲੀ ਕਰੇ। ਇਹ ਯੂਨੀਫਾਰਮ ਕਿਵੇਂ ਹੋਈ, ਜੇਕਰ ਇਕ ਅਫ਼ਸਰ ਟੋਪੀ ਪਾਵੇ ਤੇ ਦੂਜਾ ਦਸਤਾਰ ਬੰਨ੍ਹੇ? ਯੂਨੀਫਾਰਮ ਦਾ ਭਾਵ ਹੀ ਇਕ ਰੂਪ ਹੋਣਾ ਹੈ।

ਇਸ ਬਾਰੇ ਦੇਸ਼ ਵਿੱਚ ਬਹਿਸ ਛਿੜ ਪਈ। ਇਕ ਵੀਚਾਰ ਸੀ ਕਿ ਦਸਤਾਰ ਜਾਂ ਟੋਪੀ ਦਾ ਫ਼ੈਸਲਾ ਗ਼ਲਤ ਹੈ। ਜੇ ਸਿੱਖ ਨੇ ਪੁਲੀਸ ਵਿੱਚ ਜਾਣਾ ਹੈ ਤਾਂ ਪੁਲੀਸ ਦੀ ਪੂਰੀ ਵਰਦੀ ਪਾਵੇ, ਨਹੀਂ ਤਾਂ ਕਿਸੇ ਹੋਰ ਨੌਕਰੀ 'ਤੇ ਲੱਗ ਜਾਵੇ।

**ਕਿਸੇ ਗੋਰੇ ਨੇ ਹੀ ਦਸਤਾਰ ਦੇ ਹੱਕ ਵਿੱਚ ਇਹ ਲਿਖਿਆ—''ਜਦੋਂ ਕੱਲ੍ਹ Crown (ਅੰਗਰੇਜ਼ ਰਾਜ ਨੂੰ) ਬਹਾਦਰ ਸਿੱਖ ਫੌਜੀਆਂ ਦੀ ਲੋੜ ਸੀ ਤਾਂ ਉਸ ਵੇਲੇ ਵਰਦੀ ਬਦਲੀ ਗਈ ਸੀ। ਹੈਟ ਦੀ ਥਾਂ ਸਿੱਖ ਫੌਜੀਆਂ ਨੂੰ ਦਸਤਾਰ ਹੀ ਦਿੱਤੀ ਜਾਂਦੀ ਸੀ। ਦਸਤਾਰ ਸਮੇਤ ਹੀ ਉਨ੍ਹਾਂ ਨੂੰ ਵਲੈਤ (ਲੰਡਨ) ਸੱਦ ਕੇ ਸਲਾਮੀ ਵਿੱਚ ਸ਼ਾਮਲ ਕੀਤਾ ਜਾਂਦਾ ਸੀ। ਜਦੋਂ ਸਿੱਖ ਦਸਤਾਰ ਬੰਨ੍ਹ ਕੇ ਬਿਨਾਂ ਹੈਟ ਪਾਇਆਂ ਗੋਲੀਆਂ ਤੋਪਾਂ ਦਾ ਮੁਕਾਬਲਾ ਕਰਦਾ ਰਿਹਾ ਹੈ ਤਾਂ ਅੱਜ ਸਿੱਖ ਨਾਲ ਪੁਲੀਸ ਵਿੱਚ ਭਰਤੀ ਹੋਣ ਵੇਲੇ ਧੱਕਾ ਕਿਉਂ? ਕੇਸ ਤੇ ਦਸਤਾਰ ਸਿੱਖ ਦੇ ਧਰਮ ਦੀ ਨਿਸ਼ਾਨੀ ਹੈ, ਸਿੱਖ ਨੂੰ ਵਰਦੀ ਵਿੱਚ ਦਸਤਾਰ ਦੇਣੀ ਹੀ ਬਣਦੀ ਹੈ।''**

ਸੁਪਰੀਮ ਕੋਰਟ ਦੇ ਫ਼ੈਸਲੇ ਵਿੱਚ ਇਹ ਗੱਲ ਮਨਜ਼ੂਰ ਕਰ ਲਈ ਗਈ। ਉਸ ਸਿੱਖ ਦੀ ਦਸਤਾਰ ਸਮੇਤ ਅਖ਼ਬਾਰ ਵਿੱਚ ਫੋਟੋ ਛਪੀ, ਜਿਹੜੀ ਕਿ ਸਿੱਖ

ਨੌਜਵਾਨਾਂ ਨੂੰ ਡਾਵ੍ਹਾਂ-ਡੋਲ ਅਤੇ ਦੁਚਿੱਤੇਪਨ ਤੋਂ ਕੱਢ ਕੇ ਸਿੱਖੀ ਨਾਲ ਜੁੜਨ ਵਿੱਚ ਸਹਾਈ ਹੋਈ। ਧੰਨ ਹਨ ਇਹ ਸਿੱਖ, ਜੋ ਨਿਮਰਤਾ ਪ੍ਰੇਮ ਵਿੱਚ ਰਹਿੰਦੇ ਹੋਏ, ਆਪਣੇ ਧਰਮ ਦੇ ਅਸੂਲਾਂ ਨੂੰ ਸਵਾਸਾਂ ਨਾਲ ਨਿਭਾਉਂਦੇ ਹਨ ਤੇ ਹੋਰਾਂ ਲਈ ਪ੍ਰੇਰਨਾ ਦਾ ਰਾਹ ਬਣਦੇ ਹਨ। ਪਿਛਲੇ ਸਾਲਾਂ ਵਿੱਚ ਕੁਝ ਹੋਰ ਸਿੱਖਾਂ ਨੇ ਦਸਤਾਰ ਸਮੇਤ ਪੁਲੀਸ ਦੀ ਟ੍ਰੇਨਿੰਗ ਪਾਸ ਕਰ ਲਈ ਹੈ।

# ਇਕ ਅਸਹਿ ਦਰਦ

ਕਿੰਨਾ ਦੁੱਖ ਹੋਇਆ ਹੈ ਪੰਜਾਬ ਦੇ ਖ਼ਾਲਸਾ ਸਕੂਲਾਂ ਵਿਚ ਬੱਚੇ ਬਿਨਾਂ ਦਸਤਾਰ ਦੇ ਪੜ੍ਹਦੇ ਵੇਖ ਕੇ! **ਆਪਣੇ ਵਿਰਸੇ ਤੋਂ ਜਾਣੂ ਹੋਵੋ! ਇਹ ਤਾਂ ਬਹੁਤ ਮਹਿੰਗੇ ਮੁੱਲ ਲੈ ਕੇ ਗੁਰੂ ਨੇ ਸਾਨੂੰ ਦਿੱਤੀ ਹੈ!**

ਸਿਰ ਢੱਕ ਕੇ ਰੱਖਣਾ ਚੰਗੀ ਸੱਭਿਅਤਾ ਦੀ ਵੀ ਨਿਸ਼ਾਨੀ ਹੈ। ਲੇਖਕ ਨੂੰ ਇਕ ਕੈਂਪ 'ਤੇ ਬੱਚੀਆਂ ਨਾਲ ਵੀਚਾਰ ਕਰਦਿਆਂ ਹੈਰਾਨੀ ਹੋਈ ਅਤੇ ਮਨ ਦੀ ਪੀੜਾ ਨੇ ਅੱਖੀਆਂ ਵਿੱਚ ਅੱਥਰੂ ਲਿਆ ਦਿੱਤੇ; ਜਦੋਂ ਇਕ ਟੀਚਰ ਨੇ ਦੱਸਿਆ ਕਿ ਉਨ੍ਹਾਂ ਦੀ ਪ੍ਰਿੰਸੀਪਲ ਤੁਰਦੀ ਫਿਰਦੀ ਜੇ ਕਿਸੇ ਟੀਚਰ ਦੇ ਸਿਰ 'ਤੇ ਚੁੰਨੀ ਵੇਖਦੀ ਹੈ ਤਾਂ ਲਾਹ ਕੇ ਕਹਿੰਦੀ ਹੈ, ''ਟੀਚਰ ਨੂੰ ਮਾਡਰਨ ਲੱਗਣਾ ਚਾਹੀਦਾ ਹੈ।''

ਇਸ ਦਾ ਨਾਮ ਹੈ ਭੇਡ ਚਾਲ। ਵੀਚਾਰ ਨਹੀਂ ਵਰਤਣੀ, ਪਰ ਦੂਜੇ ਦੀ ਰੀਸ ਕਰਨੀ ਹੀ ਸਿਆਣਪ ਮੰਨਣੀ ਹੈ। ਗੁਰੂ ਉਪਦੇਸ਼ ਹੈ, ਸਿਰ ਢੱਕੋ। ਤੁਹਾਡੀ ਭੇਡ ਚਾਲ ਸਿਰ ਨੰਗਾ ਕਰਨ ਨੂੰ ਕਹਿੰਦੀ ਹੈ। ਇਹ ਫ਼ੈਸਲਾ ਤੁਹਾਡਾ ਹੈ ਕਿ ਤੁਸੀਂ ਭੇਡ ਬਣਨਾ ਹੈ ਜਾਂ ਗੁਰੂ ਦੀ ਸਿਆਣੀ ਸ਼ੇਰ ਬੱਚੀ?

## ਦਸਤਾਰ ਜਾਨ ਨਾਲੋਂ ਪਿਆਰੀ

ਅਮਰੀਕਾ ਵਿੱਚ ਇੱਕ ਸਿੱਖ ਡਾਕਟਰ ਨੂੰ ਡਿਗਰੀ (Ph.D.) ਪਾਸ ਕਰਨ ਪਿੱਛੋਂ ਕਈ ਥਾਵਾਂ ਤੋਂ ਨੌਕਰੀ ਤੋਂ ਨਾਂਹ ਵਿੱਚ ਉੱਤਰ ਆਉਂਦਾ ਵੇਖ ਕੇ ਉਸਦੀ ਡੀਨ (Dean of faculty) ਨੇ ਕਿਹਾ, ''ਡਾਕਟਰ ਸਿੰਘ, ਤੇਰੀ ਦਾਹੜੀ ਤੇ ਦਸਤਾਰ ਦੇਖ ਕੇ, ਤੈਨੂੰ ਕੋਈ ਵੀ ਸੰਸਥਾ ਰੱਖਣ ਨੂੰ ਤਿਆਰ ਨਹੀਂ। ਮੈਂ ਮਨੋਵਿਗਿਆਨੀ ਦੇ ਖ਼ਰਚੇ ਦੇ ਦਿੰਦੀ ਹਾਂ ਤਾਂਕਿ ਉਹ ਤੈਨੂੰ ਸਮਝਾ ਸਕੇ ਕਿ ਕੇਸ ਦਾਹੜੀ ਜ਼ਰੂਰੀ ਨਹੀਂ ਅਤੇ ਤੂੰ ਆਪਣੀ ਦਸਤਾਰ ਲਾਹੁਣ ਵਿੱਚ ਦੁੱਖ ਮਹਿਸੂਸ ਨਾ ਕਰੇਂ ।''

ਉਸ ਨੇ ਉੱਤਰ ਦਿੱਤਾ, ''**ਧੰਨਵਾਦ ਹੈ ਤੁਹਾਡਾ ਮੈਡਮ! ਤੁਹਾਨੂੰ ਦਸਤਾਰ ਦੀ ਕੀਮਤ ਦਾ ਪਤਾ ਨਹੀਂ, ਇਹ ਮੇਰੀ ਜਾਨ ਨਾਲੋਂ ਵੀ ਪਿਆਰੀ ਹੈ। ਪ੍ਰੋਫ਼ੈਸਰੀ ਬਦਲੇ ਮੈਂ ਇਸ ਨੂੰ ਵੇਚ ਨਹੀਂ ਸਕਦਾ।**''



ਘਰ ਨੂੰ ਆਉਂਦਾ ਕੋਈ ਹੋਰ ਕੰਮ ਕਰਨ ਦੀ ਸੋਚ ਰਿਹਾ ਸੀ। ਜਦੋਂ ਆ ਕੇ ਉਸ ਦਿਨ ਦੀ ਡਾਕ ਵੇਖੀ ਤਾਂ ਗੁਰੂ ਦਾ ਧੰਨਵਾਦ ਕੀਤਾ-

**''ਐ ਗੁਰੂ ਪਾਤਸ਼ਾਹ! ਤੇਰਾ ਧੰਨਵਾਦ ਹੈ, ਤੂੰ ਮੈਨੂੰ ਇਸ ਕਰੜੇ ਇਮਤਿਹਾਨ ਵਿਚੋਂ ਪਾਸ ਹੋਣ ਦੀ ਸਮਰੱਥਾ ਦਿੱਤੀ।''**

ਉਸ ਨੂੰ ਯੂ. ਐਨ. ਉ. (U.N.O.) ਦੀ ਬਹੁਤ ਵੱਡੀ ਮਾਣ-ਸਤਿਕਾਰ ਵਾਲੀ ਨੌਕਰੀ ਦੀ ਚਿੱਠੀ ਮਿਲ ਗਈ। ਉਹ ਬਹੁਤ ਉੱਚੀ ਪਦਵੀ ਤੋਂ ਦਸਤਾਰ ਤੇ ਕੇਸਾਂ ਸਮੇਤ ਰੀਟਾਇਰ ਹੋ ਕੇ ਅਮਰੀਕਾ ਵਿੱਚ ਹੀ ਰਹਿਣ ਲੱਗਾ।

**ਉਹ ਲੇਖਕ ਦਾ ਪੁਰਾਣਾ ਮਿੱਤਰ ਸੀ। ਸਾਰੀ ਗੱਲ ਦੱਸ ਕੇ ਕਹਿਣ ਲੱਗਾ, ''ਗੁਰੂ ਤਾਂ ਹਰ ਵੇਲੇ ਨਾਲ ਹੈ ਪਰ ਅਸੀਂ ਹੀ ਡੋਲ ਜਾਂਦੇ ਹਾਂ।''**

ਗੁਰੂ ਪਾਤਸ਼ਾਹ ਕਿਰਪਾ ਕਰਨ ਅਸਾਂ ਸਮੂਹ ਸਿੱਖਾਂ ਦੇ ਸਿੱਖੀ ਸਰੂਪ ਦੀ ਸੰਭਾਲ ਹਿੱਤ! ਗੁਰੂ ਜੀ ਨੇ ਜਿਸ ਤਾਜ ਲਈ ਇਤਨੀ ਕੁਰਬਾਨੀ ਕਰ ਕੇ ਸਾਨੂੰ ਵਿਰਾਸਤ ਵਿੱਚ ਬਖ਼ਸ਼ਿਆ ਹੈ, ਉਸਨੂੰ ਅਸੀਂ ਗੌਰਵ ਨਾਲ ਪਹਿਨੀਏ। ਗੁਰੂ ਤੋਂ ਬੇਮੁੱਖ ਹੋ ਕੇ ਕੋਈ ਟਿਕਾਣਾ ਨਹੀਂ। ਇਸ ਵਿੱਚੋਂ ਧਨ-ਦੌਲਤ ਨਹੀਂ ਪਰ ਸਿੱਖ ਹੋਣ ਦਾ ਇੱਜ਼ਤ ਸਤਿਕਾਰ ਪ੍ਰਾਪਤ ਹੈ। ਉਸਨੂੰ ਭੇਡ-ਚਾਲ ਵਿੱਚ ਰੁੜ੍ਹ ਕੇ ਗੁਆਉਣਾ ਪਾਪ ਹੈ। ਵਾਹਿਗੁਰੂ ਕਿਰਪਾ ਕਰਨ, ਜਿਨ੍ਹਾਂ-ਜਿਨ੍ਹਾਂ ਨੇ ਇਸ ਤਾਜ ਨੂੰ ਮੁੜ ਪਹਿਨਿਆ ਹੈ, ਉਨ੍ਹਾਂ ਤੋਂ ਪੁੱਛ ਕੇ ਵੇਖੋ ਕਿ ਉਨ੍ਹਾਂ ਨੂੰ ਕਿੰਨੀ ਪ੍ਰਸੰਨਤਾ ਹੋਈ ਹੈ! ਕੋਈ ਵੀ ਸਿੱਖ ਇਸ ਤਾਜ ਨੂੰ ਲਾਹ ਕੇ ਨਾ ਸੁੱਟੇ। ਧਿਆਨ ਧਰੋ ਉਨ੍ਹਾਂ ਮਾਸੂਮ ਬੱਚਿਆਂ ਅਤੇ ਬੇਅੰਤ ਸਿੱਖਾਂ ਦਾ, ਜਿਨ੍ਹਾਂ ਨੇ ਇਹ ਦਸਤਾਰ ਰੂਪੀ ਤਾਜ ਆਪਣੀਆਂ ਜਾਨਾਂ ਵਾਰ ਕੇ ਸਾਨੂੰ ਬਖ਼ਸ਼ਿਆ ਹੈ।

# ਬਾਲ ਸ਼ਹੀਦੀਆਂ ਦਾ ਜੋੜ ਮੇਲਾ

**—ਜੀ. ਕੇ. ਸਿੰਘ**

ਜਿਉਂ ਹੀ ਪੋਹ ਦਾ ਮਹੀਨਾ ਚੜ੍ਹਦਾ ਹੈ, ਸ਼ਹੀਦੀ ਜੋੜ ਮੇਲਿਆਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। **20** ਦਸੰਬਰ **1704** ਈ. ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਜਿਸ ਵਕਤ ਆਨੰਦਪੁਰ ਸਾਹਿਬ ਨੂੰ ਮੁਗ਼ਲ ਹਕੂਮਤ ਦੇ ਭਰੋਸੇ ਅਲਵਿਦਾ ਆਖੀ ਤਾਂ ਮੁਗ਼ਲ ਤੇ ਪਹਾੜੀ ਫ਼ੌਜਾਂ ਨੇ ਹਮਲਾ ਬੋਲ ਦਿੱਤਾ। ਸਰਸਾ ਨਦੀ ਦੇ ਤੇਜ਼ ਵਹਾਅ ਵਿੱਚ ਨਾ ਕੇਵਲ ਅਹਿਮ ਅਨਮੋਲ ਵਸਤਾਂ ਅਤੇ ਸਾਹਿਤ ਰੁੜ੍ਹ ਗਿਆ ਸਗੋਂ ਗੁਰੂ ਸਾਹਿਬ ਦਾ ਪੂਰਾ ਪਰਿਵਾਰ ਵਿੱਛੜ ਗਿਆ। ਗੁਰੂ ਸਾਹਿਬ, ਸਾਹਿਬਜ਼ਾਦਾ ਅਜੀਤ ਸਿੰਘ ਅਤੇ ਜੁਝਾਰ ਸਿੰਘ ਰਾਤ ਦੇ ਹਨੇਰੇ ਵਿੱਚ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਨਾਲੋਂ ਵੱਖ ਹੋ ਗਏ। ਭਾਈ ਮਨੀ ਸਿੰਘ, ਮਾਤਾ ਸਾਹਿਬ ਦੇਵਾਂ ਜੀ ਅਤੇ ਮਾਤਾ ਸੁੰਦਰੀ ਜੀ ਅਲੱਗ ਹੋ ਕੇ ਦਿੱਲੀ ਵੱਲ ਚੱਲ ਪਏ। **20** ਦਸੰਬਰ ਦੀ ਰਾਤ ਨੂੰ ਹੀ ਰੋਪੜ ਦੇ ਸਥਾਨਕ ਮੁਖੀ ਰੰਗੜ ਨੇ ਗੁਰੂ ਸਾਹਿਬ ਨੂੰ ਨਾਲ ਲੱਗਦੇ ਮਘੇ ਹੋਏ ਇੱਟਾਂ ਦੇ ਭੱਠੇ ਵੱਲ ਇਸ਼ਾਰਾ ਕਰ ਦਿੱਤਾ। ਕਹਿੰਦੇ ਨੇ ਕਿ ਜਿਉਂ ਹੀ ਗੁਰੂ ਸਾਹਿਬ ਦੇ ਘੋੜੇ ਨੇ ਭੱਠੇ ਵਿੱਚ ਪ੍ਰਵੇਸ਼ ਕੀਤਾ, ਭੱਠਾ ਠੰਢਾ ਹੋ ਗਿਆ। **21** ਦਸੰਬਰ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਡੇ ਸਾਹਿਬਜ਼ਾਦਿਆਂ ਅਤੇ ਚਾਲੀ ਸਿੰਘਾਂ ਨਾਲ ਚਮਕੌਰ ਦੀ ਗੜ੍ਹੀ ਵਿੱਚ ਪਹੁੰਚ ਗਏ।

ਚਮਕੌਰ ਦੀ ਗੜ੍ਹੀ **22** ਦਸੰਬਰ ਨੂੰ ਉਸ ਅਸਾਵੀਂ ਜੰਗ ਦਾ ਮੈਦਾਨ ਬਣ ਗਈ ਜਿਸ ਦੀ ਮਿਸਾਲ ਦੁਨੀਆਂ ਵਿੱਚ ਹੋਰ ਕਿਧਰੇ ਵੀ ਨਹੀਂ ਮਿਲਦੀ। ਇਕ ਪਾਸੇ ਚਾਲੀ ਸਿੰਘ ਤੇ ਸਾਹਿਬਜ਼ਾਦੇ ਅਤੇ ਸਾਹਮਣੇ ਮੁਗ਼ਲ ਹਕੂਮਤ ਦੀ ਵੱਡੀ ਫ਼ੌਜ ਦਾ ਲਾਮ-ਲਸ਼ਕਰ ਤਲਵਾਰਾਂ ਸੂਤੀ ਖੜ੍ਹਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਵੇਂ ਗੜ੍ਹੀ ਵਿੱਚ ਹਾਜ਼ਰ ਸਿੰਘਾਂ ਨੂੰ ਸੰਬੋਧਨ ਕੀਤਾ, ਅੱਲਾ ਯਾਰ ਖਾਂ ਜੋਗੀ ਨੇ ਆਪਣੀ ਕਵਿਤਾ ਵਿੱਚ ਇਸ ਵਾਰਤਾਲਾਪ ਨੂੰ ਬਹੁਤ ਖ਼ੂਬਸੂਰਤੀ ਨਾਲ ਲਿਖਿਆ ਹੈ–

**"ਹਮ ਨੇ ਭੀ ਇਸੇ ਮਕਾਮ ਪ: ਜਾਨਾ ਹੈ ਜਲਦ ਤਰ**  
**ਜਿਸ ਜਗਹ ਤੁਮ ਕੋ ਅਪਨੇ ਕਟਾਨੇ ਪੜੇਂਗੇ ਸਰ**  
**ਹੋਂਗੇ ਸ਼ਹੀਦ ਲੜ ਕੇ ਯਿਹ ਬਾਕੀ ਕੇ ਦੋ ਪਿਸਰ**[੧੫]  
**ਰਹ ਜਾਊਂਗਾ ਅਕੇਲਾ ਮੈਂ ਕਲ ਤਕ ਲੁਟਾ ਕੇ ਘਰ**  
**ਪਹਲੇ ਪਿਤਾ ਕਟਾਯਾ ਅਬ ਬੇਟੇ ਕਟਾਊਂਗਾ**  
**ਨਾਨਕ ਕਾ ਬਾਗ਼ ਖ਼ੂਨਿ-ਜਿਗਰ ਸੇ ਖਿਲਾਊਂਗਾ।"**

ਉਹ ਪਲ ਦਿਲ ਹਿਲਾਉਣ ਵਾਲੇ ਹੋਣਗੇ ਜਦ ਗੁਰੂ ਸਾਹਿਬ ਆਪਣੇ ਸਾਹਿਬਜ਼ਾਦਿਆਂ ਨੂੰ ਜੰਗ ਦੇ ਮੈਦਾਨ ਵਿੱਚ ਜਾਂਦਿਆਂ ਵੇਖ ਰਹੇ ਹੋਣਗੇ। ਇਤਿਹਾਸ ਗਵਾਹ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲੜੀਆਂ ਚੌਦਾਂ ਲੜਾਈਆਂ ਵਿੱਚੋਂ



ਇਹੀ ਇਕ ਲੜਾਈ ਸੀ ਜਿਹੜੀ ਫ਼ੈਸਲਾਕੁੰਨ ਨਹੀਂ ਸੀ, ਬਾਕੀ ਤੇਰਾਂ ਯੁੱਧ ਗੁਰੂ ਸਾਹਿਬ ਨੇ ਜਿੱਤੇ ਅਤੇ ਆਖ਼ਰੀ ਜੰਗ ਦਾ ਮੈਦਾਨ ਖਿਦਰਾਣੇ ਦੀ ਢਾਬ ਸੀ ।

ਛੋਟੇ ਹੁੰਦਿਆਂ ਇਹ ਨਹੀਂ ਸੀ ਪਤਾ ਚਲਦਾ ਕਿ 'ਚਮਕੌਰ' ਨਾਉਂ ਦਾ ਕੀ ਅਰਥ ਹੈ। ਪੜ੍ਹਦਿਆਂ ਫਿਰ ਮਾਲੂਮ ਹੋਇਆ ਕਿ ਚਮਕੌਰ ਦੀ ਗੜ੍ਹੀ ਤੋਂ ਹੀ ਸਾਡੇ ਲਈ ਇਹ ਨਵੇਕਲਾ ਤੇ ਅਰਥ ਭਰਪੂਰ ਨਾਂ ਬਣ ਗਿਆ। ਚਮਕੌਰ ਦੀ ਗੜ੍ਹੀ ਜਿੱਥੇ ਤਿੰਨ ਸੌ ਸੱਤ ਸਾਲ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਵੱਡੇ ਸਾਹਿਬਜ਼ਾਦਿਆਂ ਅਤੇ ਚਾਲੀ ਕੁ ਭੁੱਖੇ ਭਾਣੇ ਸਿੰਘ ਯੋਧਿਆਂ ਨੇ ਇਕ ਬੇਮਿਸਾਲ ਯੁੱਧ ਲੜਿਆ, ਹੁਣ ਸ੍ਰੀ ਚਮਕੌਰ ਸਾਹਿਬ ਬਣ ਕੇ ਪੂਰੇ ਭਾਰਤ ਲਈ ਇਕ ਮੁਕੱਦਸ ਸਥਾਨ ਬਣ ਗਿਆ । ਚਮਕੌਰ ਦਾ ਯੁੱਧ ਦੁਨੀਆਂ ਦਾ ਆਪਣੀ ਕਿਸਮ ਦਾ ਅਸਾਵਾਂ ਯੁੱਧ ਸੀ ਜਿਸ ਨੇ ਯੁੱਧਾਂ ਦੇ ਇਤਿਹਾਸ ਨੂੰ ਨਵੀਆਂ ਦਿਸ਼ਾਵਾਂ ਦਿੱਤੀਆਂ। ਇਹ ਪਹਿਲਾ ਯੁੱਧ ਸੀ; ਜਿੱਥੇ ਇਕ ਪਿਤਾ ਨੇ ਆਪਣੇ ਪੁੱਤਰਾਂ ਨੂੰ ਆਪ ਕਿਰਪਾਨ ਸਜਾ ਕੇ ਦੁਸ਼ਮਣ ਦੀਆਂ ਚਲਦੀਆਂ ਤਲਵਾਰਾਂ ਵਿੱਚ ਭੇਜਿਆ ਹੋਵੇ।

ਇਤਿਹਾਸਿਕ ਹਵਾਲਿਆਂ ਅਨੁਸਾਰ ਅਕਸਰ ਜੰਗਾਂ ਦਾ ਮਨੋਰਥ ਭੂਗੋਲਿਕ ਹੱਦਾਂ ਵਧਾਉਣ ਨਾਲ ਹੁੰਦਾ ਹੈ। ਪਰ ਚਮਕੌਰ ਦੀ ਜੰਗ ਦਾ ਰਿਸ਼ਤਾ ਮੁਲਕ, ਕੌਮ ਅਤੇ ਧਰਮ ਦੀਆਂ ਹੱਦਾਂ ਤੋਂ ਦੂਰ ਮਨੁੱਖਤਾ ਦੇ ਸਾਂਝੇ ਦਰਦ ਲਈ ਸੀ। ਇਸੇ ਕਰਕੇ ਇਹ ਘਟਨਾ ਸਮੁੱਚੀ ਮਾਨਵਤਾ ਦੀ ਸਾਂਝੀ ਵਿਰਾਸਤ ਬਣ ਗਈ। ਇਸ ਅਮੀਰ ਵਿਰਾਸਤ ਦਾ ਇਸ ਤੋਂ ਵੱਡਾ ਸਬੂਤ ਹੋਰ ਕੀ ਹੋ ਸਕਦਾ ਹੈ ਕਿ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਸੁੱਚੇ ਹੰਝੂਆਂ ਵਿੱਚ ਭਿੱਜੀ ਬੇਨਜ਼ੀਰ ਕਵਿਤਾ ਜੇ ਕੋਈ ਲਿਖ ਸਕਿਆ ਹੈ ਤਾਂ ਉਹ (ਸਿੱਖ ਧਰਮ ਨਾਲ ਸੰਬੰਧਿਤ ਨਹੀਂ, ਸਗੋਂ) ਇਕ ਮੁਸਲਮਾਨ ਸੂਫ਼ੀ ਸ਼ਾਇਰ ਹਕੀਮ ਮਿਰਜ਼ਾ ਅੱਲਾ ਯਾਰ ਖਾਂ ਜੋਗੀ ਸੀ।

**ਸਵਾਮੀ ਵਿਵੇਕਾਨੰਦ ਲਿਖਦੇ ਹਨ ਕਿ ਸਾਹਿਬਜ਼ਾਦਿਆਂ ਨੇ ਆਪਣੀ ਅਦੁੱਤੀ ਸ਼ਹਾਦਤ ਨਾਲ ਐਸੇ ਪੂਰਨੇ ਪਾਏ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਉਹ ਚਾਨਣ ਮੁਨਾਰੇ ਬਣੇ ਰਹਿਣਗੇ। ਚਮਕੌਰ ਸਾਹਿਬ ਦਾ ਖ਼ੂਨੀ-ਸਾਕਾ ਸਾਡਾ ਅਮੀਰ ਵਿਰਸਾ ਹੈ । ਇਹ ਅਸਥਾਨ ਸਿੱਖਾਂ ਲਈ ਹੀ ਨਹੀਂ ਪੂਰੀ ਮਨੁੱਖਤਾ ਲਈ ਪਵਿੱਤਰ ਸਥਾਨ ਬਣ ਗਿਆ ਹੈ। ਇਹ ਧਰਤੀ ਆਉਣ ਵਾਲੀਆਂ ਪੀੜ੍ਹੀਆਂ ਲਈ ਮਾਰਗ ਦਰਸ਼ਨ ਅਤੇ ਪੂਜਣਯੋਗ ਬਣ ਗਈ ਹੈ।**

ਕੀ ਅਸੀਂ ਇਸ ਗੌਰਵਮਈ ਵਿਰਸੇ ਤੋਂ ਚੇਤੰਨ ਰੂਪ ਵਿੱਚ ਵਾਕਿਫ਼ ਹਾਂ? ਇਸ ਵਰ੍ਹੇ ਸ੍ਰੀ ਚਮਕੌਰ ਸਾਹਿਬ ਵਿੱਚ ਤਿੰਨ ਦਿਨਾਂ ਸ਼ਹੀਦੀ ਜੋੜ ਮੇਲੇ ਵਿੱਚ ਬਤੌਰ ਸ਼ਰਧਾਵਾਨ ਮੈਂ ਸ਼ਿਰਕਤ ਕੀਤੀ। ਪੰਜਾਬ ਭਰ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਇਸ ਸਮਾਗਮ ਵਿੱਚ ਸ਼ਾਮਲ ਹੁੰਦੀਆਂ ਹਨ। ਗੁਰਦੁਆਰਾ ਸਾਹਿਬ ਵਿੱਚ ਮੱਥਾ ਟੇਕਣ ਵਾਲਿਆਂ ਦੀਆਂ ਲੰਮੀਆਂ ਕਤਾਰਾਂ ਵੇਖਣ ਨੂੰ ਮਿਲਦੀਆਂ ਹਨ। ਥਾਂ-ਥਾਂ ਲੰਗਰ ਲੱਗਦੇ ਹਨ। ਪ੍ਰਬੰਧਕ ਕਮੇਟੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ਰਧਾਲੂਆਂ

ਲਈ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਸ ਮੇਲੇ ਲਈ ਦਰਜਨਾਂ ਸੇਵਾ-ਸੰਮਤੀਆਂ ਆਪਣਾ ਕਾਰਜ ਕਰਦੀਆਂ ਹਨ। ਪਿੰਡ ਦੀਆਂ ਕਲੱਬਾਂ ਰਸਤੇ ਰੋਕ-ਰੋਕ ਕੇ ਸੰਗਤਾਂ ਨੂੰ ਚਾਹ-ਪਾਣੀ ਅਤੇ ਲੰਗਰ ਛਕਾਉਂਦੀਆਂ ਹਨ। ਇਹ ਸਾਰੇ ਕਾਰਜ ਬੜੀ ਸ਼ਰਧਾ ਨਾਲ ਕੀਤੇ ਜਾਂਦੇ ਹਨ; ਪਰ ਸਵਾਲ ਇਹ ਹੈ ਕਿ ਜਿਸ ਉਦੇਸ਼ ਲਈ ਦਸਮ ਪਿਤਾ, ਸਾਹਿਬਜ਼ਾਦਿਆਂ ਅਤੇ ਸਿੰਘਾਂ ਨੇ ਸ਼ਹਾਦਤ ਦਿੱਤੀ, ਕੀ ਉਸ ਉਦੇਸ਼ ਲਈ ਮਰ ਮਿਟਣ ਦੀ ਪ੍ਰੇਰਨਾ ਅੱਜ ਵੀ ਸਾਡੇ ਵਿੱਚ ਮੌਜੂਦ ਹੈ?

ਸ਼ਹੀਦੀ ਜੋੜ ਮੇਲੇ ਵਿੱਚ **21** ਤੋਂ **23** ਦਸੰਬਰ ਤਕ ਤਿੰਨ ਸੌ ਨੌਜਵਾਨਾਂ ਨੂੰ ਜਦ ਇਹ ਪੁੱਛਿਆ ਗਿਆ ਕਿ ਕੀ ਉਹ ਚਮਕੌਰ ਦੀ ਗੜ੍ਹੀ ਵਿੱਚ ਬੇਮਿਸਾਲ ਲੜਾਈ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਜਾਣਦੇ ਹਨ, ਤਾਂ ਕੇਵਲ ਦਸ ਪ੍ਰਤੀਸ਼ਤ ਬੱਚੇ ਪੂਰਨ ਰੂਪ ਵਿੱਚ ਜਾਣਕਾਰੀ ਦੇ ਸਕੇ। ਪੰਦਰਾਂ ਫ਼ੀਸਦੀ ਬੱਚਿਆਂ ਨੂੰ ਕੁਝ ਕੁ ਗਿਆਨ ਸੀ । ਬਾਕੀ ਇਸ ਇਤਿਹਾਸਕ ਘਟਨਾ ਬਾਰੇ ਬਹੁਤਾ ਦੱਸ ਹੀ ਨਹੀਂ ਸਕੇ। ਕੇਵਲ ਤੀਹ ਪ੍ਰਤੀਸ਼ਤ ਬੱਚਿਆਂ ਨੂੰ ਗੁਰੂ ਸਾਹਿਬ ਦੇ ਵੱਡੇ ਸਾਹਿਬਜ਼ਾਦਿਆਂ ਦੇ ਨਾਂ ਦਾ ਪਤਾ ਸੀ । ਇਸ ਸਵਾਲ ਦੇ ਜਵਾਬ ਵਿੱਚ ਕਿ ਗੁਰੂ ਸਾਹਿਬ ਕਿਸ ਸਥਾਨ ਤੋਂ ਚਮਕੌਰ ਸਾਹਿਬ ਦੀ ਗੜ੍ਹੀ ਪਹੁੰਚੇ ਸਨ ਅਤੇ ਇੱਥੋਂ ਕਿਸ ਸਥਾਨ ਲਈ ਚਲੇ ਗਏ ਸਨ ਤਾਂ ਕੇਵਲ ਦਸ ਪ੍ਰਤੀਸ਼ਤ ਬੱਚੇ ਅਤੇ ਤੀਹ ਪ੍ਰਤੀਸ਼ਤ ਬਾਲਗ ਇਸ ਸਵਾਲ ਦਾ ਠੀਕ ਉੱਤਰ ਦੇ ਸਕੇ। ਚਮਕੌਰ ਸਾਹਿਬ ਵਿੱਚ ਸਥਿਤ ਵੱਖ-ਵੱਖ ਗੁਰਦੁਆਰਿਆਂ ਦੀ ਮਹੱਤਤਾ ਬਾਰੇ ਪੁੱਛਣ 'ਤੇ ਕੇਵਲ ੧੫ ਫ਼ੀਸਦੀ ਬੱਚੇ ਅਤੇ ੩੫ ਫ਼ੀਸਦੀ ਬਾਲਗ ਇਸ ਦਾ ਠੀਕ ਜਵਾਬ ਦੇ ਸਕੇ ।

ਸ੍ਰੀ ਚਮਕੌਰ ਸਾਹਿਬ ਅਤੇ ਇਸੇ ਤਰ੍ਹਾਂ ਹੋਰ ਧਾਰਮਿਕ ਸਥਾਨਾਂ ਬਾਰੇ ਸਾਨੂੰ ਬੇਪਨਾਹ ਸ਼ਰਧਾ ਤਾਂ ਹੈ ਪਰ ਜਾਣਕਾਰੀ ਨਹੀਂ; ਬੇਹੱਦ ਸੇਵਾ-ਭਾਵ ਹੈ, ਪਰ ਇਤਿਹਾਸਿਕ ਘਟਨਾਵਾਂ ਦੇ ਮਹੱਤਵ ਅਤੇ ਉਨ੍ਹਾਂ ਵਿੱਚੋਂ ਨਿਕਲੇ ਸਬਕ ਨੂੰ ਵਰਤਮਾਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ-ਸਰੋਤ ਨਹੀਂ ਬਣਾ ਸਕੇ। ਇਤਿਹਾਸਿਕ ਘਟਨਾਵਾਂ ਬੇਸ਼ੁਮਾਰ ਨਸੀਹਤਾਂ ਲੈ ਕੇ ਬੈਠੀਆਂ ਹੁੰਦੀਆਂ ਹਨ ਇਨ੍ਹਾਂ ਨੂੰ ਅਸੀਂ ਖੁਦ ਗ੍ਰਹਿਣ ਕਰਨਾ ਹੈ।

ਸਿੱਖ ਧਰਮ ਦੇ ਸ਼ਰਧਾਲੂਆਂ ਦੀ ਬਹੁਤੀ ਗਿਣਤੀ ਪਿੰਡਾਂ ਵਿੱਚ ਵੱਸਦੀ ਹੈ। ਕਿਸਾਨ, ਖੇਤੀ ਮਜ਼ਦੂਰ ਅਤੇ ਦਿਹਾਤੀ ਵੱਸੋਂ ਸਿੱਖਿਆ ਵਿੱਚ ਪਿੱਛੇ ਰਹਿਣ ਕਾਰਨ ਆਰਥਿਕ ਵਿਕਾਸ ਵਿੱਚ ਵੀ ਪਛੜੀ ਨਜ਼ਰ ਆ ਰਹੀ ਹੈ। ਗੁਰੂ ਸਾਹਿਬਾਨ ਵੱਲੋਂ ਉਹ ਸੰਸਥਾਗਤ ਢਾਂਚਾ ਸਥਾਪਤ ਕੀਤਾ ਗਿਆ ਜਿਸ ਦੀ ਉਨ੍ਹਾਂ ਸਮਿਆਂ ਵਿੱਚ ਦੁਨੀਆਂ ਵਿੱਚ ਕਿਤੇ ਸੂਹ ਨਹੀਂ ਸੀ। ਵਿਸਾਖੀ ੧੬੯੯ ਨੂੰ ਲੋਕਤੰਤਰ-ਪ੍ਰਣਾਲੀ ਦੀ ਨੀਂਹ ਰੱਖੀ ਜਦ ਵਿਸ਼ਵ ਵਿੱਚ ਕਿਤੇ ਵੀ ਲੋਕ-ਰਾਜ ਦੀ ਰੋਸ਼ਨੀ ਨਹੀਂ ਸੀ। ਇਸ ਸਭ ਕੁਝ ਦੇ ਬਾਵਜੂਦ ਅਸੀਂ ਸਿੱਖ ਧਰਮ ਬਾਰੇ ਜਾਣਕਾਰੀ ਜਾਂ ਪਛਾਣ ਨੂੰ ਲੋਕਾਂ ਤਕ ਸ਼ਿੱਦਤ ਨਾਲ ਨਹੀਂ ਪਹੁੰਚਾ ਸਕੇ। ਹਰ ਪਿੰਡ ਸ਼ਹਿਰ ਵਿੱਚ ਸੁਸ਼ੋਭਿਤ ਗੁਰਦੁਆਰਾ



ਸਾਹਿਬ ਤੋਂ ਅਸੀਂ ਗੁਰੂਆਂ ਦਾ ਉਹ ਸੰਦੇਸ਼ ਦੇਣ ਵਿੱਚ ਕਾਮਯਾਬ ਨਹੀਂ ਹੋਏ ਜਿਸ ਨਾਲ ਨਸ਼ਿਆਂ ਤੋਂ ਮੁਕਤ, ਕੁੜੀ-ਮਾਰ ਰਹਿਤ ਅਤੇ ਸਮਾਨਤਾ ਭਰਪੂਰ ਸਮਾਜ ਦੀ ਸਥਾਪਨਾ ਹੋ ਸਕਦੀ। ਸ਼ਹੀਦੀ ਜੋੜ ਮੇਲਿਆਂ ਵਿੱਚ ਵੀ ਧਰਮ ਦੇ ਪਾਸਾਰ ਨਾਲੋਂ ਰਾਜਨੀਤੀ ਜ਼ਿਆਦਾ ਭਾਰੂ ਰਹਿੰਦੀ ਹੈ।

ਕਾਲਜ ਪੜ੍ਹਦਿਆਂ ਭਾਸ਼ਣ ਪ੍ਰਤੀਯੋਗਤਾ ਵਿੱਚ ਇਕ ਵਿਸ਼ਾ ਮੌਕੇ 'ਤੇ ਬੋਲਣ ਲਈ ਦਿੱਤਾ ਗਿਆ, ਵਿਸ਼ਾ ਸੀ, "ਕਾਸ਼…। ਬਹੁਤ ਸਾਰੇ ਵਿਦਿਆਰਥੀਆਂ ਨੇ ਮਨ-ਭਾਉਂਦੇ ਵਿਸ਼ੇ ਚੁਣੇ।" ਇਕ ਜਮਾਤੀ ਨੇ ਵਿਸ਼ਾ ਚੁਣਿਆ ਸੀ, "**ਕਾਸ਼ ਸ੍ਰੀ ਗੁਰੂ ਗੋਬਿੰਦ ਸਿੰਘ ਯੂਰਪ ਵਿੱਚ ਪੈਦਾ ਹੋਏ ਹੁੰਦੇ।**" ਪੰਜ ਮਿੰਟਾਂ ਦੇ ਮੌਕੇ ਦੇ ਭਾਸ਼ਣ ਵਿੱਚ ਉਸ ਨੇ ਸਿੱਟਾ ਕੱਢਿਆ ਕਿ **ਜੇ ਅਜਿਹਾ ਹੋਇਆ ਹੁੰਦਾ ਤਾਂ ਪੂਰੀ ਧਰਤੀ 'ਤੇ ਸਿੱਖ ਧਰਮ ਪਸਰਿਆ ਹੁੰਦਾ।** ਇਹ ਵਕਤਾ ਮੁਕਾਬਲੇ ਵਿੱਚ ਜੇਤੂ ਰਿਹਾ। ਭਾਵ ਅਸੀਂ ਆਪਣੇ ਬੇਸ਼ਕੀਮਤੀ ਵਿਰਸੇ ਨੂੰ ਪੂਰੀ ਮਨੁੱਖਤਾ ਵਿੱਚ ਫੈਲਾਉਣ ਵਿੱਚ ਕਾਮਯਾਬ ਨਹੀਂ ਹੋਏ।

ਇਸ ਅਨਮੋਲ ਵਿਰਾਸਤ ਦੇ ਵਾਰਿਸ ਹਾਂ ਅਸੀਂ ਅਤੇ ਸਾਡੇ ਅੱਜ ਦੇ ਬੱਚੇ। ਜੇਕਰ ਪਰਿਵਾਰ ਅਤੇ ਸਕੂਲ ਵਿੱਚ ਚਮਕੌਰ ਦੀ ਗੜ੍ਹੀ ਦੀ ਲੜਾਈ ਅਤੇ ਸਾਕਾ ਸਰਹਿੰਦ ਦਾ ਪਾਠ ਮੁੱਢ ਵਿੱਚ ਅਤੇ ਠੀਕ ਢੰਗ ਨਾਲ ਪੜ੍ਹਾਇਆ ਜਾਂਦਾ ਤਾਂ ਜ਼ਰੂਰ 'ਚਮਕੌਰ' ਨਾਂ ਦਾ ਮਹੱਤਵ ਸਾਨੂੰ ਬਚਪਨ ਵਿੱਚ ਹੀ ਪਤਾ ਚਲ ਜਾਂਦਾ। ਪਿਛਲੀ ਪੀੜ੍ਹੀ ਵਿੱਚ ਸਿੱਖ ਪਰਿਵਾਰਾਂ ਵਿੱਚ 'ਚਮਕੌਰ ਸਿੰਘ' ਨਾਂ ਅਕਸਰ ਮਿਲਦੇ ਸਨ, ਹੁਣ ਕਿਉਂ ਨਹੀਂ? ਇਸ ਸਵਾਲ ਦਾ ਜਵਾਬ ਲੱਭਦਿਆਂ ਮੈਂ ਜੋੜ ਮੇਲੇ ਦਾ ਹਰ ਹਿੱਸਾ ਗਾਹ ਮਾਰਿਆ; ਪਰ ਮੈਨੂੰ ਕੋਈ ਚਮਕੌਰ ਸਿੰਘ ਨਹੀਂ ਟੱਕਰਿਆ। ਦੁਖਾਂਤ ਇਹ ਹੈ ਕਿ ਅਸੀਂ ਖੁਦ ਤਿਆਗ ਅਤੇ ਕੁਰਬਾਨੀ ਦੇ ਸੱਭਿਆਚਾਰ ਤੋਂ ਅਭਿੱਜ ਹਾਂ। ਉੱਪਰਲੇ ਮਨੋਂ ਕੌਮ-ਉਸਾਰੀ ਦੇ ਨਗਮੇ ਅਤੇ ਅਰਦਾਸਾਂ ਕਰਦੇ ਹਾਂ, ਜਿਸ ਦਾ ਅਸਰ ਸਾਡੇ ਸਾਹਮਣੇ ਹੀ ਹੈ। ਵਿਆਹ-ਸ਼ਾਦੀਆਂ ਅਤੇ ਸਮਾਜਿਕ ਸਮਾਰੋਹਾਂ ਵਿੱਚੋਂ ਪਗੜੀਧਾਰੀ ਸਿੱਖਾਂ ਦੇ ਮੁੰਡੇ ਲੱਭਣੇ ਪੈਂਦੇ ਹਨ ਅਤੇ ਜਦ ਗੌਰਵਮਈ ਇਤਿਹਾਸ ਦੀ ਗੱਲ ਛੇੜੀਏ ਤਾਂ ਪਾਸਾ ਵੱਟ ਕੇ ਅਗਾਂਹ ਹੋ ਜਾਂਦੇ ਹਨ।

ਬੱਚੇ ਹਰ ਕੌਮ ਦਾ ਅਮੁੱਲ ਖਜ਼ਾਨਾ ਹੁੰਦੇ ਹਨ। ਕੁਝ ਅਸੀਂ ਵਿਵਹਾਰਕ ਰੂਪ ਵਿੱਚ ਆਪਣੀ ਜ਼ਿੰਦਗੀ ਵਿੱਚ ਕਰਦੇ ਹਾਂ, ਉਸ ਦਾ ਸਿੱਧਾ ਅਸਰ ਬੱਚਿਆਂ ਦੀ ਸ਼ਖ਼ਸੀਅਤ 'ਤੇ ਪੈਂਦਾ ਹੈ। ਅਸੀਂ ਘਰਾਂ ਅਤੇ ਸਕੂਲਾਂ ਵਿੱਚ ਉਸ ਕਿਸਮ ਦਾ ਵਾਤਾਵਰਨ ਪੈਦਾ ਕਰਨ ਵਿੱਚ ਕਾਮਯਾਬ ਨਹੀਂ ਹੋਏ ਜਿਸ ਵਿੱਚ ਬੱਚੇ ਅਮੀਰ ਸੱਭਿਆਚਾਰ ਅਤੇ ਗੌਰਵਮਈ ਇਤਿਹਾਸ ਬਾਰੇ ਜਾਣ ਸਕਣ। ਸ਼ਹੀਦੀ ਜੋੜ ਮੇਲੇ ਦੌਰਾਨ ਕੋਈ ਇਹੋ ਜਿਹਾ ਉਚੇਚ ਨਜ਼ਰ ਨਹੀਂ ਆਇਆ ਜਿਸ ਰਾਹੀਂ ਸਾਡੇ ਬੱਚੇ ਅਤੇ ਨੌਜਵਾਨ ਸਾਹਿਬਜ਼ਾਦਿਆਂ ਦੀ ਸ਼ਹਾਦਤ ਸੰਬੰਧੀ ਸਾਹਿਤ ਅਤੇ ਹੋਰ ਜਾਣਕਾਰੀ ਲੈ ਸਕਣ। ਜਿੱਥੇ ਦੁਨੀਆਂ ਦੀ ਇਕ ਨਵੇਕਲੀ ਲੜਾਈ ਲੜੀ ਗਈ ਸੀ, ਇਸ

ਥਾਂ ਉਚ-ਪੱਧਰ ਦਾ ਸੈਨਿਕ ਸਕੂਲ ਜਾਂ ਯੂਨੀਵਰਸਿਟੀ ਸਥਾਪਤ ਕੀਤੀ ਜਾਣੀ ਚਾਹੀਦੀ ਸੀ। ਬੱਚਿਆਂ ਦੀ ਪ੍ਰੇਰਨਾ ਲਈ ਸਿੱਖ ਇਤਿਹਾਸ ਨਾਲ ਸੰਬੰਧਤ ਖ਼ੂਬਸੂਰਤ ਲਾਇਬਰੇਰੀ ਅਤੇ ਅਜਾਇਬਘਰ ਉਸਾਰਨਾ ਜ਼ਰੂਰੀ ਸੀ। ਧਾਰਮਿਕ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਇਸ ਪਾਸੇ ਵਿਸ਼ੇਸ਼ ਧਿਆਨ ਦੀ ਜ਼ਰੂਰਤ ਹੈ।

ਕੁਝ ਸਾਲ ਪਹਿਲਾਂ ਅਸੀਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਤ੍ਰੈ-ਸ਼ਤਾਬਦੀ ਸਮਾਰੋਹ ਆਯੋਜਿਤ ਕੀਤੇ ਸਨ, ਪਰ ਸਾਡੀ ਗੰਭੀਰਤਾ ਉਹ ਰੰਗ ਨਹੀਂ ਲਿਆ ਸਕੀ ਜਿਸ ਦੀ ਜ਼ਰੂਰਤ ਸੀ ਅਤੇ ਹੈ। ਸ਼ਹਿਰਾਂ ਨੂੰ ਆਉਂਦੇ ਰਸਤਿਆਂ 'ਤੇ ਅਸੀਂ ਵੱਡੇ ਗੇਟ ਉਸਾਰੇ ਹਨ ਪਰ ਉਸ ਤੋਂ ਵੱਧ ਅਹਿਮ ਹੈ ਕਿ ਇਹ ਚਾਨਣ ਮੁਨਾਰੇ ਸਾਡੇ ਬੱਚਿਆਂ ਦੇ ਮਨਾਂ ਅੰਦਰ ਸਦੀਵੀ ਰੂਪ ਵਿੱਚ ਪ੍ਰੇਰਨਾ-ਸਰੋਤ ਨਾਇਕ ਬਣਨ। ਹਰ ਸ਼ਹਿਰ ਅਤੇ ਪਿੰਡ ਵਿੱਚ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਬਹੁ-ਮੰਤਵੀ ਬਾਲ ਭਵਨ ਉਸਾਰੇ ਜਾਣ ਜਿਨ੍ਹਾਂ ਵਿੱਚ ਉੱਚ-ਪੱਧਰੀ ਲਾਇਬਰੇਰੀ ਹੋਵੇ ਜਿੱਥੇ ਇਨ੍ਹਾਂ ਇਤਿਹਾਸਿਕ ਸਿਤਾਰਿਆਂ ਨਾਲ ਸੰਬੰਧਤ ਪ੍ਰੇਰਨਾ ਭਰਪੂਰ ਸਾਹਿਤ ਰੱਖਿਆ ਜਾਵੇ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਕੌਮ ਆਪਣੀ ਹੋਣੀ ਆਪ ਘੜਨ ਦੇ ਸਮਰੱਥ ਰਹੇ। ਸਾਨੂੰ ਸਭ ਨੂੰ ਅੰਤਰਮੁਖੀ ਹੋ ਕੇ ਸੋਚਣ ਦੀ ਜ਼ਰੂਰਤ ਹੈ ਕਿ ਕੀ ਅਜਿਹੇ ਵਿਰਸੇ ਦੇ ਮਾਲਕ ਹੋ ਕੇ ਅਸੀਂ ਸਾਹਮਣੇ ਖੜ੍ਹੀਆਂ ਵੰਗਾਰਾਂ ਦਾ ਸਾਹਮਣਾ ਕਰਨ ਦੇ ਸਮਰੱਥ ਹਾਂ? ਕੀ ਚਮਕੌਰ ਦੀ ਜੰਗ ਦੇ ਆਦਰਸ਼ ਸਾਡੇ ਅੰਦਰ ਉਤਸ਼ਾਹ, ਪ੍ਰੇਰਨਾ ਅਤੇ ਲਗਨ ਦੇ ਦੀਪ ਜਗਾਉਂਦੇ ਹਨ? ਕੁਝ ਵੀ ਹੋਵੇ ਜਾਪਦਾ ਇਸ ਤਰ੍ਹਾਂ ਹੈ ਜਿਵੇਂ ਸ੍ਰੀ ਚਮਕੌਰ ਸਾਹਿਬ ਦੀ ਧਰਤੀ 'ਤੇ ਡੁੱਲ੍ਹਿਆ ਸ਼ਹੀਦਾਂ ਦਾ ਖ਼ੂਨ ਇਕ ਸ਼ਾਇਰ ਦਾ ਸ਼ਿਅਰ ਇਹ ਕਹਿ ਰਿਹਾ ਹੋਵੇ :-

**'ਅਬ ਇਹ ਸ਼ੋਰ ਹੈ ਕਿ ਕੁਝ ਵੀ ਸਮਝ ਨਹੀਂ ਆਤਾ,**
**ਵੋ ਦਿਨ ਭੀ ਥੇ ਕਿ ਸਿਤਾਰੋਂ ਸੇ ਬਾਤ ਕੀ ਹਮਨੇ।'**

(ਪੰਜਾਬੀ ਟ੍ਰਿਬਿਊਨ ੧-੧-੨੦੧੨ 'ਚੋਂ ਧੰਨਵਾਦ ਸਹਿਤ !)



# ਸਿਦਕ ਦਾ ਭਰ ਵਗਦਾ ਦਰਿਆ
# ਮਾਤਾ ਗੁਜਰੀ ਜੀ

—ਜਗਜੀਵਨ ਸਿੰਘ (ਡਾ.)

ਸਿੱਖ ਇਤਿਹਾਸ ਦਾ ਗੌਰਵ ਅਤੇ ਕੀਮਤੀ ਹਿੱਸਾ ਬਣੇ ਅਨੇਕਾਂ ਲਿਸ਼ਕਾਰੇ ਵਾਲੇ ਵਿਅਕਤਿੱਤਵਾਂ, ਲਾਸਾਨੀ ਘਟਨਾਕ੍ਰਮਾਂ ਅਤੇ ਸਿੱਖ ਯਾਦ ਵਿੱਚ ਡੂੰਘੇ ਉੱਕਰੇ ਮਿਸਾਲੀ ਦ੍ਰਿਸ਼ਾਂ ਵਿੱਚੋਂ ਇਕ ਅਜ਼ੀਮ, ਬਲਕਾਰੀ ਸ਼ਖ਼ਸੀਅਤ ਅਤੇ ਦ੍ਰਿਸ਼ ਸਰਹੰਦ ਦੇ ਠੰਢੇ ਬੁਰਜ ਵਿੱਚ ਆਪਣੇ ਦੋ ਚਮਕਦਾਰ ਪੋਤਰਿਆਂ ਸੰਗ ਅਡੋਲ ਬੈਠੀ ਮਾਂ ਗੁਜਰੀ ਦਾ ਹੈ।

ਮਾਂ ਗੁਜਰੀ ਸਮੁੰਦਰ ਵਾਂਗ ਮਹਾਨ ਹੈ; ਸਿਦਕ ਦਾ ਭਰ ਵਗਦਾ ਦਰਿਆ ਸੀ ਮਾਂ ਗੁਜਰੀ। ਹੋਰ ਕੋਈ ਵਿਸ਼ੇਸ਼ਣ ਜਾਂ ਪ੍ਰਤੀਕ ਉਨ੍ਹਾਂ ਦੇ ਭਰੇ-ਭੁਕੰਨੇ ਅਤੇ ਬੁਲੰਦ ਵਿਅਕਤਿੱਤਵ ਦਾ ਹਾਣੀ ਨਹੀਂ । ਉਨ੍ਹਾਂ ਦੀ ਮਿਸਾਲ ਸਮਰਪਣ ਭਾਵਨਾ, ਸਿਦਕਦਿਲੀ ਅਤੇ ਅਡੋਲਤਾ ਨੂੰ ਕੁਝ ਇਕ ਭਾਰੇ-ਗੌਰੇ ਵਿਸ਼ੇਸ਼ਣਾਂ ਦੁਆਰਾ ਰੂਪਮਾਨ ਕਰ ਸਕਣਾ ਆਮ ਮਨੁੱਖ ਦੀ ਸਮਰੱਥਾ ਅਤੇ ਸ਼ਬਦਾਂ ਤੋਂ ਪਾਰ ਦੀ ਗੱਲ ਹੈ। 'ਬਾਬਾ ਬਕਾਲਾ' ਅੰਦਰ ਲੰਮਾ ਸਮਾਂ ਸਮਾਧੀ 'ਚ ਲੀਨ ਰਹਿਣ ਪਿੱਛੋਂ, ਮੱਖਣ ਸ਼ਾਹ ਦੇ ਸੁਰੀਲੇ ਵਜਦਮਈ ਬੋਲਾਂ **'ਗੁਰੂ ਲਾਧੋ ਰੇ'** ਨਾਲ ਆਪਣੇ ਪੂਰੇ ਇਲਾਹੀ ਜਲੌ ਵਿੱਚ ਪ੍ਰਗਟ ਹੋਏ ਅਤੇ ਫਿਰ ਦਿੱਲੀ ਦੇ ਚਾਂਦਨੀ ਚੌਕ ਅੰਦਰ ਮਨੁੱਖੀ ਗੌਰਵ, ਮਾਣ-ਸਨਮਾਨ, ਅਣਖ, ਆਜ਼ਾਦੀ, ਅਧਿਕਾਰਾਂ ਅਤੇ ਕਦਰਾਂ-ਕੀਮਤਾਂ ਖ਼ਾਤਰ ਸੀਸ ਵਾਰ 'ਮਾਨਵਤਾ ਦੇ ਰਾਖੇ' ਅਤੇ 'ਹਿੰਦ ਦੀ ਚਾਦਰ' ਕਹਾਉਣ ਵਾਲੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਪਤਨੀ ਹੋਣਾ, ਸਾਹਿਬ-ਏ-ਕਮਾਲ ਮਹਾਨ ਦਾਨਵੀਰ ਬਾਦਸ਼ਾਹ-ਦਰਵੇਸ਼ ਗੁਰੂ ਦੀ ਜਨਨੀ ਹੋਣਾ ਅਤੇ ਕੋਹਿਨੂਰ ਹੀਰਿਆਂ ਤੋਂ ਵੀ ਵੱਧ ਚਮਕ ਵਾਲੇ ਚਾਰ ਲਾਲਾਂ ਦੀ ਦਾਦੀ ਮਾਂ ਹੋਣਾ ਆਪਣੇ-ਆਪ ਵਿੱਚ ਅਜਿਹੇ ਕੀਮਤੀ, ਮਾਣਮੱਤੇ ਅਤੇ ਲਾਸਾਨੀ ਅਨੁਭਵ, ਵਿਸ਼ੇਸ਼ਣ ਜਾਂ ਰੁਤਬੇ ਹਨ ਕਿ ਇਨ੍ਹਾਂ ਦੀ ਰੂਹਾਨੀ ਲਿਸ਼ਕ ਸਾਹਮਣੇ ਹੋਰ ਕਿਸੇ ਵਿਸ਼ੇਸ਼ਣ ਦਾ ਹੋਣਾ ਸੂਰਜ ਦੇ ਉਦੈ ਹੋਣ 'ਤੇ ਚੰਨ-ਤਾਰਿਆਂ ਦੇ ਨਾ ਦਿਸਣ ਵਾਂਗ ਹੈ।

ਔਰਤ ਦੇ ਤਿੰਨ ਰੂਪਾਂ (ਪਤਨੀ, ਮਾਂ ਅਤੇ ਦਾਦੀ ਮਾਂ) ਨੂੰ ਮਾਣਮੱਤੇ ਢੰਗ ਨਾਲ ਜਿਊਂਦਿਆਂ ਅਤੇ ਇਨ੍ਹਾਂ ਨਾਲ ਪੂਰਾ-ਪੂਰਾ ਨਿਆਂ ਕਰਦਿਆਂ ਮਾਤਾ ਗੁਜਰੀ ਜੀ ਨੇ ਮਨੁੱਖੀ ਗੌਰਵ, ਸਿਦਕ ਅਤੇ ਜੀਵਨ-ਹੋਂਦ ਦੀਆਂ ਜਿਹੜੀਆਂ ਉੱਚੀਆਂ-ਸੁੱਚੀਆਂ ਸਿਖਰਲੀਆਂ ਟੀਸੀਆਂ ਨੂੰ ਛੋਹਿਆ, ਉਹ ਨਿਰਸੰਦੇਹ ਲਾਸਾਨੀ ਅਤੇ ਅਛੋਹ ਹਨ ।

ਇਤਿਹਾਸ ਸਿਰਜਕ ਚਾਰ ਵੱਡੇ ਫ਼ਕੀਰ ਅਤੇ ਸੂਰਬੀਰ ਪੋਤਰਿਆਂ, ਜਿਨ੍ਹਾਂ

ਦੇ ਨਾਵਾਂ (ਬਾਬਾ ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ ਅਤੇ ਫ਼ਤਹਿ ਸਿੰਘ) ਵਿਚਲੀਆਂ ਅਸਮਾਨੀ ਬਿਜਲੀ ਵਾਂਗ ਲਿਸ਼ਕਦੀਆਂ, ਬੱਦਲਾਂ ਵਾਂਗ ਗਰਜਦੀਆਂ ਅਤੇ ਸ਼ੇਰਾਂ ਵਾਂਗ ਦਹਾੜਦੀਆਂ ਧੁਨੀਆਂ ਦਾ ਪ੍ਰਚੰਡ ਖਾੜਕੂ ਟੁਣਕਾਰ, ਵਜਦਮਈ ਝਰਨਾਹਟ, ਥਰਥਰਾਹਟ ਅਤੇ ਗੂੰਜ ਹੀ ਸਾਡੇ ਲੂੰ-ਕੰਡੇ ਖੜ੍ਹੇ ਕਰ ਦੇਣ ਅਤੇ ਸਾਡੇ ਹਿਰਦਿਆਂ ਅੰਦਰ ਉਮਾਹ ਅਤੇ ਜੋਸ਼ ਦੀਆਂ ਤੀਬਰ ਬਿਜਲਈ ਤਰੰਗਾਂ ਛੇੜਦੀ ਭਰਵੀਂ ਸਮਰੱਥਾ ਰੱਖਦੀ ਹੈ, ਦੀ ਦਾਦੀ-ਮਾਂ ਹੋਣ ਨਾਲੋਂ ਵੱਡੀ ਸ਼ਾਨਾਮੱਤੀ ਪ੍ਰਾਪਤੀ, ਸੰਤੁਸ਼ਟੀ ਅਤੇ ਵੱਡੇ ਗੌਰਵ ਜਾਂ ਮਾਣ-ਸਤਿਕਾਰ ਵਾਲੀ ਗੱਲ ਭਲਾ ਹੋਰ ਕਿਹੜੀ ਹੋ ਸਕਦੀ ਹੈ?

ਸਾਕਾ ਸਰਹੰਦ ਦਾ ਮਹਾਨ ਇਤਿਹਾਸਿਕ ਬਿਰਤਾਂਤ ਦੱਸਦਾ ਹੈ ਕਿ ਪਿੰਡ ਸਹੇੜੀ (ਖੇੜੀ), ਨੇੜੇ ਮੋਰਿੰਡਾ ਤੋਂ ਗ੍ਰਿਫ਼ਤਾਰ ਕਰਨ ਉਪਰੰਤ ੨੪ ਦਸੰਬਰ ੧੭੦੪ ਈਸਵੀ ਨੂੰ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਂ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਬਜ਼ੁਰਗ ਮਾਤਾ, ਮਾਂ ਗੁਜਰੀ ਜੀ ਅਤੇ ਦੋ ਮਾਸੂਮ ਲਾਲਾਂ ਨੂੰ ਸਰਹੰਦ ਦੇ ਸ਼ਾਹੀ ਕਿਲ੍ਹੇ ਵਿੱਚ ਸਥਿਤ ਠੰਢੇ ਬੁਰਜ ਅੰਦਰ ਕੈਦ ਕਰ ਦਿੱਤਾ ਗਿਆ । ਅੱਜਕੱਲ੍ਹ ਇਹ ਕੈਦਖ਼ਾਨਾ (ਠੰਢਾ ਬੁਰਜ) ਬਦਲੀ ਹੋਈ ਹਾਲਤ ਵਿੱਚ 'ਗੁਰਦੁਆਰਾ ਠੰਢਾ ਬੁਰਜ ਸਾਹਿਬ' ਵਜੋਂ ਜਾਣਿਆ/ਪੂਜਿਆ ਜਾਂਦਾ ਹੈ। ਮਾਂ ਗੁਜਰੀ ਜੀ ਦੇ ਤੇਜੱਸਵੀ ਸਿਦਕਵਾਨ ਸ਼ਖ਼ਸੀਅਤ ਬਾਰੇ ਚਰਚਾ ਉਦੋਂ ਤਕ ਅਧੂਰੀ ਰਹੇਗੀ ਜਦੋਂ ਤਕ ਇਸ ਠੰਢੇ ਬੁਰਜ ਬਾਰੇ ਗੱਲ ਨਾ ਕੀਤੀ ਜਾਵੇ, ਕਿਉਂਕਿ ਜਿਸ ਥਾਂ ਨੂੰ ਕਿਸੇ ਉੱਚੇ-ਸੁੱਚੇ, ਅਜ਼ੀਮ ਚਮਕਦਾਰ ਮਹਾਂਪੁਰਸ਼ ਦੀ ਪਾਰਸ ਚਰਨ-ਛੋਹ ਨਸੀਬ ਹੁੰਦੀ ਹੈ, ਉਹ ਥਾਂ ਵੀ ਉਨ੍ਹਾਂ ਵਿਅਕਤੀਆਂ ਵਾਂਗ ਹੀ ਉੱਚੀ-ਸੁੱਚੀ, ਵਿਸ਼ੇਸ਼, ਮਹਾਨ ਅਤੇ ਪੂਜਣਯੋਗ ਹੋ ਨਿਬੜਦੀ ਹੈ। ਮਾਂ ਗੁਜਰੀ ਜੀ ਦੀ ਉਦਾਤ ਸ਼ਖ਼ਸੀਅਤ ਦੇ ਸਿੱਖ-ਹਿਰਦਿਆਂ ਅੰਦਰ ਖੁਣੇ ਵਿਭਿੰਨ ਚਿੱਤਰਾਂ ਵਿੱਚੋਂ ਜਿੱਥੇ ਇਕ ਸਭ ਤੋਂ ਵੱਧ ਉੱਭਰਵਾਂ ਅਤੇ ਪਿਆਰਾ ਯਾਦਗਾਰੀ ਚਿੱਤਰ 'ਠੰਢੇ ਬੁਰਜ' ਵਿੱਚ ਉਨ੍ਹਾਂ ਦਾ ਆਪਣੇ ਦੋ ਛੋਟੇ ਚਮਕਦਾਰ ਪੋਤਰਿਆਂ ਸੰਗ ਬੈਠੇ ਹੋਣ ਦਾ ਹੈ, ਉੱਥੇ ਇਕ ਹੋਰ ਨਿਆਰਾ ਅਤੇ ਪ੍ਰਭਾਵਸ਼ਾਲੀ ਉੱਚਾ-ਸੁੱਚਾ ਚਿੱਤਰ ਉਨ੍ਹਾਂ ਦੁਆਰਾ ਠੰਢੇ ਬੁਰਜ ਵਿੱਚ ਖਲੋ ਛੋਟੇ ਲਾਲਾਂ ਦੀ ਸ਼ਹਾਦਤ ਨੂੰ ਅੱਖੀਂ ਨਿਹਾਰਨ ਦਾ ਵੀ ਹੈ।

ਅਤਿ ਕਹਿਰਵਾਨ ਅਤੇ ਦਰਿੰਦਗੀ ਦੀ ਇੰਤਹਾ ਨੂੰ ਅੱਪੜਿਆ ਵਜ਼ੀਰ ਖ਼ਾਨ ਜੇਕਰ ਕਿਸੇ ਵੀ ਹੀਲੇ ਡਰਾ-ਧਮਕਾ ਕੇ, ਤਸੀਹੇ ਦੇ ਕੇ, ਵਰਗਲਾ ਕੇ ਅਤੇ ਲੋਭ-ਲਾਲਚ ਦੇ ਕੇ ਵੀ ਛੋਟੇ ਸਾਹਿਬਜ਼ਾਦਿਆਂ ਨੂੰ ਈਨ ਨਹੀਂ ਸੀ ਮਨਾ ਸਕਿਆ, ਤਾਂ ਇਸ ਦਾ ਸਭ ਤੋਂ ਵੱਡੇ ਮੌਕੇ ਦਾ ਕਾਰਨ ਇਹ ਸੀ ਕਿ ਜਿੱਥੇ ਵਜ਼ੀਰ ਖ਼ਾਨ ਦੁਆਰਾ ਢਾਹੇ ਜਾ ਰਹੇ ਜ਼ੁਲਮਾਂ ਨੂੰ ਉਸ ਨੂੰ ਪ੍ਰਾਪਤ ਦੁਨਿਆਵੀ ਸੱਤਾ ਦਾ ਅੰਨ੍ਹਾ ਨਸ਼ਾ ਅਤੇ ਵੱਢੀਖੋਰ ਕਾਜ਼ੀ ਦੀ ਅਧਰਮੀ ਬਦਨੀਤੀ ਵਕਤੀ ਠੁੰਮ੍ਹਣਾ ਜਾਂ ਸ਼ਕਤੀ ਪ੍ਰਦਾਨ ਕਰ ਰਿਹਾ ਸੀ, ਉੱਥੇ ਇਸ ਦੇ ਸਮਵਿੱਥ ਵਜ਼ੀਰ ਖ਼ਾਨ ਦੇ ਜ਼ੁਲਮਾਂ ਵਿਰੁੱਧ ਚਟਾਨ ਵਾਂਗ ਅਡੋਲ ਖਲੋਤੇ ਧਰਮੀ ਸਾਹਿਬਜ਼ਾਦਿਆਂ ਨੂੰ ਬਲਕਾਰੀ ਜਣਨਿਕ-ਆਤਮਿਕ



ਵਿਰਾਸਤ ਅਤੇ ਸੱਚ ਦੇ ਸੇਕ ਤੋਂ ਇਲਾਵਾ ਪਿਆਰੀ ਦਾਦੀ ਮਾਂ ਦੀ ਸਿਦਕ-ਜਲਾਲ ਨਾਲ ਲਬਰੇਜ਼ ਅਡੋਲ ਸ਼ਖ਼ਸੀਅਤ ਦੀ ਸੰਘਣੀ ਛਾਂ, ਨਿੱਘੀ ਗਲਵਕੜੀ, ਮਮਤਾਮਈ ਗੋਦ, ਤੇਜੱਸਵੀ ਅਸੀਸ ਅਤੇ ਸਿੱਖਿਆ, ਚਾਨਣ ਦਾ ਇਕ ਉੱਚਾ ਬੁਰਜ ਬਣ ਕੇ ਅਮੁੱਕ ਅਤੇ ਸਦੀਵੀ ਰੂਹਾਨੀ-ਸ਼ਕਤੀ ਪ੍ਰਦਾਨ ਕਰ ਰਹੀ ਸੀ।

ਛੋਟੇ ਸਾਹਿਬਜ਼ਾਦਿਆਂ ਨੂੰ ਜਦੋਂ ਜਿਉਂਦੇ ਜੀਅ ਨੀਹਾਂ ਵਿੱਚ ਖੜ੍ਹਾਅ ਕੇ ਇੱਟਾਂ ਵਿੱਚ ਚਿਣ ਕੇ ਸ਼ਹੀਦ ਕੀਤਾ ਜਾ ਰਿਹਾ ਸੀ ਤਾਂ ਉਸ ਸਮੇਂ ਨੀਵੀਂ ਥਾਂ (ਜਿੱਥੇ ਹੁਣ ਪਵਿੱਤਰ ਗੁਰਦੁਆਰਾ ਭੋਰਾ ਸਾਹਿਬ ਹੈ) 'ਤੇ ਵਾਪਰ ਰਹੇ ਇਸ ਅਨੋਖੇ ਪਰ ਬੇਕਿਰਕ ਘਟਨਾਕ੍ਰਮ ਨੂੰ ਉੱਚੀ ਥਾਂ 'ਠੰਡੇ ਬੁਰਜ' ਵਿੱਚ ਕੈਦ ਦਾਦੀ-ਮਾਂ (ਮਾਤਾ ਗੁਜਰੀ) ਆਪਣੀਆਂ ਅੱਖਾਂ ਨਾਲ ਵੇਖ ਰਹੇ ਸਨ। 'ਸ਼ਹਾਦਤ' ਦੇ ਵਾਪਰ ਜਾਣ ਤਕ ਜਿੱਥੇ ਛੋਟੇ ਸਾਹਿਬਜ਼ਾਦਿਆਂ ਨੂੰ ਆਪਣੀ ਦਾਦੀ ਮਾਂ ਦੀ 'ਸਿਦਕ' ਦੇ ਨੂਰ ਨਾਲ ਸਰਸ਼ਾਰ ਤੇਜੱਸਵੀ ਪੈਗ਼ੰਬਰੀ ਤੱਕਣੀ, ਹਾਜ਼ਰੀ, ਅਸੀਸ ਅਤੇ ਬਖ਼ਸ਼ਿਸ਼ ਦਾ ਤੀਬਰ ਮਾਣਮੱਤਾ ਅਹਿਸਾਸ ਸੀ, ਉੱਥੇ ਮਾਂ-ਗੁਜਰੀ ਵੀ ਇਹ ਸਭ ਕੁਝ ਵੇਖ ਕੇ ਸ਼ੁਕਰਾਨੇ ਦੇ ਭਾਵਾਂ ਨਾਲ ਸਰਸ਼ਾਰ ਕਿਸੇ ਵੱਡੇ ਵਿਸਮਾਦ ਅਤੇ ਧਰਵਾਸ ਵਾਲੀ ਉੱਚ ਇਲਾਹੀ ਅਵਸਥਾ (ਪਰਮ ਅਨੰਦ) ਨੂੰ ਜਾ ਪੁੱਜੇ ਸਨ।

ਠੰਢਾ ਬੁਰਜ ਉਹ ਉੱਚਾ-ਸੁੱਚਾ ਪਵਿੱਤਰ ਇਤਿਹਾਸਿਕ ਥਾਂ ਹੈ, ਜਿੱਥੇ ਖਲੋ ਕੇ ਮਾਤਾ ਗੁਜਰੀ ਜੀ ਨੇ ਆਪਣੇ ਹੱਥੀਂ ਬੜੇ ਮੋਹ ਨਾਲ ਤਿਆਰ ਕਰਕੇ

**"ਜਾਨੇ ਸੇ ਪਹਲੇ ਆਓ ਗਲੇ ਸੇ ਲਗਾ ਤੋ ਲੂੰ**
**ਕੇਸੋਂ ਕੋ ਕੰਘੀ ਕਰ ਦੂੰ ਜ਼ਰਾ ਮੂੰਹ ਧੁਲਾ ਤੋ ਲੂੰ**
**ਪ੍ਯਾਰੇ ਸਰੋਂ ਪ: ਨਨ੍ਹੀ ਸੀ ਕਲਗ਼ੀ ਸਜਾ ਤੋ ਲੂੰ**
**ਮਰਨੇ ਸੇ ਪਹਲੇ ਤੁਮ ਕੋ ਦੂਲ੍ਹਾ ਬਨਾ ਤੋ ਲੂੰ**
**ਰੋ ਰੋ ਕੇ ਮਾਤਾ ਗੁਜਰੀ ਨੇ ਆਰਾਸਤ:[੧੦] ਕਿਯਾ**
**ਤੀਰੋ ਕਮਾਂ ਸੇ, ਤੇਗ਼ ਸੇ ਪੈਰਾਸਤ:[੧੧] ਕਿਯਾ"** (੭੨)

**ਸ਼ਹੀਦਾਨਿ-ਵਫ਼ਾ**

ਤੋਰੇ ਛੋਟੇ ਪੋਤਰਿਆਂ ਨੂੰ ਚਾਈਂ-ਚਾਈਂ ਮੌਤ ਲਾੜੀ ਨੂੰ ਵਿਆਹੁੰਦਿਆਂ ਠੀਕ ਉਸੇ ਤਰ੍ਹਾਂ ਆਪਣੇ ਅੱਖੀਂ ਤੱਕਿਆ ਸੀ, ਜਿਵੇਂ ਕਲਗੀਆਂ ਵਾਲੇ ਪਾਤਸ਼ਾਹ ਨੇ ਕੱਚੀ ਗੜ੍ਹੀ ਦੇ ਉੱਚੇ ਮੀਨਾਰ 'ਤੇ ਖਲੋ ਕੇ ਕਿਸੇ ਵੱਡੇ ਸਿਦਕ, ਵਿਸਮਾਦ ਅਤੇ ਸ਼ੁਕਰਾਨੇ ਦੀ ਵਜਦਮਈ ਅਵਸਥਾ ਵਿੱਚ ਆਪਣੇ ਹੱਥੀਂ ਹਥਿਆਰਾਂ, ਦਸਤਾਰਾਂ ਅਤੇ ਕਲਗੀਆਂ ਨਾਲ ਸਜਾ ਕੇ ਜੰਗ ਨੂੰ ਤੋਰੇ ਦੋ ਵੱਡੇ ਸੂਰਬੀਰ ਸਪੁੱਤਰਾਂ ਨੂੰ ਵੈਰੀ ਫ਼ੌਜਾਂ ਟਿੱਡੀ ਦਲ ਨਾਲ ਜੂਝਦਿਆਂ ਅਤੇ ਆਖਰਕਾਰ ਮੌਤ ਲਾੜੀ ਨਾਲ ਗਾਨਾ ਖੇਡਦਿਆਂ (ਸ਼ਹਾਦਤ ਦਾ ਜਾਮ ਪੀਂਦਿਆਂ) ਨਿਹਾਰਿਆ ਸੀ। ਕੇਡ ਵੱਡਾ ਭਾਰੇ-ਗੌਰੇ ਰੁੱਖਾਂ ਵਰਗਾ ਜੇਰਾ ਸੀ ਮਾਂ ਗੁਜਰੀ ਜੀ ਦਾ ਅਤੇ ਉਨ੍ਹਾਂ ਦੇ ਸੂਰਬੀਰ ਸਪੁੱਤਰ ਕਲਗੀਆਂ ਵਾਲੇ ਪਾਤਸ਼ਾਹ ਦਾ।

'ਪਰੰਪਰਕ ਠੰਢਾ ਬੁਰਜ' ਜਿਸ ਦੇ ਹੇਠਾਂ ਕਿਸੇ ਸਮੇਂ ਇਕ ਸੁੰਦਰ

ਖੂਹਨੁਮਾ ਬਾਉਲੀ ਹੋਇਆ ਕਰਦੀ ਸੀ ਅਤੇ ਜਿਸ ਦੇ ਬਿਲਕੁਲ ਲਾਗੋਂ ਹੰਸਲਾ ਨਦੀ (ਸਤਿਲੁਜ ਦਰਿਆ ਦਾ ਇਕ ਬਰਸਾਤੀ ਵਹਾਓ) ਵਗਿਆ ਕਰਦੀ ਸੀ, ਭਾਵੇਂ ਤਿੱਖੀ ਗਰਮੀ ਦੀ ਰੁੱਤੇ ਸਰੀਰਾਂ ਨੂੰ ਠੰਢਕ, ਸਕੂਨ ਅਤੇ ਅਰਾਮ ਪ੍ਰਦਾਨ ਕਰਨ ਦਾ ਸਭ ਤੋਂ ਵੱਧ ਕਾਰਗਾਰ ਵਸੀਲਾ ਸੀ, ਪਰ ਵਜ਼ੀਰ ਖ਼ਾਨ ਦੇ ਸ਼ਾਤਰ ਅਤੇ ਸ਼ੈਤਾਨ ਦਿਮਾਗ਼ ਨੇ ਮਾਂ-ਗੁਜਰੀ ਅਤੇ ਸਾਹਿਬਜ਼ਾਦਿਆਂ ਨੂੰ ਏਸ 'ਠੰਢੇ ਬੁਰਜ' ਅੰਦਰ ਕੈਦ ਕੇਵਲ ਇਸ ਇਰਾਦੇ ਨਾਲ ਕੀਤਾ ਕਿ ਪੋਹ-ਮਾਘ ਦੀਆਂ ਅਤਿ ਠੰਢੀਆਂ-ਕਕਰੀਲੀਆਂ ਰਾਤਾਂ ਅੰਦਰ ਉਨ੍ਹਾਂ ਦੇ ਬਿਰਧ ਅਤੇ ਮਾਸੂਮ ਸਰੀਰਾਂ ਨੂੰ ਵੱਧ ਤੋਂ ਵੱਧ ਦੁੱਖ, ਤਕਲੀਫ਼ ਅਤੇ ਕਸ਼ਟ ਪਹੁੰਚਾਇਆ ਜਾ ਸਕੇ। ਇਹੋ ਜਿਹੇ ਤਿੱਖੇ ਬੇਕਿਰਕ ਤਸੀਹੇ ਦੇ ਕੇ ਉਹ ਉਨ੍ਹਾਂ ਦੇ ਵਿਅਕਤਿੱਤਵ ਵਿਚਲੀ ਨੂਰਾਨੀ ਸ਼ਾਨ, ਇਖ਼ਲਾਕੀ ਬੁਲੰਦੀ, ਸਾਬਤੀ ਸਿਦਕ-ਦਿਲੀ, ਬਲਕਾਰੀ ਦ੍ਰਿੜ੍ਹਤਾ ਅਤੇ ਅਡੋਲਤਾ ਨੂੰ ਕਿਵੇਂ ਨਾ ਕਿਵੇਂ ਖੋਰਨਾ, ਖੰਡਿਤ ਅਤੇ ਕਲੰਕਿਤ ਕਰਨਾ ਲੋਚਦਾ ਸੀ ਪਰ ਅਨੇਕਾਂ ਹੋਛੇ, ਕੁਹਝੇ ਅਤੇ ਨੀਚ ਹੱਥਕੰਡੇ ਅਪਨਾਉਣ ਦੇ ਬਾਵਜੂਦ ਉਸ ਦੇ ਪੱਲੇ ਨਿਰਾਸ਼ਤਾ, ਨਾਕਾਮੀ ਅਤੇ ਨਮੋਸ਼ੀ ਹੀ ਪਈ।

ਇਕ ਸਦੀਵੀ ਪ੍ਰਭਾਵ ਰੱਖਣ ਵਾਲੀ ਬਹੁਤ ਵੱਡੀ ਇਤਿਹਾਸਿਕ ਘਟਨਾ ਦੇ ਵਾਪਰਨ, ਸਥਾਨ ਅਤੇ ਦ੍ਰਿਸ਼ ਪੱਖੋਂ 'ਠੰਢੇ ਬੁਰਜ' ਦਾ ਸਮੁੱਚੀ ਮਨੁੱਖ ਜਾਤੀ, ਭਾਰਤੀਆਂ ਅਤੇ ਵਿਸ਼ੇਸ਼ ਕਰਕੇ ਪੰਜਾਬੀਆਂ ਲਈ ਬੁਨਿਆਦੀ ਅਤੇ ਕੇਂਦਰੀ ਮਹੱਤਵ ਸੀ, ਹੈ ਅਤੇ ਰਹਿੰਦੀ ਦੁਨੀਆਂ ਤਕ ਰਹੇਗਾ। ਕਿੰਨਾ ਚੰਗਾ ਹੁੰਦਾ ਜੇਕਰ ਅਸੀਂ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨਾਲ ਨੇੜਿਉਂ ਜੁੜੀ ਇਸ ਦੇ ਪਰੰਪਰਕ ਪ੍ਰਮਾਣਿਕ ਸਰੂਪ ਅਤੇ ਭੂਗੋਲਿਕ ਚੌਗਿਰਦੇ ਸਮੇਤ ਉਵੇਂ ਦਾ ਉਵੇਂ ਸਾਂਭ ਕੇ ਰੱਖ ਲੈਂਦੇ।

ਪੋਸਟ ਗਰੈਜੂਏਟ ਪੰਜਾਬੀ ਵਿਭਾਗ, ਮਾਤਾ ਗੁਜਰੀ ਕਾਲਜ,
ਫ਼ਤਹਿਗੜ੍ਹ ਸਾਹਿਬ । ਮੋਬਾ: 99143-01328
(ਅਜੀਤ 26 ਦਸੰਬਰ, 2013 ਵਿੱਚੋਂ ਧੰਵਾਦ ਸਹਿਤ !)



# ਚੜ੍ਹਦੀ ਕਲਾ ਦਾ ਪ੍ਰਤੀਕ ਹੈ ਸਾਹਿਬਜ਼ਾਦਿਆਂ ਦੀ ਸ਼ਹਾਦਤ

—ਡਾ. ਰਿਪੁਦਮਨ ਸਿੰਘ (ਡੈਨਮਾਰਕ)

ਖ਼ਾਲਸਾ ਪੰਥ ਦੇ ਸੁਨਹਿਰੀ ਇਤਿਹਾਸ ਦੀ ਇੱਕ ਅਹਿਮ ਕੜੀ ਸਾਹਿਬਜ਼ਾਦਿਆਂ ਦੀ ਸ਼ਹੀਦੀ ਨਾਲ ਜੁੜਦੀ ਹੈ। ਇਸ ਲਾਸਾਨੀ ਸ਼ਹਾਦਤ ਨੂੰ ਖ਼ਾਲਸਾ ਪੰਥ ਹਰ ਸਾਲ ਮਨਾਉਂਦਾ ਹੈ। ਮਨਾਉਣ ਤੋਂ ਭਾਵ ਯਾਦ ਕਰਨਾ—ਯਾਦ ਕਰਨਾ ਕਿ ਗੁਰੂ ਗੋਬਿੰਦ ਸਿੰਘ ਨੇ ਚਾਰ ਸਾਹਿਬਜ਼ਾਦੇ ਸਾਡੇ ਵਾਸਤੇ ਵਾਰ ਦਿੱਤੇ, ਜਿਸਦੀ ਗਵਾਹੀ ਗੁਰੂ ਸਾਹਿਬ ਖ਼ੁਦ ਆਪਣੀ ਕਲਮ ਨਾਲ ਜ਼ਫ਼ਰਨਾਮੇ ਵਿੱਚ ਦਿੰਦੇ ਹਨ। ਜ਼ਫ਼ਰਨਾਮਾ, ਯਾਨੀ ਜਿੱਤ ਦੀ ਚਿੱਠੀ ਜਿਸ ਨੂੰ ਗੁਰੂ ਸਾਹਿਬ ਨੇ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਬਾਅਦ ਲਿਖਿਆ। ਉਹ ਸੋਗ ਦੀ ਚਿੱਠੀ ਨਹੀਂ ਬਲਕਿ ਚੜ੍ਹਦੀ ਕਲਾ ਦਾ ਪ੍ਰਤੀਕ, ਅਕਾਲ ਪੁਰਖ ਵੱਲ ਸ਼ੁਕਰਾਨੇ ਦੀ ਚਿੱਠੀ ਸੀ। ਫਾਰਸੀ ਵਿੱਚ ਲਿਖੀ ਇਹ ਇਤਿਹਾਸਕ ਚਿੱਠੀ ਉਹ ਦਸਤਾਵੇਜ਼ ਹੈ ਜੋ ਇਨਸਾਨੀ ਪੈਮਾਨਿਆਂ ਨਾਲ ਮਿਣੇ ਜਜ਼ਬਾਤ ਨੂੰ ਚੂਰ ਕੇ ਰੱਖ ਦਿੰਦੀ ਹੈ। ਇਹ ਚਿੱਠੀ ਕੋਈ '**ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਯਿਉ।**' ਹੀ ਲਿਖ ਸਕਦਾ ਹੈ। ਛੋਟੇ ਸਾਹਿਬਜ਼ਾਦੇ ਨੀਹਾਂ ਵਿੱਚ ਚਿਣ ਦਿੱਤੇ ਗਏ, ਵੱਡੇ ਸਾਹਿਬਜ਼ਾਦੇ ਆਪਣੇ ਪਿਤਾ ਸਤਿਗੁਰੂ ਦੇ ਪਾਵਨ ਬਚਨਾਂ '**ਸ਼ੱਸਤ੍ਰਨ ਸਿਉ ਅਤਿ ਹੀ ਰਨ ਭੀਤਰ ਜੂਝ ਮਰੋ ਤਓ ਸਾਚ ਪਤੀਜੈ**' 'ਤੇ ਖਰਾ ਉਤਰਦਿਆਂ ਸ਼ਹਾਦਤ ਪਾ ਗਏ। ਪਰਿਵਾਰ ਵਿਛੜ ਗਿਆ, ਸਿੱਖ ਵਿਛੜ ਗਏ, ਦੁਨਿਆਵੀ ਤੌਰ 'ਤੇ ਗੁਰੂ ਸਾਹਿਬ ਕੋਲ ਕੁਝ ਨਹੀਂ ਰਿਹਾ। ਪਰ ਜ਼ਫ਼ਰਨਾਮੇ ਦੇ ਪਹਿਲੇ ਬੰਦਾਂ ਵਿੱਚ ਗੁਰੂ ਸਾਹਿਬ ਅਕਾਲਪੁਰਖ ਨਾਲ ਗਿਲਾ ਨਹੀਂ, ਬਲਕਿ ਉਸਦਾ ਸ਼ੁਕਰਾਨਾ ਕਰਦੇ ਹਨ। ਗੁਰੂ ਸਾਹਿਬ ਫ਼ਰਮਾਉਂਦੇ ਹਨ:

**ਕਮਾਲਿ ਕਰਾਮਾਤ ਕਾਯਮ ਕਰੀਮ।**
**ਰਜਾ ਬਖ਼ਸ਼ੋ ਰਾਜ਼ਿਕ ਰਹਾਕੋ ਰਹੀਮ।੧।**

ਅਕਾਲ ਪੁਰਖ ਕਮਾਲਾਂ ਅਤੇ ਕਰਾਮਾਤਾਂ ਕਰਨ ਵਾਲਾ ਹੈ। ਉਹ ਬਖ਼ਸ਼ਣਹਾਰ ਹੈ ਅਤੇ ਰਜ਼ਾ ਅਤੇ ਪਿਆਰ ਦਾ ਪੁੰਜ ਹੈ। ਗੁਰੂ ਸਾਹਿਬ ਅੱਗੇ ਫ਼ਰਮਾਉਂਦੇ ਹਨ:

**ਅਮਾਂ ਬਖ਼ਸ਼ ਬਖ਼ਸ਼ਿੰਦਹ ਓ ਦਸਤਗੀਰ।**
**ਰਜ਼ਾ ਬਖ਼ਸ਼ ਰੋਜ਼ੀ ਦਿਹੋ ਦਿਲ ਪਜ਼ੀਰ।੨।**

ਅਕਾਲਪੁਰਖ ਬਖ਼ਸ਼ਿਸ਼ਾਂ ਕਰਨ ਵਾਲਾ ਹੈ। ਉਹ ਦਇਆਵਾਨ ਹੈ ਅਤੇ ਲੋੜਵੰਦਾਂ ਦੀ ਬਾਂਹ ਪਕੜਣ ਵਾਲਾ ਹੈ। ਉਹ ਸਭ ਨੂੰ ਰੋਜ਼ੀ ਦੇਣ ਵਾਲਾ ਅਤੇ ਉਨ੍ਹਾਂ ਦੇ ਦਿਲਾਂ ਵਿੱਚ ਖ਼ੁਸ਼ੀਆਂ ਬਖ਼ਸ਼ਣ ਵਾਲਾ ਹੈ।

ਅਜਿਹੇ ਹਨ ਸਾਡੇ ਸਤਿਗੁਰੂ ਜਿਹੜੇ ਸਾਨੂੰ ਸਿਰਫ਼ ਚੜ੍ਹਦੀਆਂ ਕਲਾਂ ਵਿੱਚ ਰਹਿਣ ਦਾ ਸੁਨੇਹਾ ਹੀ ਨਹੀਂ ਦਿੰਦੇ, ਪਰ ਆਪ ਉਸ ਵਿੱਚ ਵਿਚਰ ਕੇ ਸਾਨੂੰ ਉਸ ਵਿੱਚ ਵਿਚਰਨ ਦੀ ਜਾਚ ਵੀ ਸਿਖਾਉਂਦੇ ਹਨ। ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਬਾਅਦ ਜਦੋਂ ਕਲਗੀਆਂ ਵਾਲੇ ਖ਼ਾਲਸੇ ਦਾ ਜ਼ਿਕਰ ਜ਼ਫ਼ਰਨਾਮੇ ਵਿੱਚ ਕਰਦੇ ਹਨ ਤਾਂ ਉਹ ਜ਼ਿਕਰ ਇੱਕ ਭਰੋਸੇ ਦਾ ਹੁੰਦਾ ਹੈ। ਉਹ ਭਰੋਸਾ ਕਿ ਭਾਵੇਂ ਸਾਹਿਬਜ਼ਾਦੇ ਸ਼ਹੀਦ ਹੋ ਗਏ, ਪਰ ਮੇਰਾ ਖ਼ਾਲਸਾ ਅਜੇ ਜਿਉਂਦਾ ਹੈ ਅਤੇ ਸੱਚ ਦੇ ਮਾਰਗ 'ਤੇ ਤੁਰਦਿਆਂ ਉਹ ਕਦੇ ਡੋਲੇਗਾ ਨਹੀਂ। ਗੁਰੂ ਸਾਹਿਬ ਦੀ ਔਰੰਗਜ਼ੇਬ ਨੂੰ ਲਲਕਾਰ:

**ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ।**

**ਕਿ ਬਾਕੀ ਬਿਮਾਂਦਾਸਤ ਪੇਚੀਦਹ ਮਾਰ।੭੮।**

(ਹੇ ਔਰੰਗਜ਼ੇਬ) ਕੀ ਹੋਇਆ ਜੇ ਤੂੰ ਮੇਰੇ ਚਾਰ ਬੱਚੇ ਮਾਰ ਦਿੱਤੇ, ਅਜੇ ਮੇਰਾ ਨਾਗ ਰੂਪੀ ਖ਼ਾਲਸਾ ਜਿਉਂਦਾ ਹੈ।

**ਚਿਹ ਮਰਦੀ ਕਿ ਅਖ਼ਗਰ ਖ਼ਮੋਸ਼ਾ ਕੁਨੀ।**

**ਕਿ ਆਤਿਸ਼ ਦਮਾਂ ਰ ਬ ਦੌਰਾਂ ਕੁਨੀ।੭੯।**

ਇਹ ਕਿਹੋ ਜਿਹੀ ਬਹਾਦਰੀ ਹੈ ਕਿ ਤੂੰ ਚਾਰ ਚਿੰਗਾੜੀਆਂ ਨੂੰ ਬੁਝਾ ਕੇ ਇੱਕ ਵੱਡੀ ਅੱਗ (ਖ਼ਾਲਸੇ) ਨੂੰ ਹਵਾ ਦੇ ਦਿੱਤੀ ਹੈ। ਇਹ ਭਰੋਸਾ ਸੀ ਸਤਿਗੁਰੂ ਦਾ ਖ਼ਾਲਸੇ ਉੱਪਰ। ਭਰੋਸਾ ਕਿ ਭਾਵੇਂ ਔਰੰਗਜ਼ੇਬ ਨੇ ਚਾਰ ਸਾਹਿਬਜ਼ਾਦੇ ਸ਼ਹੀਦ ਕਰ ਦਿੱਤੇ, ਪਰ ਖ਼ਾਲਸਾ ਅਜੇ ਜਿਉਂਦਾ ਹੈ ਅਤੇ ਆਉਣ ਵਾਲੇ ਸਮਿਆਂ ਵਿੱਚ ਇਹ ਖ਼ਾਲਸਾ ਹਰ ਔਕੜ ਨੂੰ ਖਿੜੇ ਮੱਥੇ ਪ੍ਰਵਾਨ ਕਰੇਗਾ। ਸਾਹਿਬਜ਼ਾਦਿਆਂ ਦੀ ਸ਼ਹੀਦੀ ਸੋਗ ਦਾ ਪ੍ਰਤੀਕ ਨਹੀਂ, ਨਾ ਹੀ ਅਸੀਂ ਇਸ ਸ਼ਹਾਦਤ ਨੂੰ ਸੋਗ ਵਿੱਚ ਬਦਲ ਕੇ ਉਸ ਦਾ ਅਪਮਾਨ ਕਰਨਾ ਹੈ। ਇਹ ਲਾਸਾਨੀ ਸ਼ਹਾਦਤ ਸੱਚ ਦੀ ਝੂਠ ਉੱਤੇ ਜਿੱਤ ਦਾ ਪ੍ਰਤੀਕ ਹੈ। ਇਹ ਬਲੀਦਾਨ ਦਾ ਪ੍ਰਤੀਕ ਹੈ। ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਗੁਰੂ ਸਾਹਿਬ ਦਾ ਖ਼ਾਲਸੇ ਉੱਤੇ ਭਰੋਸੇ ਦਾ ਪ੍ਰਤੀਕ ਹੈ ਅਤੇ ਨਾ ਹੀ ਅਸੀਂ ਇਸ ਇਤਿਹਾਸਕ ਦਿਹਾੜੇ ਨੂੰ ਗ਼ਮੀ ਅਤੇ ਸੋਗ ਵਿੱਚ ਗੁਜ਼ਾਰੀਏ। ਖ਼ਾਲਸਾ ਤਾਂ ਸ਼ਹੀਦੀ ਦਿਹਾੜਿਆਂ 'ਤੇ ਜੋੜ ਮੇਲੇ ਮਨਾਉਂਦਾ ਹੈ।

**ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥**

**ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ॥੧॥**



**ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ॥**

**ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ॥੨॥੩॥੨੨॥**

(ਅੰਗ ੧੩੦੨)

ਗੁਰੂ ਕੇ ਸਿੱਖ ਵਾਸਤੇ ਦੁੱਖ ਅਤੇ ਸੁੱਖ ਵਿੱਚ ਕੋਈ ਜ਼ਿਆਦਾ ਅੰਤਰ ਨਹੀਂ। ਇਸੇ ਕਰਕੇ ਖ਼ਾਲਸੇ ਦੀ ਨਿੱਤ ਦੀ ਅਰਦਾਸ ਅਕਾਲ ਪੁਰਖ ਅੱਗੇ ਭਾਣਾ ਮੰਨਣ ਦੀ ਹੁੰਦੀ ਹੈ। ਇਹ ਹੈ ਗੁਰੂ ਸਾਹਿਬਾਨ ਦੀ ਛੋਹ ਪ੍ਰਾਪਤ ਚੜ੍ਹਦੀ ਕਲਾ ਜਿਹੜੀ ਉਨ੍ਹਾਂ ਸਾਡੀ ਝੋਲੀ ਪਾਈ ਹੈ।

ਸਾਨੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਆਪਣੇ ਹਿਰਦਿਆਂ ਵਿੱਚ ਵਸਾਉਣ ਅਤੇ ਗੁਰੂ ਪਿਤਾ ਕੋਲ ਅਰਦਾਸ ਕਰਨ ਦੀ ਲੋੜ ਹੈ ਕਿ 'ਹੇ ਕਲਗੀਆਂ ਵਾਲਿਆ ਜਿਹੜਾ ਭਰੋਸਾ ਤੂੰ ਸਾਡੇ 'ਤੇ ਰੱਖਿਆ, ਅੱਜ ਉਸ ਭਰੋਸੇ 'ਤੇ ਖਰਾ ਉਤਰਨ ਦਾ ਬਲ ਬਖ਼ਸ਼। ਇਸ ਵਿੱਚ ਸਾਡੇ ਦੋਨਾਂ ਦੀ ਜਵਾਬਦੇਹੀ ਹੈ।'

## ਸ਼ਹੀਦਾਨਿ-ਵਫ਼ਾ

(੧) ਜਿਸ ਦਮ ਅਨੰਦਪੁਰ ਮੇਂ ਸਤਗੁਰ ਮੁਕੀਮ[੧] ਥੇ
ਹਮਰਾਹ ਘਰ ਕੇ ਲੋਗ ਥੇ ਔਰ ਕੁਛ ਨਦੀਮ[੨] ਥੇ
ਚਾਰੋਂ ਤਰਫ਼ ਸੇ ਕਿਲਅ਼ ਕੋ ਘੇਰੇ ਗ਼ਨੀਮ[੩] ਥੇ
ਟੂਟੇ ਸੇ ਰਿਜ਼ਕ ਕੇ ਦਿਲਿ-ਸਿੰਘਾਂ ਦੋ-ਨੀਮ[੪] ਥੇ

ਪਿਆਸੇ ਥੇ ਔਰ ਭੂਕ ਕੀ ਸ਼ਿੱਦਤ ਕਮਾਲ[੫] ਥੀ
ਥੀ ਮੁਖ਼ਤਸਰ ਸੀ ਫ਼ੌਜ ਸੋ ਵੁਹ ਭੀ ਨਿਢਾਲ ਥੀ

(੨) ਅਅ਼ਦਾ[੬] ਕੀ ਫੌਜ ਕੇ ਨ ਸ਼ੁਮਾਰੋ-ਹਿਸਾਬ ਥੇ
ਸਰਦਾਰਿ-ਫ਼ੌਜ ਏਕ ਨਹੀਂ ਦੋ ਨਵਾਬ ਥੇ
ਰਾਜੇ ਕਈ ਪਹਾੜ ਕੇ ਭੀ ਹਮ-ਰਕਾਬ[੭] ਥੇ
ਸਿੰਘੋਂ ਸੇ ਬਿਸਤ-ਚੰਦ[੮] ਯਿਹ ਸਬ ਸ਼ੈਖ਼-ਓ-ਸ਼ਾਬ[੯] ਥੇ

ਸਿੱਖੋਂ ਕੀ ਆਰਜ਼ੂ ਥੀ ਕਿ ਲੜ ਕਰ ਸ਼ਹੀਦ ਹੋਂ
ਸਤਗੁਰ ਯਿਹ ਸੋਚਤੇ ਥੇ ਨ: ਜ਼ਾਇਅ਼ ਮੁਰੀਦ ਹੋਂ

(੩) ਬੋਲੇ ਕਿ ਅਪਨੀ ਫ਼ੌਜ ਨਿਹਾਯਤ ਹੈ ਮੁਖ਼ਤਸਰ
ਘੇਰੇ ਹੁਏ ਹੈਂ ਹਮ ਕੋ ਹਜ਼ਾਰੋਂ ਹੀ ਅਹਿਲ ਸ਼ਰ[੧੦]
ਛੋੜੇਂਗੇ ਅਪਨੇ ਆਪ ਕੋ ਦੁਸ਼ਮਨ ਕੇ ਰਹਮ ਪਰ
ਉਸ ਮੇਂ ਭੀ ਅਪਨੀ ਇੱਜ਼ਤੋ ਅਜ਼ਮਤ[੧੧] ਕਾ ਹੈ ਖ਼ਤਰ[੧੨]

ਚਿੜਿਯੋਂ ਕੋ ਆਜ ਭੀ ਮੈਂ ਲੜਾ ਦੂੰਗਾ ਬਾਜ਼ ਸੇ
ਕੁਛ ਫ਼ਾਯਦਾ ਨਹੀਂ ਹੈ ਮਗਰ ਤਰਕੋ ਤਾਜ਼[੧੩] ਸੇ

(੪) ਦੁਨੀਆ ਕੇ ਲੋਗ ਹੋਤੇ ਹੈਂ, ਪਾਗਲ ਜੁਨੂਨ ਸੇ
ਹਮ ਮੁਸਲਿਹੇ[੧੪] ਜਹਾਂ[੧੫] ਹੈਂ, ਗਰਜ਼ ਹਮ ਕੋ ਦੂਨ[੧੬] ਸੇ?
ਕਯਾ ਫ਼ਾਯਦਾ ਹੈ ਹਿੰਦੂ ਓ ਮੁਸਲਿਮ ਕੇ ਖ਼ੂਨ ਸੇ
ਬਿਹਤਰ ਹੈ ਇਜਤਿਨਾਬ[੧੭] ਹੀ ਕਾਰਿ ਜ਼ਬੂਨ[੧੮] ਸੇ

ਇਤਨ ਮੇਂ ਇਤਿਲਾਅ ਹੁਈ, ਕਾਸਿਦ[੧੯], ਇਕ ਆਯਾ ਹੈ
ਸਰਹਿੰਦ ਕੇ ਨਵਾਬ ਕਾ ਪੈਗ਼ਾਮ ਲਾਯਾ ਹੈ

*੧. ਠਹਿਰੇ ਹੋਏ। ੨. ਸਾਥੀ। ੩. ਦੁਸ਼ਮਣ। ੪. ਦੋ ਟੋਟੇ। ੫. ਬਹੁਤ। ੬. ਉਦੂ ਦਾ ਬਹੁਵਚਨ, ਉਦੂ=ਦੁਸ਼ਮਣ। ੭. ਨਾਲ। ੮. ਵੀਹ ਗੁਣਾਂ। ੯. ਬੁੱਢੇ ਅਤੇ ਜਵਾਨ। ੧੦. ਸ਼ਰਾਰਤੀ ਲੋਕ। ੧੧. ਵਡਿਆਈ। ੧੨. ਨੁਕਸਾਨ। ੧੩. ਛੱਡ ਕੇ ਨੱਸ ਜਾਣ ਦਾ ਭਾਵ। ੧੪. ਸੁਧਾਰਕ। ੧੫. ਸੰਸਾਰ। ੧੬. ਕਮੀਨਾ, ਨੀਚ। ੧੭. ਪਰਹੇਜ਼ ਕਰਨ ਜਾਂ ਬਚਣ ਦਾ ਭਾਵ। ੧੮. ਨੀਚ ਕੰਮ। ੧੯. ਸੰਦੇਸ਼ਾ ਲਿਆਉਣ ਵਾਲਾ, ਏਲਚੀ।*



(੫) ਫ਼ਰਮਾਏ ਸਤਗੁਰੂ, ਇਸੇ ਲਾਓ ਹਮਾਰੇ ਪਾਸ
ਯਿਹ ਪਾ ਕੇ ਹੁਕਮ ਤੁਰਤ ਗਯਾ, ਉਠਕੇ ਏਕ ਦਾਸ
ਲਾਯਾ ਸਫ਼ੀਰ[੧] ਜਿਸ ਪ: ਥਾ ਛਾਯਾ ਹੁਆ ਹਿਰਾਸ[੨]
ਦੀਵਾਨ ਖ਼ਾਲਸੋਂ ਕਾ ਜੋ ਦੇਖਾ ਗਯਾ ਹਵਾਸ[੩]

ਸਤਗੁਰ ਨੇ ਦੇ ਕੇ ਹੌਸਲਾ ਪੂਛਾ ਯਿਹ ਪ੍ਯਾਰ ਸੇ
ਪੈਗ਼ਾਮ ਕ੍ਯਾ ਤੂ ਲਾਯਾ ਹੈ ਫ਼ੌਜ ਸ਼ਰਾਰ[੪] ਸੇ

(੬) ਕਹਨੇ ਲਗਾ ਹੁਜ਼ੂਰ ਕਾ ਰੁਤਬ: ਬੁਲੰਦ ਹੋ
ਨਾਨਕ ਕੀ ਸ਼ਾਨ ਦਸਵੇਂ ਗੁਰੂ ਮੇਂ ਦੁਚੰਦ[੫] ਹੋ
ਹਾਦੀ[੬] ਹੋ ਇਕ ਜ਼ਮਾਨੇ ਕੇ ਤੁਮ ਦਰਦ ਮੰਦ ਹੋ
ਕੀਜੇ ਮੁਆਫ਼ ਬਾਤ ਅਗਰ ਨਾ-ਪਸੰਦ ਹੋ

ਭੇਜਾ ਹੈ ਮੁਝ ਕੋ ਨਾਜ਼ਿਮਿ[੭] ਸਰਹਿੰਦ ਨੇ ਯਹਾਂ
ਫ਼ਰਮਾਨਿ[੮] ਸ਼ਾਹਿ ਦਿੱਲੀ ਕੇ ਪਾਬੰਦ ਨੇ ਯਹਾਂ

(੭) ਇਸ ਨੇ ਕਹਾ ਕਿ ਹਮ ਕੋ ਨਹੀਂ ਬੈਰ ਆਪ ਸੇ
ਰਖਤੇ ਨਹੀਂ ਹੈਂ ਕਦ[੯] ਹਰਮ-ਓ-ਦੈਰ[੧੦] ਆਪ ਸੇ
ਪਾਤੇ ਹੈਂ ਸਬ ਬਸ਼ਰ[੧੧] ਸਬ ਕੇ ਖ਼ੈਰ[੧੨] ਆਪ ਸੇ
ਅਪਨੇ ਬਵਜਹਿ[੧੩] ਤਮਅ਼[੧੪] ਹੁਏ ਗ਼ੈਰ ਆਪ ਸੇ

ਦੀਨੋ ਧਰਮ ਕੋ ਛੋੜ ਕੇ ਅੰਧੇ ਹੁਏ ਹੈਂ ਕੁਛ
ਨਾਜ਼ਿਲ[੧੫] ਪਹਾੜ ਪਰ ਸੇ ਦਰਿੰਦੇ[੧੬] ਹੁਏ ਹੈਂ ਕੁਛ

(੮) ਛੋੜੋ ਅਨੰਦ ਪੂਰ ਯਿਹ ਸ਼ਾਹੀ ਮਕਾਮ[੧੭] ਹੈ
ਮਖ਼ਦੂਸ਼[੧੮] ਇਸ ਜਗਹ ਪ: ਤੁਮ੍ਹਰਾ ਕਯਾਮ[੧੯] ਹੈ
ਫ਼ੌਜੋਂ ਸੇ ਔਰ ਕਲਓਂ ਸੇ ਕ੍ਯਾ ਤੁਮ ਕੋ ਕਾਮ ਹੈ
ਲੜਨਾ ਹੀ ਜਬ ਨਹੀਂ ਤੋ ਯਿਹ ਕ੍ਯੋਂ ਧੂਮ ਧਾਮ ਹੈ

ਹੈ ਖ਼ੈਰ ਇਸੀ ਮੇਂ ਅਪਨੇ ਕਹੇ ਪਰ ਅਮਲ ਕਰੋ
ਬੇਸੂਦ ਹਮਦਮੋਂ[੨੦] ਕੋਨ ਨਜ਼ਰੇ[੨੧] ਅਜਲ[੨੨] ਕਰੋ

*੧. ਏਲਚੀ। ੨. ਡਰ, ਖ਼ੌਫ। ੩. ਹਵਾਸ ਬਹੁਵਚਨ ਹੈ ਹਾਸ: ਦਾ, ਹਾਸ:=ਇੰਦਰੀ ਅਰਥਾਤ ਹੋਸ਼। ੪. ਸ਼ਰਾਰ ਬਹੁਵਚਨ ਹੈ ਸ਼ਰੀਰ ਦਾ, ਸ਼ਰੀਰ= ਸ਼ਰਾਰਤੀ। ੫. ਦੁਗਣੀ। ੬. ਹਿਦਾਇਤ ਕਰਨ ਵਾਲਾ, ਮਤ ਦੇਣ ਵਾਲਾ। ੭. ਸ਼ਾਸਕ। ੮. ਹੁਕਮ। ੯. ਕਦੂਰਤ, ਦੁਸ਼ਮਣੀ। ੧੦. ਮੰਦਰ ਮਸਜਿਦ। ੧੧. ਮਨੁੱਖ। ੧੨. ਨੇਕੀ ਦਾ ਸਬਕ। ੧੩. ਕਾਰਨ ਕਰਕੇ। ੧੪. ਲਾਲਚ। ੧੫. ਉਤਰਨਾ। ੧੬. ਫਾੜ ਕੇ ਖਾ ਜਾਣ ਵਾਲੇ ਵਹਿਸ਼ੀ ਜਾਨਵਰ। ੧੭. ਥਾਂ, ਜਗਹ। ੧੮. ਖ਼ਦਸ਼ੇ ਜਾਂ ਖ਼ਤਰੇ ਵਾਲਾ ੧੯. ਠਹਿਰਾਉ। ੨੦. ਸਾਥੀ। ੨੧. ਭੇਟਾ। ੨੨. ਮੌਤ।*

(੯) ਦੁਨੀਆ ਕੇ ਹਮ ਤੋ ਦੀਨ ਕੇ ਤੁਮ ਪਾਤਸ਼ਾਹ ਹੋ
ਆਤਾ ਨਹੀਂ ਯਕੀਂ ਤੁਮ੍ਹੇਂ ਦੁਨੀਆਂ ਕੀ ਚਾਹ ਹੋ
ਸਤਗੁਰ ਕੇ ਪਾਸ ਕਿਸ ਲਿਯੇ ਫ਼ੌਜੋ ਸਿਪਾਹ[੧] ਹੋ
ਨਾਨਕ ਕੇ ਜਾਨਸ਼ੀਨ ਕੋ ਕ੍ਯੋਂ ਹੁੱਬਿ[੨] ਜਾਹ[੩] ਹੋ
ਸਿੰਘੋਂ ਕੋ ਸਾਥ ਲੇ ਕੇ ਯਹਾਂ ਸੇ ਸਿਧਾਰੀਏ
ਵਾਹਿਗੁਰੂ ਕੀ ਫ਼ਤਹ ਕਾ ਨਾਅ਼ਰਾ ਪੁਕਾਰੀਏ

(੧੦) ਪੈਗ਼ਾਮ ਸੁਨ ਕੇ ਸਤਿਗੁਰੂ ਖ਼ਾਮੋਸ਼ ਹੋ ਗਏ
ਪੈਦਾ ਤਬੀਅਤੋਂ ਮੇਂ ਮਗਰ ਜੋਸ਼ ਹੋ ਗਏ
ਦਰ-ਪਏ[੪] ਨਿਕਾਲਨੇ ਕੇ ਸਿਤਮ-ਕੋਸ਼[੫] ਹੋ ਗਏ
ਜਾਤੇ ਹੈਂ ਹਮ ਤੋ ਬੋਲੇਂਗੇ ਰੂਪੋਸ਼[੬] ਹੋ ਗਏ
ਲਲਕਾਰੇ ਫ਼ੌਜ ਸੇ ਕਿ ਕਿਲਅ਼ ਸੇ ਨਿਕਲ ਚਲੋ
ਦੁਸ਼ਮਨ ਸੇ ਹੋਸ਼ਯਾਰ ਰਹੋ ਔਰ ਸੰਭਲ ਚਲੋ

(੧੧) ਬੇਵਜਹ ਹਮ ਤੋ ਖ਼ੁਦ ਨਹੀਂ ਚਾਹਤੇ ਕਿ ਜੰਗ ਹੋ
ਉਸ ਸੇ ਲੜੇਂਗੇ, ਲੜਨੇ ਕੀ ਜਿਸ ਕੋ ਉਮੰਗ ਹੋ
ਠੋਕਰ ਸੇ ਫੇਂਕ ਦੇਂਗੇ ਜੋ ਰਸਤੇ ਮੇਂ ਸੰਗ[੭] ਹੋ
ਸਰ ਇਸ ਕਾ ਕਾਟ ਲੇਂਗੇ, ਕਹਾ ਜਿਸ ਨੇ ਤੰਗ ਹੋ
ਖ਼ੂੰਰੇਜ਼ੀ[੮] ਵਰਨਾ ਖ਼ਲਕ[੯] ਕੀ ਕਬ ਹਮ ਕੋ ਭਾਤੀ ਹੈ
ਸ਼ੇਰੋਂ ਕੀ ਫ਼ੌਜ ਕਹ ਦੇ ਤੂ ਕਾਸਿਦ ਕਿ ਜਾਤੀ ਹੈ

(੧੨) ਮਸ਼ਹੂਰ ਹੈ ਕਿ ਪਾਏ[੧੦] ਗਦਾ[੧੧] ਲੰਗ[੧੨] ਭੀ ਨਹੀਂ
ਅਪਨੇ ਲਿਏ ਖ਼ੁਦਾ ਕੀ ਜ਼ਮੀਂ, ਤੰਗ ਭੀ ਨਹੀਂ
ਲੋਗੋਂ ਸੇ ਹਮ ਕੋ ਆਰਜ਼ੂਏ[੧੩] ਜੰਗ ਭੀ ਨਹੀਂ
ਵਰਨ ਕੁਈ ਦਲੇਰੀ ਮੇਂ ਪਾਸੰਗ[੧੪] ਭੀ ਨਹੀਂ
ਮਜਬੂਰ ਹੋ ਗਏ ਤੋ ਲੜਾਈ ਦਿਖਾਏਂਗੇ
ਫਿਰ ਤੇਗ਼ੇ ਖ਼ਾਲਸਾ ਕੀ ਸਫ਼ਾਈ ਦਿਖਾਏਂਗੇ

*੧. ਸੈਨਾ। ੨. ਪਿਆਰ। ੩. ਰੁਤਬਾ। ੪. ਲਈ। ੫. ਜ਼ੁਲਮ ਕਰਨ ਵਾਲਾ। ੬. ਲੁਕਿਆ ਹੋਇਆ। ੭.ਪੱਥਰ। ੮. ਖ਼ੂਨ ਵਗਾਉਣ ਦਾ ਭਾਵ। ੯. ਲੋਕ ਖ਼ਿਲਕਤ। ੧੦. ਪੈਰ। ੧੧. ਫ਼ਕੀਰ। ੧੨. ਲੰਗੜਾ। ੧੩. ਇੱਛਾ, ਕਾਮਨਾ। ੧੪. ਪਾਸਕੂ।*



(੧੩) ਦੇਖਾ ਉਦੂ[੧] ਨੇ ਕਲਅ਼ ਮਿਲੇਗਾ ਨ: ਜ਼ੋਰ ਸੇ
ਬਿਫਰੇਂਗੇ ਔਰ ਸ਼ੇਰ ਸਗਾਲੋਂ[੨] ਕੇ ਸ਼ੋਰ ਸੇ
ਬੀਂਕਾ ਨ: ਬਾਲ ਹੋਗਾ ਸੁਲੇਮਾ[੩] ਕਾ ਮੋਰ[੪] ਸੇ
ਵਾਕਿਫ਼ ਥੇ ਸਤਗੁਰੂ ਦਿਲਿ ਅਅ਼ਦਾ[੫] ਕੇ ਚੋਰ ਸੇ
ਮਿਲ ਕਰ ਦੁਆ ਕਰੇਂਗੇ ਯਿਹ ਵਅਦੇ ਕੇ ਰੰਗ ਮੇਂ
ਸਮਝੇਂਗੇ ਹਮ ਭੀ ਕ੍ਯਾ ਹੁਆ ਮੈਦਾਨਿ ਜੰਗ ਮੇਂ

(੧੪) ਤਾਰੋਂ ਕੀ ਛਾਓਂ ਕਿਲਅ਼ ਸੇ ਸਤਗੁਰ ਰਵਾਂ[੬] ਹੁਏ
ਕਸ ਕੇ ਕਮਰ ਸਵਾਰ ਥੇ ਸਾਰੇ ਜਵਾਂ ਹੁਏ
ਆਗੇ ਲਿਏ ਨਿਸ਼ਾਂ ਕਈ ਸ਼ੇਰੇ ਯਿਆਂ[੭] ਹੁਏ
ਕੁਝ ਪੀਛੇ ਜਾਂ-ਨਿਸਾਰ[੮] ਗੁਰੂ ਦਰਮਿਯਾਂ ਹੁਏ
ਚਾਰੋਂ ਪਿਸਰ[੯] ਹੁਜ਼ੂਰ ਕੇ ਹਮਰਹ[੧੦] ਸਵਾਰ ਥੇ
ਜ਼ੋਰ-ਆਵਰ ਔਰ ਫ਼ਤਹ ਅਜੀਤ ਔਰ ਜੁਝਾਰ ਥੇ

(੧੫) ਸਤਗੁਰ ਕੀ ਮਾਏਂ ਸਾਥ ਥੀਂ ਸਤਗੁਰ ਕੀ ਮਾਂ ਕੇ ਸਾਥ
ਥੀ ਹਮ ਰਕਾਬ[੧੧] ਸ਼ੇਰਨੀ ਸ਼ੇਰੇ ਯਿਆਂ[੧੨] ਕੇ ਸਾਥ
ਗ਼ਰਜ਼ੇ ਗ਼ਰਜ਼ੇ ਕਿ ਕੂਚ ਕਰ ਦਿਯਾ ਕੁਲ ਖ਼ਾਨਦਾਂ ਕੇ ਸਾਥ
ਬਾਵਫ਼ਾ ਮੁਰੀਦ ਥੇ, ਪੀਰੇ ਜ਼ਮਾਂ[੧੩] ਕੇ ਸਾਥ
ਸਤਗੁਰ ਜਹਾਂ ਪ: ਅਪਨਾ ਪਸੀਨ: ਗਿਰਾਤੇ ਥੇ
ਸਿੰਘ ਉਸ ਜਗਹ ਪ: ਅਪਨਾ ਲਹੂ ਤਕ ਬਹਾਤੇ ਥੇ

(੧੬) ਦੇਖਾ ਫ਼ਰਸ[੧੪] ਪ: ਜਿਸ ਘੜੀ ਆਲੀ-ਜਨਾਬ[੧੫] ਕੋ
ਪਾ ਬੋਸੀਉਂ[੧੬] ਕੀ ਪੜ ਗਈ ਹਰ ਸ਼ੈਖ਼ੋ[੧੭] ਸ਼ਾਬ[੧੮] ਕੋ
ਕਦਮੋਂ ਕੋ ਚੂਮਤਾ ਥਾ ਕੋਈ ਸਿਖ ਰਕਾਬ ਕੋ
ਘੇਰਾ ਹੁਆ ਸਿਤਾਰੋਂ ਨੇ ਥਾ ਮਾਹਿਤਾਬ[੧੯] ਕੋ
ਜਲਵਾ ਜੋ ਥਾ ਫ਼ਲਕ[੨੦] ਪ: ਵੁਹੀ ਥਾ ਜਹਾਨ ਪਰ
ਪਹੁੰਚੀ ਹੁਈ ਥੀ ਰਨ ਕੀ ਜ਼ਮੀਂ ਅਸਮਾਨ ਪਰ

*੧. ਦੁਸ਼ਮਣ। ੨. ਗਿੱਦੜ। ੩. ਹਜ਼ਰਤ ਸੁਲੇਮਾਨ। ੪. ਕੀੜੀ। ੫. ਉਦੂ ਦਾ ਬਹੁਵਚਨ ਅਰਥਾਤ ਦੁਸ਼ਮਣ। ੬. ਰਵਾਨਾ। ੭. ਗੁੱਸੇ ਵਿਚ ਭਰਿਆ ਹੋਇਆ। ੮. ਜਾਨ ਕੁਰਬਾਨ ਕਰਨ ਵਾਲਾ। ੯. ਪੁੱਤਰ। ੧੦. ਨਾਲ । ੧੧. ਨਾਲ। ੧੨. ਗੁੱਸੇ ਵਿਚ ਭਰਿਆ ਹੋਇਆ ਬਿਫਰਿਆ ਹੋਇਆ । ੧੩. ਦੁਨੀਆਂ। ੧੪. ਘੋੜਾ। ੧੫. ਉੱਚੀ ਸਰਕਾਰ। ੧੬. ਪੈਰ ਚੁੰਮਣਾ। ੧੭. ਬੁੱਢਾ। ੧੮. ਜਵਾਨ। ੧੯. ਚੰਨ। ੨੦. ਅਸਮਾਨ।*

(੧੭) ਹੋਨੇ ਕੋ ਅ਼ਨਕਰੀਬ[੧] ਸਹਰ ਕਾ ਜ਼ੁਹੂਰ[੨] ਥਾ
ਸਬ ਮਿਟ ਚੁਕੇ ਥੇ, ਸੁਬਹ ਕੇ ਤਾਰੇ ਪ: ਨੂਰ ਥਾ
ਪਾਤਾਲ ਕਰ ਚੁਕਾ ਸ਼ਹੇ-ਮਸ਼ਰਿਕ[੩] ਅਬੂਰ[੪] ਥਾ
ਥੋੜਾ ਮਕਾਮ ਉਫ਼ਕ[੫] ਸੇ ਖ਼ੁਰਸ਼ੈਦ[੬] ਦੂਰ ਥਾ
ਫੀਕਾ ਫ਼ਲਕ[੭] ਕਾ ਚਾਂਦ ਥਾ ਨ ਨਕ ਕੇ ਚਾਂਦ ਸੇ
ਚਿਹਰੇ ਉੜੇ ਹੁਏ ਥੇ ਸਿਤਾਰੇ ਥੇ ਮਾਂਦ ਸੇ

(੧੮) ਮਸ਼ਰਿਕ[੮] ਕੀ ਸਿਮਤ ਇਤਨੇ ਮੇਂ ਪੌ ਫੂਟਨੇ ਲਗੀ
ਮਹਤਾਬੀ ਰੁਖ਼ ਪ: ਚਾਂਦ ਕੇ ਫਿਰ ਛੂਟਨੇ ਲਗੀ
ਜੌਜ਼ਾ[੯] ਕੇ ਸਾਥ ਕੌਸੇ[੧੦] ਫ਼ਲਕ[੧੧] ਟੂਟਨੇ ਲਗੀ
ਲੁਤਫ਼ੇ ਨਸੀਮ[੧੨] ਖ਼ਲਕੇ[੧੩] ਖ਼ੁਦਾ ਲੂਟਨੇ ਲਗੀ
ਉਤਰਾ ਹੁਆ ਅਰੂਸੇ[੧੪] ਫ਼ਲਕ ਕਾ ਸਿੰਘਾਰ ਥਾ
ਗੁਮ ਕਹਕਸ਼ਾਂ[੧੫] ਕੇ ਸੀਨੇ ਸੇ ਨੌ-ਲੱਖਾ ਹਾਰ ਥਾ

(੧੯) ਜ਼ੁਹਰਾ[੧੬] ਕੀ ਤਾਂਕ ਝਾਂਕ ਥੀ ਬੰਦ ਅਸਮਾਨ ਸੇ
ਗ਼ਾਇਬ ਥਾ ਮੁਸ਼ਤਰੀ[੧੭] ਭੀ ਫ਼ਲਕ ਕੀ ਦੁਕਾਨ ਸੇ
ਝੂਮਰ ਭੀ ਉੜ ਚੁਕਾ ਥਾ ਸੁਰੱਯਾ[੧੮] ਕੇ ਕਾਨ ਸੇ
ਬੜ੍ਹਨੇ ਲਗੀ ਸਹਰ ਕੀ ਸਪੇਦੀ[੧੯] ਥੀ ਸ਼ਾਨ ਸੇ
ਲੇਕਰ ਕਿਰਨ ਕਾ ਤਾਜ ਥਾ ਸੂਰਜ ਨਿਕਲਨੇ ਕੋ
ਮਸ਼ਰਿਕ[੨੦] ਦੇ ਚਸ਼ਮ : ਨੂਰ ਕਾ ਅਬ ਥਾ ਉਬਲਨੇ ਕੋ

(੨੦) ਸਤਗੁਰ ਅਬ ਆਨ ਪਹੁੰਚੇ ਥੇ ਸਿਰਸਾ ਨਦੀ ਕੇ ਪਾਸ
ਥੇ ਚਾਹਤੇ ਬੁਝਾਏਂ ਵੁਹ ਬਾਰਹ ਪਹਰ ਕੀ ਪ੍ਯਾਸ
ਇਸ਼ਨਾਨ ਕਰਕੇ ਔਰ ਬਦਲ ਕੇ ਨਯਾ ਲਿਬਾਸ
ਵਾਹਿਗੁਰੂ ਕਾ ਨਾਮ ਜਪੇਂ ਔਰ ਕਰੇਂ ਸਪਾਸ[੨੧]
ਜਪੁ ਜੀ ਕਾ ਜਾਪ ਇਸ ਘੜੀ ਕਰਨਾ ਜ਼ਰੂਰ ਥਾ
ਪੜ੍ਹ ਕੇ ਗਰੰਥ ਔਰ ਬੜ੍ਹਾਨਾ ਸੁਰੂਰ[੨੨] ਥਾ

---

*੧. ਨੇੜੇ ਹੀ, ਤਕਰੀਬਨ। ੨. ਪ੍ਰਗਟਾਅ। ੩. ਪੂਰਬ ਦਾ ਬਾਦਸ਼ਾਹ। ੪. ਪਾਰ। ੫. ਅਸਮਾਨ ਦਾ ਕਿਨਾਰਾ ਅਰਥਾਤ ਜਿੱਥੋਂ ਸੂਰਜ ਨਿਕਲਦਾ ਹੈ। ੬. ਸੂਰਜ। ੭. ਅਸਮਾਨ। ੮. ਪੂਰਬ ਵੱਲ। ੯. ਅਸਮਾਨ ਦੇ ਤੀਜੇ ਬੁਰਜ ਦਾ ਨਾਂ। ੧੦. ਕਮਾਣ। ੧੧. ਅਸਮਾਨ। ੧੨. ਸਵੇਰ ਦੀ ਠੰਢੀ ਹਵਾ। ੧੩. ਲੋਕ। ੧੪. ਫਲਕ=ਆਸਮਾਨ ਵਹੁਟੀ। ੧੫. ਬਰੀਕ ਬਰੀਕ ਤਾਰਿਆਂ ਦੀ ਲੰਬੀ ਸਫ਼ੈਦੀ ਜੋ ਰਾਤ ਨੂੰ ਅਸਮਾਨ ਉੱਤੇ ਲੰਬੀ ਗਲੀ ਵਾਂਗ ਨਜ਼ਰ ਆਉਂਦੀ ਹੈ। ੧੬.ਇਕ ਵਿਸ਼ੇਸ਼ ਤਾਰੇ ਦਾ ਨਾਂ। ੧੭. ਖ਼ਰੀਦਦਾਰ, ਗਾਹਕ। ੧੮. ਅਸਮਾਨ ਦੇ ਛੇ ਮਿਲੇ ਹੋਏ ਤਾਰੇ, ਝੁਮਕਾ। ੧੯. ਸਫ਼ੈਦੀ । ੨੦. ਪੂਰਬ। ੨੧. ਸ਼ੁਕਰੀਆ, ਸ਼ੁਕਰ। ੨੨. ਮਸਤੀ।*



(੨੧) ਥਾ ਸਰ ਪ: ਵਕਤ ਆ ਗਿਆ ਆਸਾ ਕੀ ਵਾਰ ਕਾ
ਸਾਜ਼ੋਂ ਕੀ ਜ਼ੇਰੋ ਬੁਮ[੧] ਕਾ, ਚੜ੍ਹਾਓ ਉਤਾਰ ਕਾ
ਮਨਸ਼ਾ ਥਾ ਕਲ਼ਗੀਧਰ ਕੇ ਦਿਲੇ ਬੇਕਰਾਰ ਕਾ
ਮੌਕਅ ਮਿਲੇ ਤੋ ਕਰ ਲੇਂ ਭਜਨ ਕਿਰਦਗਾਰ[੨] ਕਾ
ਜਬ ਮਹਿਵੇ[੩] ਬੰਦਗੀ ਹੁਏ ਨਾਨਕ ਕੇ ਜਾਨਸ਼ੀਨ[੪]
ਆ ਟੂਟੇ ਖ਼ਾਲਸਾ ਪ: ਅਚਾਨਕ ਕਈ ਲਈਨ[੫]

(੨੨) ਬਦਬਖ਼ਤੋਂ ਨੇ ਜੋ ਵਾਅ਼ਦਾ ਕਿਯਾ ਥਾ ਬਿਸਰ ਗਏ
ਨਾਮਰਦ ਕੌਲ ਕਰਕੇ ਜ਼ਬਾਂ ਸੇ ਮੁਕਰ ਗਏ
ਗੋਬਿੰਦ ਸਿੰਘ ਕੇ ਸ਼ੇਰ ਭੀ ਫ਼ੌਰਨ ਬਿਫਰ ਗਏ
ਤਲਵਾਰੇਂ ਸੂੰਤ ਸੂੰਤ ਕੇ ਰਨ ਮੇਂ ਉਤਰ ਗਏ
ਮੈਦਾਂ ਕੋ ਏਕ ਆਨ ਮੇਂ ਚੌਰੰਗ ਕਰ ਦਿਯਾ
ਰੁਸਤਮ ਭੀ ਆਯਾ ਸਾਮਨੇ ਤੋ ਦੰਗ ਕਰ ਦਿਯਾ

(੨੩) ਸਤਗੁਰ ਕੇ ਗਿਰਦ ਸੀਨੋਂ ਕੀ ਦੀਵਾਰ ਖੇਂਚ ਲੀ
ਸੌ ਬਾਰ ਗਿਰ ਗਈ ਭੀ ਤੋ ਸੌ ਬਾਰ ਖੇਂਚ ਲੀ
ਖ਼ੰਜਰ ਉਦੂ[੬] ਕਾ ਦੇਖ ਕੇ ਤਲਵਾਰ ਖੇਂਚ ਲੀ
ਜ਼ਖ਼ਮੀ ਹੁਏ ਤੋ ਲੱਜ਼ਤੇ ਸੋਫ਼ਾਰ[੭] ਖੇਂਚ ਲੀ
ਯਾਦੇ ਅਕਾਲ ਪੁਰਖ ਮੇਂ ਗੁਰ ਭੀ ਜਮੇ ਰਹੇ
ਚਰਕੇ ਹਜ਼ਾਰ ਖਾ ਕੇ ਅਕਾਲੀ ਥਮੇ ਰਹੇ

(੨੪) ਹਰਚੰਦ[੮] ਟੂਟ ਟੂਟ ਕੇ ਗਿਰਤੇ ਰਹੇ ਲਈਂ[੯]
ਸਿੰਘੋਂ ਨੇ ਏਕ ਇੰਚ ਭੀ ਛੋੜੀ ਨਹੀਂ ਜ਼ਮੀਂ
ਲੰਗਰ ਕਿਸੀ ਸੇ ਸ਼ੇਰੋਂ ਕਾ ਮਿਲਤਾ ਭੀ ਹੈ ਕਹੀਂ
ਬੇਸ਼ਕ ਨਹੀਂ ਨਹੀਂ, ਕਭੀ ਹਾਂ ਹਾਂ, ਨਹੀਂ ਨਹੀਂ
ਮਸਰੂਫ਼[੧੦] ਯਾਦੇ-ਹਕ[੧੧] ਮੇਂ ਗੁਰੂ ਬੇਦਰੇਗ਼[੧੨] ਥੇ
ਕ੍ਯੋਂ ਮੌਤ ਸੇ ਲਰਜ਼ਤੇ[੧੩] ਵੁਹ ਫ਼ਰਜ਼ੰਦੇ[੧੪] ਤੇਗ਼[੧੫] ਥੇ

---

*੧. ਉਤਾਰ-ਚੜ੍ਹਾਅ। ੨. ਸਿਰਜਣਹਾਰ। ੩. ਲੀਨ। ੪. ਉੱਤਰਾਧਿਕਾਰੀ। ੫.ਲਾਹਨਤੀ, ਦੁਸ਼ਮਣ। ੬. ਦੁਸ਼ਮਣ। ੭. ਤੀਰ ਦਾ ਮੂੰਹ। ੮. ਜਿੰਨੇ ਵੀ, ਬਹੁਤ। ੯. ਲਾਹਨਤੀ ਲੋਕ। ੧੦. ਲੀਨ। ੧੧. ਪਰਮਾਤਮਾ ਦੀ ਯਾਦ। ੧੨. ਬਿਨਾਂ ਸੰਕੋਚ ਦੇ, ਬਿਨਾਂ ਅਫ਼ਸੋਸ ਦੇ। ੧੩. ਕੰਬਦੇ। ੧੪. ਪੁੱਤਰ। ੧੫. ਗੁਰੂ ਤੇਗ਼ ਬਹਾਦਰ ਸਾਹਿਬ।*

(੨੫) ਬੇਮਿਸਲ[੧]-ਓ-ਬੇਨਜ਼ੀਰ[੨] ਤੂ ਸਤਗੁਰ ਹਮਾਰਾ ਹੈ
ਵਾਹਿਗੁਰੂ ਕੇ ਬਾਦ ਤਿਰਾ ਹੀ ਸਹਾਰਾ ਹੈ
ਹੋ ਕਾਸ਼ ਸਬ ਕੋ ਤੁਝ ਕੋ ਖ਼ੁਦਾ ਜਿਤਨਾ ਪ੍ਯਾਰਾ ਹੈ
ਤੇਗ਼ੋਂ ਕੇ ਸਾਏ ਮੇਂ ਕਹਾਂ ਦਾਤਾ ਬਿਸਾਰਾ ਹੈ

ਤੌਹੀਦ[੩] ਪਰ ਫ਼ਿਦਾ[੪] ਥਾ ਤੂ ਆਲੀ-ਮਕਾਮ[੫] ਥਾ
ਤੀਰੋਂ ਕੇ ਮੀਂਹ ਮੇਂ ਯਾਦਿ-ਖ਼ੁਦਾ ਤੇਰਾ ਕਾਮ ਥਾ

(੨੬) ਯਾਦੇ ਅਕਾਲ ਪੁਰਖ ਕਾ ਸਬ ਕੋ ਸਬਕ ਦਿਯਾ
ਖ਼ੰਜਰ ਕੀ ਧਾਰ ਪਰ ਭੀ ਵਰਕ ਦਰ ਵਰਕ ਦਿਯਾ
ਕਰਕੇ ਅਮਲ ਸਿਖਾਯਾ ਜੋ ਮਜ਼ਮੂੰ ਅਦਕ[੬] ਦਿਯਾ
ਫਿਰ ਜ਼ਾਲਿਮੋਂ ਸੇ ਛੀਨ ਕੇ ਸਿੰਘੋਂ ਕੋ ਹਕ ਦਿਯਾ

ਰੁਤਬੇ ਸੇ ਮਅ਼ਰਫਤ[੭] ਕੇ ਹੈਂ ਹਮ ਆਜ ਗਿਰ ਗਏ
ਸੁਹਬਤ[੮] ਸੇ ਬੁਤ-ਪ੍ਰਸਤੋਂ ਕੀ ਤਕਦੀਰ ਫਿਰ ਗਏ

(੨੭) ਫ਼ਾਰਿਗ ਇਬਾਦਤੋਂ ਸੇ ਗ਼ਰਜ਼ ਕਿ ਹੁਏ ਗੁਰੂ
ਪੂਛਾ ਯਿਹ ਸ਼ਾਹਜ਼ਾਦੋਂ ਸੇ ਕ੍ਯੋਂ ਗ਼ੁਲ[੯] ਹੈ ਚਾਰਸੂ
ਫ਼ਰਮਾਏ ਹਾਥ ਬਾਂਧ ਕੇ ਚਾਰੋਂ ਹੀ ਨੇਕ-ਖ਼ੂ[੧੦]
ਸਬ ਵਾਕਿਆ ਬਯਾਂ ਕਿਯਾ ਸਤਗੁਰ ਕੇ ਰੂਬਰੂ

ਸੁਨਤੇ ਹੀ ਜਿਸ ਕੋ ਆਪ ਕੇ ਤੇਵਰ ਬਦਲ ਗਏ
ਗੱਦੀ ਸੇ ਉਤਰੇ, ਤੇਗ਼ ਉਠਾਈ, ਸੰਭਲ ਗਏ

(੨੮) ਅਸਲਿਹ[੧੧] ਸਜਾਏ, ਕਲਗ਼ੀ ਲਗਾਈ, ਤਬਰ[੧੨] ਲਿਯਾ
ਤੀਰੋਂ ਸੇ ਖ਼ੂਬ ਠੋਂਸ ਕੇ ਤਰਕਸ਼[੧੩] ਕੋ ਭਰ ਲਿਯਾ
ਘੋੜਾ ਮੰਗਾ, ਰਕਾਬ ਮੇਂ ਜਬ ਪਾਉਂ ਧਰ ਲਿਯਾ
ਕਾਬੂ ਅਨਾਂ[੧੪] ਕੋ ਥਾਮ ਕੇ ਏਕ ਦੇਵ ਕਰ ਲਿਯਾ

ਸਿੰਘੋਂ ਮੇਂ ਜਬ ਰਵਾਂ[੧੫] ਹੁਆ ਗੁਰ ਕਾ ਸਮੰਦ[੧੬] ਥਾ
ਵਾਹਿਗੁਰੂ ਕੀ ਫ਼ਤਹ ਕਾ ਨਾਅ਼ਰਹ ਬਲੰਦ ਥਾ

---

*੧. ਜਿਸ ਦੀ ਮਿਸਾਲ ਨਾ ਹੋਵੇ। ੨. ਜਿਸ ਦਾ ਉਦਾਹਰਣ ਨਾ ਹੋਵੇ। ੩. ਪਰਮਾਤਮਾ ਦੇ ਇਕ ਹੋਣ ਦਾ ਭਾਵ, ਅਦਵੈਤ, ਵਾਹਦਤ। ੪. ਆਸ਼ਿਕ, ਕੁਰਬਾਨ। ੫. ਉੱਚੇ ਅਸਥਾਨ ਵਾਲਾ। ੬. ਦਕੀਕ ਤੋਂ ਦਕੀਕ, ਔਖੇ ਤੋਂ ਔਖਾ। ੭. ਗਿਆਨ। ੮. ਸੰਗਤ। ੯. ਸ਼ੋਰ। ੧੦. ਚੰਗੇ ਸੁਭਾਅ ਵਾਲੇ, ਸੁਸ਼ੀਲ। ੧੧.ਹਥਿਆਰ। ੧੨. ਕੁਹਾੜੇ ਦੀ ਕਿਸਮ ਦਾ ਇਕ ਹਥਿਆਰ। ੧੩. ਤੀਰ ਰੱਖਣ ਦਾ ਥੈਲਾ, ਭੱਥਾ। ੧੪. ਵਾਂਗ। ੧੫. ਰਵਾਨਾ । ੧੬. ਘੋੜਾ।*



(੨੯) ਹਾਂ ਸਾਕੀਯਾ[੧] ਕਿਧਰ ਹੈ, ਸ਼ਰਾਬੇ ਕੁਹਨ[੨] ਪਿਲਾ
ਕਹਤਾ ਹੈ ਤੁਝ ਸੇ ਜੋ ਗਏ ਸ਼ੀਰੀਂ-ਸੁਖ਼ਨ[੩] ਪਿਲਾ
ਸ਼ੇਰੋਂ ਕੋ ਆਜ ਸ਼ੇਰੀ[੪] ਪਿਲਾ ਸ਼ਮਪੀਅਨ[੫] ਪਿਲਾ
ਪਾਉ ਆਧ ਪਾਉ ਹੇਚ[੬] ਹੈ ਦੋ ਚਾਰ ਮਨ ਪਿਲਾ

ਸਤਗੁਰ ਕੀ ਤਾਕਿ ਰਨ ਮੇਂ ਲੜਾਈ ਦਿਖਾ ਸਕੂੰ
ਮੈਂ ਭੀ ਰਕਾਬ ਥਾਮ ਕੇ ਮੈਦਾਂ ਮੇ ਜਾ ਸਕੂੰ

(੩੦) ਵੁਹ ਦੇਖੋ ਰਨ ਮੇਂ ਤੇਗ ਬਹਾਦਰ ਕਾ ਲਾਲ ਹੈ
ਵੁਹ ਦੇਖੋ ਰਨ ਮੇਂ ਸਰਵਰੇ[੭] ਫ਼ੌਜੇ ਅਕਾਲ ਹੈ
ਤਲਵਾਰ ਦਸਤਿ[੮] ਰਾਸ੍ਤ[੯] ਮੇਂ ਹੈ, ਚਪ[੧੦] ਮੇਂ ਢਾਲ ਹੈ
ਸੂਰਜ ਕੇ ਸਰ ਪ: ਬਦ੍ਰ[੧੧] ਭੀ ਹੈ ਔਰ ਹਿਲਾਲ[੧੨] ਹੈ

ਸ਼ਮਸ਼ੀਰ ਜਬ ਹਿਲਾਈ ਤੋ ਬਿਜਲੀ ਚਮਕ ਗਈ
ਦਹਿਸ਼ਤ[੧੩] ਸੇ ਸਾਰੀ ਫ਼ੌਜ ਉਦੂ[੧੪] ਕੀ ਦਬਕ ਗਈ

(੩੧) ਸਤਗੁਰ ਕੋ ਦੇਖ ਪੜ ਗਈ ਦੁਸ਼ਮਨ ਮੇਂ ਖਲਬਲੀ
ਨਾਜ਼ਿਮ ਕੋ ਇਜ਼ਤਿਰਾਬ[੧੫] ਥਾ, ਰਾਜੋਂ ਕੋ ਬੇਕਲੀ[੧੬]
ਕਹਥੇ ਥੇ ਇਨ ਕੀ ਜਬ ਕਭੀ ਤਲਵਾਰ ਹੈ ਚਲੀ
ਸਰ ਲੇ ਕੇ ਫਿਰ ਹਜ਼ਾਰੋਂ ਕੇ ਹੀ ਹੈ ਬਲਾ ਟਲੀ

ਜਾਨੋਂ ਕੀ ਖ਼ੈਰ ਚਾਹਤੇ ਹੋ, ਮਿਲ ਕੇ ਘੇਰ ਲੋ
ਕਿਸਮਤ ਚਲੀ ਹੈ ਹਾਥ ਸੇ ਫਿਰ ਇਸ ਕੋ ਫੇਰ ਲੋ

(੩੨) ਸੁਨ ਕਰ ਯਿਹ ਬਾਤ ਟੂਟ ਪੜੇ ਮਿਲ ਕੇ ਅਹਿਲਿ ਕੀਂ[੧੭]
ਹਮਲਾ ਕਿਯਾ ਵੁਹ ਸਖ਼ਤ ਕਿ ਥੱਰਾ ਗਈ ਜ਼ਮੀਂ
ਹੋ ਜਾਤਾ ਜ਼ੇਰ ਇਸ ਘੜੀ ਰੁਸਤਮ ਭੀ ਬਿਲਯਕੀਂ[੧੮]
ਨਰਗ਼ਾ[੧੯] ਮੇਂ ਆ ਕੇ ਸਤਗੁਰੂ ਘਬਰਾਏ ਤਕ ਨਹੀਂ

ਇਕ ਢਾਲ ਪ: ਹਜ਼ਾਰੋਂ ਕੇ ਰੋਕੇ ਹਜ਼ਾਰ ਵਾਰ
ਤਲਵਾਰ ਜਬ ਉਠਾਈ ਤੋ ਭਾਗੇ ਕਤਾਰ ਵਾਰ

---

*੧. ਹੇ ਸਾਕੀ। ੨. ਪੁਰਾਣੀ। ੩. ਮਿੱਠੇ ਬੋਲਾਂ ਵਾਲੀ। ੪. ਇਕ ਸ਼ਰਾਬ ਦਾ ਨਾਂ। ੫. ਇਕ ਅੰਗਰੇਜ਼ੀ ਸ਼ਰਾਬ ਦਾ ਨਾਂ। ੬. ਜੋ ਕੁਝ ਵੀ ਨਾ ਹੋਵੇ, ਤੁੱਛ। ੭. ਸਰਦਾਰ। ੮. ਹੱਥ। ੯. ਸੱਜਾ। ੧੦. ਖੱਬਾ। ੧੧. ਪੂਰਾ ਚੰਨ। ੧੨. ਨਵਾਂ ਚੰਨ। ੧੩. ਦਬਕਾ, ਭੈ। ੧੪. ਦੁਸ਼ਮਣ। ੧੫. ਬੇਚੈਨੀ, ਪਰੇਸ਼ਾਨੀ। ੧੬. ਬੇਚੈਨੀ। ੧੭. ਕੀਨੇ ਨਾਲ ਭਰੇ ਹੋਏ ਲੋਗ ਅਰਥਾਤ ਦੁਸ਼ਮਣ । ੧੮. ਯਕੀਨਨ। ੧੯. ਝਾਂਸਾ।*

(੩੩) ਕਹਨੇ ਲਗੇ ਗੁਰੂ ਤੋ ਜਿਯਾਲ[੧] ਬਲਾ ਕੇ ਹੈਂ
ਸਬ ਦਾਓ ਘਾਤ ਯਾਦ ਇਨ੍ਹੇਂ ਫ਼ਨੇ-ਦਗਾ ਕੇ ਹੈਂ
ਗੱਦੀ ਪ: ਸੁਲੁਹ-ਕੁਲ ਹੈਂ ਤੋ ਰਨ ਮੇਂ ਲੜਾਕੇ ਹੈਂ
ਬੜ੍ਹ ਚੜ੍ਹ ਕੇ ਬਾਦਸ਼ਾਹੋਂ ਸੇ ਬੰਦੇ ਖ਼ੁਦਾ ਕੇ ਹੈਂ
ਹਮ ਤੋ ਸਮਝ ਰਹੇ ਥੇ, ਪਕੜ ਲੇਂਗੇ ਆਨ ਮੇਂ
ਸਾਬਿਤ ਹੁਏ ਯਿਹ ਸ਼ੇਰ ਮਗਰ ਇਮਤਿਹਾਨ ਮੇਂ

(੩੪) ਸਤਗੁਰ ਨੇ ਰਾਜਪੂਤੋਂ ਕੇ ਛੱਕੇ ਛੁੜਾ ਦਿਏ
ਮੁਗ਼ਲੋਂ ਕੇ ਵਲਵਲੇ ਭੀ ਜੋ ਥੇ ਸਬ ਮਿਟਾ ਦਿਏ
ਦੁਸ਼ਮਨ ਕੋ ਅਪਨੀ ਤੇਗ਼ ਕੇ ਜੌਹਰ ਦਿਖਾ ਦਿਏ
ਕੁਸ਼ਤੋਂ[੨] ਕੇ ਏਕ ਆਨ ਮੇਂ ਪੁਸ਼ਤੇ ਲਗਾ ਦਿਏ
ਰਾਜਾ ਜੋ ਚੜ੍ਹ ਕੇ ਆਏ ਥੇ ਬਾਰਹ ਪਹਾੜ ਸੇ
ਪਛਤਾ ਰਹੇ ਥੇ ਜੀ ਮੇਂ ਗੁਰੂ ਕੀ ਲਤਾੜ ਸੇ

(੩੫) ਦੇਖਾ ਜੁਹੀਂ ਹੁਜ਼ੂਰ ਨੇ ਦੁਸ਼ਮਨ ਸਿਮਟ ਗਏ
ਬੜ੍ਹਨੇ ਕੀ ਜਗਹ ਖ਼ੌਫ਼ ਸੇ ਨਾਮਰਦ ਹਟ ਗਏ
ਘੋੜੇ ਕੋ ਏੜ ਦੇ ਕੇ ਗੁਰੂ ਰਨ ਮੇਂ ਡਟ ਗਏ
ਫ਼ਰਮਾਏ ਬੁਜ਼ਦਿਲੋਂ ਸੇ ਕਿ ਤੁਮ ਕ੍ਯੋਂ ਪਲਟ ਗਏ
ਅਬ ਆਓ ਰਨ ਮੇਂ ਜੰਗ ਕੇ ਅਰਮਾਂ ਨਿਕਾਲ ਲੋ
ਤੁਮ ਕਰ ਚੁਕੇ ਹੋ, ਵਾਰ ਹਮਾਰਾ ਸੰਭਾਲ ਲੋ

(੩੬) ਆਏ ਹੋ ਤੁਮ ਪਹਾੜ ਸੇ ਮੈਦਾਨਿ-ਜੰਗ ਮੇਂ
ਬੱਟਾ ਲਗਾ ਕੇ ਜਾਤੇ ਹੋ ਕ੍ਯੋਂ ਨਾਮੋ-ਨੰਗ[੩] ਮੇਂ
ਸੁਨਤੇ ਹੈਂ ਤੁਮ ਕੋ ਨਾਜ਼ ਹੈਂ ਤੀਰੋ ਤੁਫ਼ੰਗ ਮੇਂ
ਹੁਸ਼ਯਾਰ ਸਹਸਵਾਰ ਹੋ ਮਾਹਿਰ ਖ਼ਦੰਗ[੪] ਮੇਂ
ਦਸ ਬਾਰਹ ਤੁਮ ਮੇਂ ਰਾਜੇ ਹੈਂ ਦੋ ਇਕ ਨਵਾਬ ਹੈਂ
ਫਿਰ ਹਮ ਸੇ ਜੰਗ ਕਰਨੇ ਮੇਂ ਕ੍ਯੋਂ ਇਜਤਿਨਾਬ[੫] ਹੈਂ

*੧. ਦਿਲਵਾਲੇ, ਬਹਾਦਰ। ੨. ਮੁਰਦੇ। ੩. ਇੱਜ਼ਤ, ਨਾਮਣਾ। ੪. ਤੀਰ। ੫. ਪਰਹੇਜ਼, ਬਚਣ ਦਾ ਭਾਵ।*



(੩੭) ਦੇਖੇਂ ਤੋ ਆਜ ਹਮ ਭੀ ਤੁਮ੍ਹਾਰੀ ਬਹਾਦਰੀ
ਵੁਹ ਖ਼ੁੱਕਰੀ ਕੀ ਕਾਟ ਪਟੇ ਕੀ ਹੁਨਰਵਰੀ
ਹਮ ਨੇ ਤੁਮ੍ਹਾਰੇ ਹਮਲੇ ਕੋ ਰੋਕਾ ਥਾ ਸਰਸਰੀ
ਅਬ ਅਪਨਾ ਵਾਰ ਰੋਕਨਾ ਸਬ ਮਿਲ ਕੇ ਲਸ਼ਕਰੀ
ਹਮ ਕੋ ਬਫ਼ਜ਼ਲਿ-ਈਜ਼ਦੀ[੧] ਤਨਹਾ[੨] ਨ: ਜਾਨਨਾ
ਕਸਰਤ ਪ: ਏਂਠ ਏਂਠ ਕੇ ਸੀਨਾ ਨ: ਤਾਨਨਾ

(੩੮) ਯਿਹ ਕਹ ਕੇ ਉਨ ਪ: ਟੂਟ ਪੜੇ ਦਸਵੇਂ ਪਾਤਸ਼ਾਹ
ਇਸ ਸਫ਼ ਕੋ ਕਾਟਤੇ ਥੇ ਕਭੀ ਉਸ ਪਰੇ[੩] ਕੋ ਕਾਹ[੪]
ਜਮਤੀ ਨ: ਥੀ ਹੁਜ਼ੂਰ ਕੀ ਤਲਵਾਰ ਪਰ ਨਿਗਾਹ
ਤੇਗ਼ੇ-ਗੁਰੂ ਪ: ਹੋਤਾ ਥਾ ਬਿਜਲੀ ਕਾ ਸ਼ਾਇਬਾਹ[੫]
ਇਕ ਹਮਲੇ ਮੇਂ ਥਾ ਫ਼ੌਜ ਕਾ ਤਖ਼ਤਾ ਉਲਟ ਗਯਾ
ਗੁਰ ਕੀ ਹਵਾਏ-ਤੇਗ਼ ਸੇ ਬਾਦਲ ਥਾ ਛਟ ਗਯਾ

(੩੯) ਜੋ ਬਚ ਗਏ ਵੁਹ ਭਾਗ ਗਏ ਮੂੰਹ ਕੋ ਮੋੜ ਕਰ
ਰਸਤਾ ਘਰੋਂ ਕਾ ਲੇ ਲਿਆ ਮੈਦਾਂ ਕੋ ਛੋੜ ਕਰ
ਸਿੰਘੋਂ ਨੇ ਭੁਸ ਨਿਕਾਲ ਦਿਯਾ ਥਾ ਝੰਝੋੜ ਕਰ
ਪਛਤਾਏ ਆਖ਼ਿਰਸ਼[੬] ਕੋ ਬਹੁਤ ਕੌਲ ਤੋੜ ਕਰ
ਲਾਸ਼ੋਂ ਸੇ ਔਰ ਸਰੋਂ ਸੇ ਥਾ ਮੈਦਾਨ ਪਟ ਗਯਾ
ਆਧੇ ਸੇ ਬੇਸ਼[੭] ਲਸ਼ਕਰੇ-ਅ਼ਅ਼ਦਾ[੮] ਥਾ ਕਟ ਗਯਾ

(੪੦) ਸਰਹਿੰਦ ਕੇ ਨਵਾਬ ਕਾ ਫ਼ਕ ਰੰਗ ਹੋ ਗਯਾ
ਲਸ਼ਕਰ ਕਾ ਹਾਲ ਦੇਖ ਕੇ ਵੁਹ ਦੰਗ ਹੋ ਗਯਾ
ਸਤਗੁਰ ਕੀ ਤੇਗ਼ੇਂ ਤੇਜ਼ ਸੇ ਜਬ ਤੰਗ ਹੋ ਗਯਾ
ਜ਼ਾਲਿਮ ਕਾ ਦਿਲ ਜੁ ਸਖ਼ਤ ਥਾ ਅਬ ਸੰਗ[੯] ਹੋ ਗਯਾ
ਠਹਰਾਈ ਦਿਲ ਮੇਂ ਸਿੰਘੋਂ ਸੇ ਮੈਂ ਇੰਤਿਕਾਮ[੧੦] ਲੂੰ
ਧੋਕੇ ਫ਼ਰੇਬ ਸੇ ਮੈਂ ਸਹਰ[੧੧] ਲੂੰ ਯਾ ਸ਼ਾਮ ਲੂੰ

*੧. ਪਰਮਾਤਮਾ ਦੀ ਕਿਰਪਾ ਨਾਲ, ਫ਼ਜ਼ਲ=ਕਿਰਪਾ, ਈਜ਼ਦ=ਪਰਮਾਤਮਾ। ੨. 'ਕਲ੍ਹਾ। ੩. ਕਤਾਰ, ਸਫ਼ਾ ੪. ਘਾਹ, ਘਾਹ ਦਾ ਤੀਲ੍ਹਾ। ੫. ਸ਼ੱਕ, ਗੁਮਾਨ। ੬. ਆਖ਼ਿਰ, ਅੰਤ। ੭. ਜ਼ਿਆਦਾ, ਵਧੀਕ। ੮. ਦੁਸ਼ਮਣ। ੯. ਪੱਥਰ। ੧੦. ਬਦਲਾ। ੧੧. ਸਵੇਰ।*

(੪੧) ਤਾਰੀਖ਼ ਮੇਂ ਲਿਖਾ ਹੈ ਕਿ ਦਰ-ਜੋਸ਼ਿ-ਕਾਰਜ਼ਾਰ[੧]
ਸਤਗੁਰ ਬੜ੍ਹਾਤੇ ਹੀ ਗਏ ਆਗੇ ਕੋ ਰਾਹਵਾਰ[੨]
ਹਮਰਾਹ[੩] ਰਹ ਗਏ ਥੇ ਗ਼ਰਜ਼ ਚੰਦ ਜਾਂ-ਨਿਸਾਰ[੪]
ਫ਼ਰਜ਼ੰਦੋਂ ਮੇਂ ਥੇ ਸਾਥ ਅਜੀਤ ਔਰ ਥੇ ਜੁਝਾਰ
ਜ਼ੋਰਾਵਰ ਔਰ ਫ਼ਤਹ ਜੋ ਦਾਦੀ ਕੇ ਸਾਥ ਥੇ
ਦਾਯੇਂ ਕੀ ਜਗਹ ਚਲ ਦਿਏ ਵੁਹ ਬਾਯੇਂ ਹਾਥ ਥੇ

(੪੨) ਹਰਚੰਦ ਕੀ ਤਲਾਸ਼ ਨ: ਪਾਯਾ ਨਿਸ਼ਾਂ ਕਹੀਂ
ਛੋੜਾ ਥਾ ਜਿਸ ਜਗਹ ਪ: ਨਹੀਂ ਥੇ ਵਹਾਂ ਕਹੀਂ
ਪਾ ਜਾਏਂ ਫ਼ਿਕ੍ਰ ਥਾ ਨ: ਉਨ੍ਹੇਂ ਦੁਸ਼ਮਨਾਂ[੫] ਕਹੀਂ
ਮਾਤਾ ਕੇ ਸਾਥ ਚਲ ਦਿਏ ਸ਼ਹਜ਼ਾਦਗਾਂ[੬] ਕਹੀਂ
ਲਖ਼ਤਿ-ਜਿਗਰ[੭] ਹੁਜ਼ੂਰ ਕੇ ਜਿਸ ਦਮ ਬਿਛੜ ਗਏ
ਪਾਓਂ ਵਹੀਂ ਵਫ਼ੂਰਿ[੮]-ਮੁਹੱਬਤ ਸੇ ਗੜ ਗਏ

(੪੩) ਫ਼ੌਰਨ ਮਰਾਕਬੇ[੯] ਮੇਂ ਗਏ ਪੀਰਿ-ਖ਼ੁਸ਼-ਖ਼ਸਾਲ[੧੦]
ਚੌਦਹ ਤਬਕ[੧੧] ਕਾ ਕਰ ਲਿਯਾ ਮਅ਼ਲੂਮ ਪਲ ਮੇਂ ਹਾਲ
ਫ਼ੁਰਮਾਏ ਜਾਂ-ਨਿਸਾਰੋਂ[੧੨] ਸੇ ਕ੍ਯੋਂ ਹੋਤੇ ਹੋ ਨਿਢਾਲ
ਮਾਤਾ ਕੇ ਸਾਥ ਚਲ ਦਿਏ ਕੁਰਬਾਨ ਹੋਨੇ ਲਾਲ
ਬੁਨਿਯਾਦ ਮੇਂ ਧਰਮ ਕੀ ਚੁਨੇਂਗੇ ਉਦੂ[੧੩] ਉਨ੍ਹੇਂ
ਕਰਤਾਰ ਚਾਹਤਾ ਹੈ, ਕਰੇ ਸੁਰਖ਼ਰੂ[੧੪] ਉਨ੍ਹੇਂ

(੪੪) ਹਮ ਨੇ ਭੀ ਇਸੇ ਮਕਾਮ ਪ: ਜਾਨਾ ਹੈ ਜਲਦ ਤਰ
ਜਿਸ ਜਗਹ ਤੁਮ ਕੋ ਅਪਨੇ ਕਟਾਨੇ ਪੜੇਂਗੇ ਸਰ
ਹੋਂਗੇ ਸ਼ਹੀਦ ਲੜ ਕੇ ਯਿਹ ਬਾਕੀ ਕੇ ਦੋ ਪਿਸਰ[੧੫]
ਰਹ ਜਾਊਂਗਾ ਅਕੇਲਾ ਮੈਂ ਕਲ ਤਕ ਲੁਟਾ ਕੇ ਘਰ
ਪਹਲੇ ਪਿਤਾ ਕਟਾਯਾ ਅਬ ਬੇਟੇ ਕਟਾਊਂਗਾ
ਨਾਨਕ ਕਾ ਬਾਗ਼ ਖ਼ੂਨਿ-ਜਿਗਰ ਸੇ ਖਿਲਾਊਂਗਾ

*੧. ਲੜਾਈ ਦੇ ਜੋਸ਼ ਵਿੱਚ, ਦਰ=ਵਿੱਚ, ਕਾਰਜ਼ਾਰ=ਲੜਾਈ। ੨. ਘੋੜਾ।੩. ਨਾਲ। ੪. ਜਾਨ ਕੁਰਬਾਨ ਕਰਨ ਵਾਲੇ। ੫. ਦੁਸ਼ਮਨ ਦਾ ਬਹੁਵਚਨ। ੬. ਸ਼ਹਜ਼ਾਦਾ ਦਾ ਬਹੁਵਚਨ। ੭. ਜਿਗਰ ਦੇ ਟੋਟੇ। ੮. ਜ਼ਿਆਦਤੀ, ਬਹੁਤਾਤ। ੯. ਸਿਰ ਨਿ-ਵਾਉਣਾ, ਮੱਥਾ ਟੇਕਣਾ, ਪਰਮਾਤਮਾ ਨਾਲ ਬਿਰਤੀ ਜੋੜਨਾ। ੧੦. ਚੰਗੇ ਸੁਭਾਅ ਵਾਲਾ ਮੁਰਸ਼ਿਦ, ਪੀਰ-ਮੁਰਸ਼ਿਦ, ਗੁਰੂ,ਖ਼ੁਸ਼=ਚੰਗਾ; ਖ਼ਸਾਲ-ਖ਼ਸਲਤ, ਸੁਭਾਅ। ੧੧. ਪਰਤ, ਪਰਦਾ, ਚੌਦਾਂ ਤਬਕ ਅਰਥਾਤ ਸੱਤ ਅਕਾਸ਼ ਸੱਤ ਪਤਾਲ। ੧੨. ਜਾਨ ਕੁਰਬਾਨ ਕਰਨ ਵਾਲੇ। ੧੩. ਦੁਸ਼ਮਣ। ੧੪. ਲਾਲ ਮੂੰਹ ਵਾਲਾ। ੧੫. ਪੁੱਤਰ।*



(੪੫) ਯਿਹ ਕਰ ਕੇ ਫਿਰ ਹੁਜ਼ੂਰ ਤੋ ਚਮਕੌਰ ਚਲ ਦਿਏ
ਹਾਲਤ ਪ: ਅਪਨੀ ਕੁਛ ਨ: ਕਿਯਾ ਗ਼ੌਰ ਚਲ ਦਿਏ
ਕਰਤਾਰ ਕੇ ਧਿਯਾਨ ਮੇਂ ਫ਼ਿਲਫ਼ੌਰ[੧] ਚਲ ਦਿਏ
ਰਾਜ਼ੀ ਹੁਏ ਰਜ਼ਾ ਪ: ਬਹਰ-ਤੌਰ[੨] ਚਲ ਦਿਏ
ਜੋ ਕੁਛ ਵਹਾਂ ਪ: ਗੁਜ਼ਰੀ ਯਿਹ ਲਿਖਨਾ ਮੁਹਾਲ[੩] ਹੈ
ਯਿਹ ਮਰਸੀਯ[੪] ਸੁਨਾਨਾ ਤਮ੍ਹੇਂ ਅਗਲੇ ਸਾਲ ਹੈ

(੪੬) ਹੈ ਜ਼ਿੰਦਗੀ ਤੋ ਅਗਲੇ ਬਰਸ ਲਿਖ ਕੇ ਲਾਊਂਗਾ
ਅਰਸ਼ਦ[੫] ਸੇ ਬੜ੍ਹ ਕੇ ਮਰਸੀਯ: ਸਬ ਕੋ ਸੁਨਾਊਂਗਾ
ਸਤਗੁਰ ਕੇ ਗ਼ਮ ਮੇਂ ਰੋਊਂਗਾ ਤੁਮ ਕੋ ਰੁਲਾਊਂਗਾ
ਦਰਬਾਰਿ ਨਾਨਕੀ ਸੇ ਸਿਲ:[੬] ਇਸ ਕਾ ਪਾਊਂਗਾ
ਜ਼ੋਰ-ਅਵਾਰ ਔਰ ਫ਼ਤਹ ਕਾ ਇਸ ਦਮ ਬਯਾਂ ਸੁਨੋ
ਪਹੁੰਚੇ ਬਿਛੜ ਕੇ ਹਾਏ ਕਹਾਂ ਸੇ ਕਹਾਂ ਸੁਨੋ

(੪੭) ਬਹਰਿ-ਦਵਾਤ[੭] ਖ਼ੂਨੇ-ਸ਼ਹੀਦਾਂ ਬਹਮ[੮] ਕਰੂੰ
ਸੀਨੇ ਕੋ ਅਪਨੇ ਚਾਕ[੯] ਮਿਸਾਲੇ[੧੦] -ਕਲਮ ਕਰੂੰ
ਬਿਛੜੇ ਹੁਓਂ ਕੀ ਅਬ ਮੈਂ ਮੁਸੀਬਤ ਰਕਮ[੧੧] ਕਰੂੰ
ਰੋ ਦੋ ਅਗਰ ਬਯਾਂ ਮੈਂ ਖ਼ੁਦਾ ਕੀ ਕਸਮ ਕਰੂੰ
ਰਸਤੇ ਮੇਂ ਜਬ ਭਟਕ ਗਏ ਨਨ੍ਹੇ ਸਵਾਰ ਥੇ
ਤਕਤੇ ਪਿਤਾ ਕੋ ਚਾਰੋਂ ਤਰਫ਼ ਬਾਰ ਬਾਰ ਥੇ

(੪੮) ਦਾਦੀ ਸੇ ਬੋਲੇ ਅਪਨੇ ਸਿਪਾਹੀ ਕਿਧਰ ਗਏ
ਦਰਿਯਾ ਪ: ਹਮ ਕੋ ਛੋੜ ਕੇ ਰਾਹੀ ਕਿਧਰ ਗਏ
ਤੜਪਾ ਕੇ ਹਾਏ ਸੁਰਤਿ-ਮਾਹੀ[੧੨] ਕਿਧਰ ਗਏ
ਅੱਬਾ ਭਗਾ ਕੇ ਲਸ਼ਕਰਿ-ਸ਼ਾਹੀ ਕਿਧਰ ਗਏ
ਭਾਈ ਭੀ ਹਮ ਕੋ ਭੂਲ ਗਏ ਸ਼ੌਕਿ ਜੰਗ ਮੇਂ
ਅਪਨਾ ਖ਼ਯਾਲ ਤਕ ਨਹੀਂ ਜ਼ੌਕਿ ਤੁਫ਼ੰਗ[੧੩] ਮੇਂ

*੧. ਫ਼ੌਰਨ, ਤਤਕਾਲ। ੨. ਹਰ ਤਰ੍ਹਾਂ ਨਾਲ, ਫਿਰ ਵੀ । ੩. ਮੁਸ਼ਕਿਲ। ੪. ਮਰਨ ਵਾਲੇ ਦੇ ਸੋਗ ਵਿੱਚ ਲਿਖੀ ਹੋਈ ਕਵਿਤਾ। ੫. ਇੱਥੇ ਕਿਸੇ ਖ਼ਾਸ ਵਿਅਕਤੀ ਵੱਲ ਇਸ਼ਾਰਾ ਹੈ; ਉਂਞ ਅਰਸ਼ਦ ਦਾ ਅਰਥ ਹੈ ਬਹੁਤ ਨੇਕ ਆਦਮੀ। ੬. ਬਦਲਾ। ੭. ਦਵਾਤ ਲਈ, ਬਹਰਿ=ਲਈ। ੮. ਕੱਠਾ ਕਰਨਾ, ਜੁਟਾਉਣਾ। ੯. ਫਾੜਨਾ। ੧੦. ਵਾਂਗ। ੧੧. ਲਿਖਣਾ। ੧੨. ਮੱਛੀ ਵਾਂਗ, ਸੂਰਤ=ਵਾਂਗ, ਮਾਹੀ=ਮੱਛੀ। ੧੩. ਬੰਦੂਕ।*

(੪੯) ਜਬ ਰਨ ਅਜੀਤ ਜੀਤ ਕੇ ਤਸ਼ਰੀਫ਼ ਲਾਏਂਗੇ
ਅੱਬਾ ਕੇ ਸਾਥ ਜਿਸ ਘੜੀ ਜੌਝਾਰ ਆਏਂਗੇ
ਕਰਕੇ ਗਿਲਾ ਹਰ ਏਕ ਸੇ ਹਮ ਰੂਠ ਜਾਏਂਗੇ
ਮਾਤ ਕਭੀ, ਪਿਤਾ ਕਭੀ ਭਾਈ ਮਨਾਏਂਗੇ

ਹਮ ਕੋ ਗਲੇ ਲਗਾ ਕੇ ਕਹੇਂਗੇ ਵੁਹ ਬਾਰ ਬਾਰ
ਮਨ ਜਾਓ ਲੇਕਿਨ ਹਮ ਨਹੀਂ ਮਾਨੇਂਗੇ ਜ਼ੀਨਹਾਰ[੧]

(੫੦) ਇਕਰਾਰ ਲੇਂਗੇ ਸਬ ਸੇ ਭੁਲਾਨਾ ਨ: ਫਿਰ ਕਭੀ
ਬਾਰਿ-ਦਿਗਰ[੨] ਬਿਛੜ ਕੇ ਸਤਾਨਾ ਨ: ਫਿਰ ਕਭੀ
ਹਮ ਕੋ ਅਕੇਲੇ ਛੋੜ ਕੇ ਜਾਨਾ ਨ: ਫਿਰ ਕਭੀ
ਕਹ ਦੇਤੇ ਹੈਂ ਯੋਂ ਹਮ ਕੋ ਰੁਲਾਨਾ ਨ: ਫਿਰ ਕਭੀ

ਬੱਚੋਂ ਕੀ ਗੁਫ਼ਤਗੂ[੩] ਜੋ ਸੁਨੀ ਦਾਦੀ ਜਾਨ ਨੇ
ਬੇਇਖ਼ਤਿਯਾਰ[੪] ਰੋ ਦਿਯਾ ਇਸ ਵਾਲਾ-ਸ਼ਾਨ[੫] ਨੇ

(੫੧) ਕਹਤੀ ਥੀਂ ਜੀ ਮੇਂ ਲੇ ਕੇ ਇਨ੍ਹੇਂ ਕਿਸ ਤਰਫ਼ ਕੋ ਜਾਊਂ
ਬੇਟੇ ਕੋ ਔਰ ਬਹੂਓਂ ਕੋ ਯਾ-ਰਬ[੬] ਮੈਂ ਕੈਸੇ ਪਾਊਂ
ਲਖ਼ਤਿ-ਜਿਗਰ[੭] ਕੇ ਲਾਲ ਯਿਹ ਦੋਨੋ ਕਹਾਂ ਛੁਪਾਊਂ
ਤੁਰਕੋਂ ਸੇ, ਰਾਜਪੂਤੋਂ ਸੇ ਕਿਉਂ ਕਰ ਇਨ੍ਹੇਂ ਬਚਾਊਂ

ਬਿਪਤਾ ਜ਼ੀਅਫ਼ਯੋਂ[੮] ਮੇਂ ਯਿਹ ਕ੍ਯਾ ਮੁਝ ਪ: ਪੜ ਗਈ
ਥੀ ਕੌਨ ਸੀ ਘੜੀ, ਮੈਂ ਪਿਸਰ[੯] ਸੇ ਬਿਛੜ ਗਈ

(੫੨) ਬੱਚੋਂ ਕਾ ਸਾਥ ਰਾਹ ਕਠਨ ਸਰ ਪ: ਸ਼ਾਮ ਹੈ
ਸੁਨਸਾਨ ਦਸ਼ਤ[੧੦] ਚਾਰਸੂ[੧੧] ਹੂ ਕਾ ਮੁਕਾਮ[੧੨] ਹੈ
ਹੋਤਾ ਕਹਾਂ ਪ: ਦੇਖੀਏ ਸ਼ਬ[੧੩] ਕੋ ਕਯਾਮ[੧੪] ਹੈ
ਖ਼ਾਦਿਮ[੧੫] ਹੈ ਔਰ ਕੋਈ ਨ: ਹਮਰਹ ਗ਼ੁਲਾਮ ਹੈ

ਗੰਗੂ ਰਸੋਈਯਾ ਹੈ ਫ਼ਕਤ ਸਾਥ ਰਹ ਗਯਾ
ਲੇ ਦੇ ਕੇ ਰਹਬਰੀ[੧੬] ਕੋ ਯਿਹ ਹੈਯਾਤ[੧੭] ਰਹ ਗਯਾ

*੧. ਬਿਲਕੁਲ। ੨. ਦੂਜੀ ਵਾਰ, ਬਾਰ=ਵਾਰ, ਦਿਗਰ=ਹੋਰ। ੩. ਗੱਲ-ਬਾਤ। ੪. ਸੁਤੇ ਸਿੱਧ, ਆਪਣੇ ਆਪ। ੫. ਉੱਚੀ ਸ਼ਾਨ ਵਾਲਾ। ੬. ਹੇ ਰੱਬ। ੭. ਜਿਗਰ ਦੇ ਟੋਟੇ। ੮. ਬੁਢੇਪੇ। ੯.ਪੁੱਤਰ। ੧੦. ਜੰਗਲ। ੧੧. ਚਵ੍ਹਾਂ ਪਾਸੇ। ੧੨. ਡਰ, ਭੈ, ਹੂ=ਡਰ, ਮੁਕਾਮ=ਟਿਕਾਣਾ। ੧੩. ਰਾਤ। ੧੪. ਠਹਿਰਾਉ, ਬਿਸਰਾਮ। ੧੫. ਸੇਵਕ। ੧੬. ਰਸਤਾ ਵਿਖਾਉਣ ਦਾ ਕੰਮ ਜਾਂ ਭਾਵ। ੧੭. ਅਫ਼ਸੋਸ।*



(੫੩) ਆਤੇ ਥੇ ਸ਼ੇਰ ਸਾਮਨੇ ਗਰਦਨ ਕੋ ਡਾਲ ਕੇ
ਤਕਤੇ ਹਿਰਨ ਭੀ ਆਜ ਹੈਂ ਆਖੇਂ ਨਿਕਾਲ ਕੇ
ਨੈਰੰਗ[੧] ਹੈਂ ਤਮਾਮ ਜ਼ਮਾਨੇ ਕੀ ਚਾਲ ਕੇ
ਤੇਵਰ[੨] ਹੈਂ ਬਨ ਮੇਂ ਬਦਲੇ ਹੁਏ ਹਰ ਸ਼ਗਾਲ[੩] ਕੇ

ਦਰਪੇਸ਼[੪] ਅ਼ਨਕਰੀਬ[੫] ਕੋਈ ਇਮਤਿਹਾਨ ਹੈ
ਖ਼ਤਰੇ ਮੇਂ ਦਿਖ ਰਹੀ ਮੁਝੇ ਬੱਚੋਂ ਕੀ ਜਾਨ ਹੈ

(੫੪) ਪੂਰਾ ਜ਼ਰੂਰ ਹੋਗਾ ਇਰਾਦਹ ਹੁਜ਼ੂਰ ਕਾ
ਕਰਤਾ ਪੁਰਖ ਕਾ, ਵਾਹੇਗੁਰੂ ਕਾ, ਗੁਫ਼ੂਰ[੬] ਕਾ
ਹੈ ਸਖ਼ਤ ਇਮਤਿਹਾਂ ਯਿਹ ਕਿਸੀ ਬੇਕੁਸੂਰ ਕਾ
ਹਾਫ਼ਿਜ਼[੭] ਤੋ ਆਪ ਹੀ ਹੈ ਦਿਲਿ ਨਾਸਬੂਰ[੮] ਕਾ

ਪ੍ਯਾਰੇ ਪਤੀ ਕੋ ਪਹਲੇ ਹੀ ਮੈਂ ਹੂੰ ਕਟਾ ਚੁਕੀ
ਕੁਦਰਤ ਤਿਰੀ ਹੈ ਸਬ੍ਰ ਮਿਰਾ ਆਜ਼ਮਾ ਚੁਕੀ

(੫੫) ਲੇਕਿਨ ਯਿਹ ਦੋ ਸਮਰ[੯] ਹੈਂ ਮਿਰੇ ਨੌ-ਨਿਹਾਲ[੧੦] ਕੇ
ਬੇਟੇ ਹੈਂ ਦੋਨੋਂ ਸਰਵਰਿ[੧੧] -ਫ਼ੌਜਿ-ਅਕਾਲ ਕੇ
ਰੱਖ ਕਰ ਉਨ੍ਹੇਂ ਕਲੇਜੇ ਮੇਂ ਆਖੋਂ ਮੇਂ ਡਾਲ ਕੇ
ਬੇਟੇ ਕੀ ਲੇ ਕੇ ਜਾਊਂ ਅਮਾਨਤ ਸੰਭਾਲ ਕੇ

ਬੇਟੇ ਕਾ ਮਾਲ ਹੈ ਯਿਹ ਬਹੂ ਕੀ ਕਮਾਈ ਹੈ
ਹੈ ਮੇਰੀ ਲਾਖ, ਫਿਰ ਭੀ ਯਿਹ ਦੌਲਤ ਪਰਾਈ ਹੈ

(੫੬) ਮਨਜ਼ੂਰ[੧੨] ਇਸ ਘੜੀ ਜੋ ਤੁਝੇ ਇਮਤਿਹਾਨ ਹੈ
ਹਾਜ਼ਿਰ ਬਜਾਇ ਪੋਤੋਂ ਕੇ ਦਾਦੀ ਕੀ ਜਾਨ ਹੈ
ਹੂੰ ਸੁਰਖ਼ਰੂ ਬਹੂ ਸੇ ਯਹੀ ਦਿਲ ਰਹੇਂ ਧ੍ਯਾਨ ਹੈ
ਬੀਂਕਾ ਨ: ਇਨ ਕਾ ਬਾਲ ਸੇ ਯਹੀ ਦਿਲ ਮੇਂ ਧ੍ਯਾਨ ਹੈ
ਬੀਂਕਾ ਨ: ਇਨ ਕਾ ਬਾਲ ਹੋ ਡਰ ਯਿਹ ਹਰ ਆਨ[੧੩] ਹੈ

ਵਰਨ: ਜਵਾਬ ਦੂੰਗੀ ਮੈਂ ਕ੍ਯਾ ਇਨ ਕੇ ਬਾਪ ਕੋ
ਸਦਕੇ[੧੪] ਕਰੂੰ ਮੈਂ ਇਨ ਕੇ ਸਰੋਂ ਪਰ ਸੇ ਆਪ ਕੋ

*੧. ਮਕਰ, ਛਲ, ਜਾਦੂਗਰੀ, ਅਜੂਬਾ। ੨. ਮੱਥੇ ਦਾ ਵੱਟ। ੩. ਗਿੱਦੜ। ੪. ਸਾਮ੍ਹਣੇ। ੫. ਨੇੜੇ ਹੀ। ੬. ਬਖ਼ਸ਼ਣਹਾਰਾ। ੭. ਰਾਖਾ। ੮. ਜਿਸ ਨੂੰ ਸਬਰ ਜਾਂ ਚੈਨ ਨਾ ਆਵੇ। ੯. ਫਲ। ੧੦. ਨਵਾਂ ਉੱਗਿਆ ਬੂਟਾ ਅਰਥਾਤ ਪੁੱਤਰ। ੧੧. ਸਰਦਾਰ। ੧੨. ਦ੍ਰਿਸ਼ਟੀਗਤ ਅਰਥਾਤ ਮੰਤਵ, ਮਨੋਰਥ। ੧੩. ਸਮਾਂ, ਵੇਲਾ। ੧੪. ਕੁਰਬਾਨ ।*

(੫੭) ਗੰਗੂ ਰਸੋਈਏ ਨੇ ਜੋ ਦੇਖਾ ਯਿਹ ਇਜ਼ਤਿਰਾਬ[੧]
ਮਾਤਾ ਸੇ ਸਤਗੁਰੂ ਕੀ ਕਿਯਾ ਇਸ ਨੇ ਯਿਹ ਖ਼ਿਤਾਬ[੨]
ਗਾਊਂ ਮਿਰਾ ਕਰੀਬ ਹੈ ਚਲੀਏ ਵਹਾਂ ਜਨਾਬ
ਬਾਗੇਂ ਉਠਾ ਕੇ ਆਈਏ ਪੀਛੇ ਮਿਰੇ ਸ਼ਿਤਾਬ[੩]
ਖੇੜੀ ਮੇਂ ਜਾ ਬਿਰਾਜੇ ਯਿਹ ਅਲ-ਕਿੱਸਾ[੪] ਸ਼ਾਮ ਕੋ
ਕੋਠਾ ਬ੍ਰਾਹਮਨ ਨੇ ਦਿਯਾ ਇਕ ਕਯਾਮ[੫] ਕੋ

(੫੮) ਦਿਨ ਭਰ ਕੀ ਦੌੜ ਧੂਪ ਸੇ ਸਬ ਕੋ ਤਕਾਨ[੬] ਥਾ
ਮਹਫ਼ੂਜ਼[੭] ਹਰ ਤਰਹ ਸੇ ਬਜ਼ਾਹਿਰ[੮] ਮਕਾਨ ਥਾ
ਬਰਸੋਂ ਜਿਸੇ ਖਿਲਾਯਾ ਥਾ ਵੁਹ ਮੇਜ਼ਬਾਨ[੯] ਥਾ
ਖ਼ਤਰੇ ਕਾ ਇਸ ਵਜਹ ਨਹੀਂ ਵਹਮੋ ਗੁਮਾਨ ਥਾ
ਨੌਕਰ ਕਾ ਘਰ ਸਮਝ ਕੇ ਵੁਹ ਬੇਫ਼ਿਕਰ ਹੋ ਗਏ
ਲਗ ਕਰ ਗਲੇ ਸੇ ਦਾਦੀ ਕੇ ਸ਼ਹਜ਼ਾਦੇ ਸੋ ਗਏ

(੫੯) ਮਾਤਾ ਕੇ ਸਾਥ ਡੱਬਾ ਥਾ ਇਕ ਜ਼ੇਵਰਾਤ ਕਾ
ਲਲਚਾ ਜਿਸੇ ਥਾ ਦੇਖ ਕੇ ਜੀ ਬਦ-ਸਿਫ਼ਾਤ[੧੦] ਕਾ
ਕਹਤੇ ਹੈਂ ਜਬ ਕਿ ਵਕਤ ਹੁਆ ਆਧੀ ਰਾਤ ਕਾ
ਜੀ ਮੇਂ ਕਿਯਾ ਨ: ਖ਼ੌਫ਼ ਕੁਛ ਆਕਾ[੧੧] ਕੀ ਮਾਤ[੧੨] ਕਾ
ਮੁਹਰੋਂ ਕਾ ਬਦਰਾ[੧੩] ਔਰ ਵੁਹ ਡੱਬਾ ਉੜਾ ਗਯਾ
ਧੋਕੇ ਸੇ ਬ੍ਰਾਹਮਨ ਵੁਹ ਖ਼ਜ਼ਾਨਾ ਚੁਰਾ ਗਯਾ

(੬੦) ਬਦਜ਼ਾਤ ਬਦ-ਸਿਫ਼ਾਤ ਵੁਹ ਗੰਗੂ ਨਮਕ-ਹਰਾਮ
ਟੁਕੜੋਂ ਪ: ਸਤਗੁਰ ਕੇ ਜੋ ਪਲਤਾ ਰਹਾ ਮੁਦਾਮ[੧੪]
ਘਰ ਲੇ ਕੇ ਸ਼ਾਹਜ਼ਾਦੋਂ ਕੋ ਆਯਾ ਜੋ ਬਦਲਗਾਮ[੧੫]
ਥਾ ਜ਼ਰ ਕੇ ਲੂਟਨੇ ਕੋ ਕਿਯਾ ਸਬ ਯਿਹ ਇੰਤਿਜ਼ਾਮ
ਦੁਨਿਯਾ ਮੇਂ ਅਪਨੇ ਨਾਮ ਕੋ ਬਦਨਾਮ ਕਰ ਗਯਾ
ਦੁਸ਼ਮਨ ਭੀ ਜੋ ਨਾ ਕਰਤਾ ਵੁਹ ਯਿਹ ਕਾਮ ਕਰ ਗਯਾ

---

*੧. ਪਰੇਸ਼ਾਨੀ। ੨. ਸੰਬੋਧਨ। ੩. ਛੇਤੀ। ੪. ਕਿੱਸਾ ਮੁਖ਼ਤਸਰ ਇਹ ਹੈ ਕਿ। ੫. ਰਹਿਣ। ੬. ਥਕੇਵਾਂ,ਥਕਾਵਟ। ੭. ਸੁਰੱਖਿਅਤ। ੮. ਦੇਖਣ ਵਿੱਚ ਤਾਂ। ੯. ਜਿਸ ਦੇ ਘਰ ਮਹਿਮਾਨ ਆਵੇ। ੧੦. ਔਗੁਣਾਂ ਭਰਿਆ। ੧੧.ਮਾਲਕ। ੧੨. ਮਾਤਾ। ੧੩. ਰੁਪਏ ਰੱਖਣ ਦਾ ਥੈਲਾ। ੧੪. ਹਮੇਸ਼ਾ। ੧੫. ਆਪ ਹੁਦਰਾ, ਜਿਸ ਨੂੰ ਨੱਥ ਪਾਉਣ ਦੀ ਲੋੜ ਹੋਵੇ।*



(੬੧) ਅਲਕਿੱਸਾ ਜਬ ਸਵੇਰ ਕੋ ਜਾਗੀਂ ਗੁਰੂ ਕੀ ਮਾਂ
ਰੱਖੇ ਹੁਏ ਖ਼ਜ਼ਾਨਾ ਕਾ ਪਾਯਾ ਨ: ਕੁਛ ਨਿਸ਼ਾਂ
ਗੰਗੂ ਸੇ ਬੋਲੀ ਲੇਤਾ ਹੈ ਕ੍ਯੋਂ ਸਬਰਿ ਬੇਕਸਾਂ[੧]
ਜ਼ਰ ਲੇ ਗਯਾ ਉਠਾ ਕੇ ਤੂ ਐ ਜਿਸ਼ਤ-ਰੂ[੨] ਕਹਾਂ
ਬਿਹਤਰ ਥਾ ਮਾਂਗ ਲੇਤਾ ਤੂ ਹਮ ਸੇ ਤਮਾਮ ਮਾਲ
ਲੇਕਿਨ ਹੁਆ ਚੁਰਾਨੇ ਸੇ ਤੁਝ ਪਰ ਹਰਾਮ ਮਾਲ

(੬੨) ਜਿਸ ਘਰ ਕਾ ਤੂ ਗ਼ੁਲਾਮ ਥਾ ਉਸ ਸੇ ਦਗ਼ਾ ਕਿਯਾ
ਲਾ ਕਰ ਕੇ ਘਰ ਮੇਂ ਕਾਮ ਯਿਹ ਕ੍ਯਾ ਬੇਵਫ਼ਾ ਕਿਯਾ
ਜ਼ਰ ਕੇ ਲਿਏ ਸਵਾਲ ਨ: ਕ੍ਯੋਂ ਬਰਮਲਾ[੩] ਕਿਯਾ
ਹਮ ਸੇ ਤੋ ਜਿਸ ਨੇ ਜੋ ਭੀ ਹੈ ਮਾਂਗਾ ਅਤਾ[੪] ਕਿਯਾ
ਮਾਤਾ ਹੂੰ ਕਲਗ਼ੀਧਰ ਕੀ ਤੁਝੇ ਕ੍ਯਾ ਖ਼ਬਰ ਨ: ਥੀ
ਤੇਰੀ ਤਰਹ ਤੋ ਮੁਝ ਕੋ ਜ਼ਰਾ ਹਿਰਸਿ-ਜ਼ਰ[੫] ਨ: ਥੀ

(੬੩) ਵਾਹੇਗੁਰੂ ਕੇ ਨਾਮ ਪ: ਕੁਲ ਮਾਲੋ-ਜ਼ਰ ਭੀ ਦੂੰ
ਖ਼ਿਲਕਤ ਕੇ ਫ਼ਾਇਦੇ ਕੋ ਲੁਟਾ ਅਪਨਾ ਘਰ ਭੀ ਦੂੰ
ਗਰਦਨ ਪਤੀ ਕੀ ਦੇ ਚੁਕੀ ਅਪਨਾ ਸਰ ਭੀ ਦੂੰ
ਖ਼ੁਸ਼ਨੂਦੀਏ[੬]-ਅਕਾਲ ਕੋ ਲਖ਼ਤੇ-ਜ਼ਿਗਰ ਭੀ ਦੂੰ
ਇਕਰਾਰ ਕਰ ਲੇ ਅਪਨੀ ਖ਼ਤਾ ਤੂ ਅਗਰ ਅਭੀ
ਹਮ ਬਖ਼ਸ਼ ਦੇਂਗੇ ਸ਼ੌਂਕ ਸੇ ਸਬ ਮਾਲੋ ਜ਼ਰ ਅਭੀ

(੬੪) ਉਪਦੇਸ਼ ਮਾਤ ਗੁਜਰੀ ਕਾ ਸੁਨ ਕਰ ਵੁਹ ਬੇ-ਹਯਾ
ਸ਼ਰਮਿੰਦ: ਹੋਨੇ ਕੀ ਜਗਹ ਚਿੱਲਾਨੇ ਲਗ ਗਯਾ
ਬਕਤਾ ਥਾ ਜ਼ੋਰ ਜ਼ੋਰ ਸੇ ਦੇਖੋ ਗ਼ਜ਼ਬ ਹੈ ਕ੍ਯਾ
ਤੁਮ ਕੋ ਪਨਾਹ ਦੇਨੇ ਕੀ ਕ੍ਯਾ ਥੀ ਯਹੀ ਜਜ਼ਾ[੭]
ਫ਼ਿਰਤੇ ਹੋ ਜਾਂ ਛੁਪਾਏ ਹੁਏ ਖ਼ੁਦ ਨਵਾਬ ਸੇ
ਕਹਤੇ ਹੋ ਮੁਝ ਕੋ ਚੋਰ ਯਿਹ ਫਿਰ ਕਿਸ ਹਿਸਾਬ ਸੇ

---

*੧. ਨਿਆਸਰਾ, ਜਿਸ ਦਾ ਕੋਈ ਆਸਰਾ ਨਾ ਹੋਵੇ। ੨. ਬੁਰੇ ਮੂੰਹ ਵਾਲਾ। ੩. ਸਾਫ਼ ਸਾਫ਼। ੪. ਬਖ਼ਸ਼ਣਾ। ੫. ਧਨ ਦਾ ਲਾਲਚ, ਹਿਰਸ=ਲਾਲਚ। ੬. ਖ਼ੁਸ਼ ਜਾਂ ਰਾਜ਼ੀ ਕਰਨ ਦਾ ਭਾਵ। ੭. ਬਦਲਾ।*

(੬੫) ਚੁਪ ਚਾਪ ਘਰ ਸੇ ਚਲ ਦਿਯਾ ਫਿਰ ਵੁਹ ਨਮਕ-ਹਰਾਮ
ਪਹੁੰਚਾ ਵੁਹ ਇਸ ਜਗਹ ਪ: ਮੋਰਿੰਡਾ ਥਾ ਜਿਸ ਕਾ ਨਾਮ
ਮੁਖ਼ਬਿਰ[੧] ਵਹਾਂ ਨਵਾਬ ਕੇ ਰਖਤੇ ਥੇ ਕੁਝ ਕ਼ਯਾਮ
ਖ਼ੁਫ਼ੀਯ: ਕੁਛ ਉਨ ਸੇ ਕਰਨੇ ਲਗਾ ਬਦਸਯਰ[੨] ਕਲਾਮ[੩]

ਮਤਲਬ ਥਾ ਜਿਸ ਕਾ, ਘਰ ਮਿਰੇ ਸਤਗੁਰ ਕੇ ਲਾਲ ਹੈਂ
ਜਿਨ ਕੇ ਪਕੜਨੇ ਕੇ ਸਭੀ ਖ਼ਾਹਾਂ ਕਮਾਲ[੪] ਹੈਂ

(੬੬) ਰਾਜੋਂ ਸੇ ਔਰ ਨਵਾਬ ਸੇ ਦਿਲਵਾਓ ਗਰ ਇਨਅ਼ਾਮ
ਆਕ਼ਾ ਕੀ ਮਾਂ ਕੋ, ਬੇਟੋਂ ਕੋ ਪਕੜਾਊਂ ਲਾਕਲਾਮ[੫]
ਪਾ ਕੇ ਸਿਲਾ:[੬] ਬਜ਼ੀਦ[੭] ਸੇ ਤੁਮ ਭੀ ਹੈ ਸ਼ਾਦ-ਕਾਮ[੮]
ਮੁਝ ਕੋ ਭੀ ਖ਼ਿਲਅਤੋਂ[੯] ਸੇ ਕਰੇ ਫ਼ਾਇਜ਼ੁਲਮਰਾਮ[੧੦]

ਅਲਕਿੱਸਾ ਲੇ ਕੇ ਸਾਥ ਵੁਹ ਜਾਸੂਸ ਆ ਗਯਾ
ਪਕੜਾਨੇ ਸ਼ਾਹਜ਼ਾਦੋਂ ਕੋ ਮਨਹੂਸ ਆ ਗਯਾ

(੬੭) ਬੱਚੇ ਜਿਨ੍ਹੋਂ ਨੇ ਆ ਕੇ ਗਰਿਫ਼ਤਾਰ ਕਰ ਲਿਏ
ਕਾਬੂ ਬਜਬ੍ਰ[੧੧] ਬੇਕਸੋ[੧੨] -ਬੇਯਾਰ[੧੩] ਕਰ ਲਿਏ
ਕਬਜ਼ੇ ਮੇਂ ਆਪਨੇ ਦੋ ਦੁਰੇ-ਸ਼ਹਵਾਰ[੧੪] ਕਰ ਲਿਏ
ਸਰਹਿੰਦ ਸਾਥ ਚਲਨੇ ਕੋ ਤੈਯਾਰ ਕਰ ਲਿਏ

ਪੀਨਸ[੧੫] ਥੀ, ਪਾਲਕੀ ਥੀ ਨ: ਹੋਦ:[੧੬] ਅਮਾਰੀ[੧੭] ਥੀ
ਬਦਬਖ਼ਤ ਲਾਏ ਬੈਲ ਕੀ ਗਾੜੀ ਸਵਾਰੀ ਥੀ

(੬੮) ਸਰਹਿੰਦ ਜਾ ਕੇ ਪਹੁੰਚੇ ਹਜ਼ਾਰ ਇਜ਼ਤਿਰਾਬ[੧੮] ਸੇ
ਦੋ-ਚਾਰ[੧੯], ਹਾਏ ! ਜਬ ਹੁਏ ਜ਼ਾਲਿਮ ਨਵਾਬ ਸੇ
ਕਮਬਖ਼ਤ ਦੇਖਤੇ ਹੀ ਯਿਹ ਬੋਲਾ ਇ਼ਤਾਬ[੨੦] ਸੇ
ਫ਼ਿਲਹਾਲ ਇਨ ਕੋ ਕੈਸ ਮੇਂ ਰਖੋ ਅਜ਼ਾਬ[੨੧] ਸੇ

ਗੁੰਬਦ ਥਾ ਜਿਸ ਮਕਾਂ ਮੇਂ ਮੁਕੱਯਦ[੨੨] ਹਜ਼ੂਰ ਥੇ
ਦੋ ਚਾਂਦ ਏਕ ਬੁਰਜ ਮੇਂ ਰਖਤੇ ਜ਼ਹੂਰ[੨੩] ਥੇ

*੧. ਖ਼ਬਰ ਪੁਚਾਣ ਵਾਲਾ, ਜਾਸੂਸ। ੨. ਬੁਰੀ ਸੀਰਤ ਜਾਂ ਨਿਯਮ ਵਾਲਾ। ੩. ਗੱਲ। ੪. ਬਹੁਤ ਜ਼ਿਆਦਾ। ੫. ਬੇਸ਼ੱਕ। ੬. ਬਦਲਾ। ੭. ਬਾਜ਼ੀਦ ਖਾਨ। ੮. ਮੁਰਾਦ ਪਾ ਕੇ ਖ਼ੁਸ਼ ਹੋਣ ਦਾ ਭਾਵ। ੯. ਸਿਰੋਪਾ। ੧੦. ਮੁਰਾਦ ਪਾ ਕੇ ਫ਼ੈਜ਼ਾਯਾਬ ਹੋਣਾ। ੧੧. ਜ਼ਬਰ ਨਾਲ, ਜ਼ਬਰਦਸਤੀ। ੧੨. ਜਿਸ ਦਾ ਕੋਈ ਨਾ ਹੋਵੇ। ੧੩. ਜਿਸ ਦਾ ਕੋਈ ਸਹਾਇਕ ਨਾ ਹੋਵੇ। ੧੪. ਬਾਦਸ਼ਾਹਾਂ ਦੇ ਯੋਗ ਮੋਤੀ। ੧੫. ਪਾਲਕੀ। ੧੬. ਊਂਠ ਦੀ ਪਿੱਠ ਦਾ ਕੁੱਬ ਅਰਥਾਤ ਕਚਾਵਾ। ੧੭. ਊਂਠ ਦਾ ਕਚਾਵਾ, ਹਾਥੀ ਦੇ ਹੌਦੇ ਨੂੰ ਵੀ ਕਹਿੰਦੇ ਹਨ ।੧੮. ਪਰੇਸ਼ਾਨੀ। ੧੯. ਮਿਲਣਾ।੨੦. ਸਖ਼ਤੀ, ਗੁੱਸਾ। ੨੧. ਦੁੱਖ, ਤਕਲੀਫ਼। ੨੨. ਕੈਦੀ। ੨੩. ਪ੍ਰਗਟਾਅ ।*



(੬੯) ਕੈਦਿ-ਬਲਾ[੧] ਮੇਂ ਤੀਸਰਾ ਦਿਨ ਥਾ ਜਨਾਬ ਕੋ
ਬੇਆਬ ਕਰ ਚੁਕੀ ਥੀ ਅ਼ਤਸ਼[੨] ਹਰ ਗੁਲਾਬ ਕੋ
ਤਰਸੇ ਹੁਏ ਥੇ ਰਿਜ਼ਕ ਕੋ ਜੀ ਔਰ ਖ਼ਾਬ[੩] ਕੋ
ਇਸ ਰੋਜ਼ ਸੁੱਚਾਨੰਦ ਯਿਹ ਬੋਲਾ ਨਵਾਬ ਕੋ

ਮੰਗਵਾ ਕੇ ਕਲਗ਼ੀਧਰ ਕੇ ਪਿਸਰ[੪] ਇੰਤਿਕਾਮ[੫] ਲੋ
ਮਅ਼ਸੂਮ ਇਨ੍ਹੇ ਸਮਝ ਕੇ ਦਯਾ ਸੇ ਨ: ਕਾਮ ਲੋ

(੭੦) ਬੋਲਾ ਵੁਹ ਸੁੱਚਾਨੰਦ ਸੇ ਲੇ ਆ ਇਨ੍ਹੇਂ ਸ਼ਿਤਾਬ[੬]
ਚਰਕੋਂ[੭] ਸੇ ਸਤਗੁਰੂ ਕੇ ਜਿਗਰ ਹੈ ਮਿਰਾ ਕਬਾਬ[੮]
ਗੋਬਿੰਦ ਨੇ ਗੰਵਾ ਦਿਯਾ ਸਬ ਮੇਰਾ ਰੁਅ਼ਬ ਦਾਬ
ਰਾਜੋਂ ਕੇ ਸਾਥ ਮੇਰੀ ਬੀ ਮੱਟੀ ਹੁਈ ਖ਼ਰਾਬ

ਦੁਸ਼ਮਨ ਕੇ ਬੱਚੇ ਕਤ੍ਲ ਕਰੂੰਗਾ ਜ਼ਰੂਰ ਮੈਂ
ਕਹਨੇ ਪ: ਤੇਰੇ ਆਜ ਚਲੂੰਗਾ ਜ਼ਰੂਰ ਮੈਂ

(੭੧) ਬਚੋਂ ਕੋ ਲੇਨੇ ਆਏ ਗ਼ਰਜ਼ ਚੰਦ[੯] ਬੇਹਯਾ
ਸਰਦਾਰ ਇਨ ਕਾ ਕਹਤੇ ਹੈਂ ਕਿ ਸੁੱਚਾ ਨੰਦ ਥਾ
ਮਾਤਾ ਨੇ ਦੇਖ ਕਰ ਕਹਾ "ਹੈ ਹੈ ਗ਼ਜ਼ਬ ਹੁਆ
ਬਸ ਆਨ ਪਹੁੰਚਾ ਸਰ ਪ: ਹੈ ਮੌਕਅ਼ ਜੁਦਾਈ ਕਾ

ਦੇਖੂੰਗੀ ਉਮ੍ਰ ਭਰ ਕੋ ਨ: ਯਿਹ ਪ੍ਯਾਰੀ ਸੂਰਤੇਂ
ਮੱਟੀ ਮੇਂ ਮਿਲਨੇ ਵਾਲੀ ਹੈਂ ਮੈਂ ਵਾਰੀ ਸੂਰਤੇਂ"

(੭੨) ਜਾਨੇ ਸੇ ਪਹਲੇ ਆਓ ਗਲੇ ਸੇ ਲਗਾ ਤੋ ਲੂੰ
ਕੇਸੋਂ ਕੋ ਕੰਘੀ ਕਰ ਦੂੰ ਜ਼ਰਾ ਮੂੰਹ ਧੁਲਾ ਤੋ ਲੂੰ
ਪ੍ਯਾਰੇ ਸਰੋਂ ਪ: ਨਨ੍ਹੀ ਸੀ ਕਲਗ਼ੀ ਸਜਾ ਤੋ ਲੂੰ
ਮਰਨੇ ਸੇ ਪਹਲੇ ਤੁਮ ਕੋ ਦੂਲ੍ਹਾ ਬਨਾ ਤੋ ਲੂੰ

ਰੋ ਰੋ ਕੇ ਮਾਤ ਗੁਜਰੀ ਨੇ ਆਰਾਸਤ:[੧੦] ਕਿਯਾ
ਤੀਰੋ ਕਮਾਂ ਸੇ, ਤੇਗ਼ ਸੇ ਪੈਰਾਸਤ:[੧੧] ਕਿਯਾ

*੧. ਮੁਸੀਬਤ ਦੀ ਕੈਦ। ੨. ਪਿਆਰ। ੩. ਨੀਂਦਰ। ੪. ਪੁੱਤਰ। ੫.ਬਦਲਾ। ੬. ਛੇਤੀ, ਜਲਦੀ। ੭. ਝਾਂਸਾ। ੮. ਭੁੰਨਿਆ ਹੋਇਆ। ੯. ਕੁਝ-ਕੁ। ੧੦. ਸਜਾਇਆ ਹੋਇਆ। ੧੧. ਸਜਾਇਆ ਹੋਇਆ।*

(੭੩) ਬੇਟੇ ਸੇ ਪਹਲੇ ਬਿਛੜੀ ਥੀ ਤੁਮ ਭੀ ਬਿਛੜ ਚਲੇ
ਬਿਗੜੇ ਹੁਏ ਨਸੀਬ ਜ਼ਿਯਾਦ: ਬਿਗੜ ਚਲੇ
ਬੇਰਹਮ ਦੁਸ਼ਮਨੋਂ ਕੇ ਤੁਮ ਹਾਥੋਂ ਮੇਂ ਪੜ ਚਲੇ
ਜ਼ੰਜੀਰਿ-ਗ਼ਮ ਮੇਂ ਮੁਝ ਕੋ ਯਹਾਂ ਪਰ ਜਕੜ ਚਲੇ

ਬਿਹਤਰ ਥਾ ਤੁਮ ਸੇ ਪਹਲੇ ਮੈਂ ਦੇਤੀ ਪਰਾਨ ਕੋ
ਦੁਖ ਸੇ ਤੁਮ੍ਹਾਰੇ ਦੁਖ ਹੈ ਸਿਵਾ ਮੇਰੀ ਜਾਨ ਕੋ

(੭੪) ਕਹ ਕਹ ਕੇ ਰੋਤੀ ਜਾਤੀ ਥੀ ਜ਼ਾਰੋ ਕਤਾਰ[੧] ਮਾਤ
ਜ਼ੋਰ-ਆਵਰ ਔਰ ਫ਼ਤਹ ਪ: ਹੋਤੀ ਨਿਸਾਰ[੨] ਮਾਤ
ਇਸ-ਦਰਜ:[੩] ਰੰਜੋਗ਼ਮ ਸੇ ਹੁਈ ਬੇਕਰਾਰ ਮਾਤ
ਗ਼ਸ਼ ਖਾ ਕੇ ਗਿਰਨੇ ਵਾਲੀ ਥੀ ਬੇਇਖ਼ਤਿਯਾਰ ਮਾਤ

ਸ਼ਹਜ਼ਾਦਗਾਂ[੪] ਨੇ ਬੜ੍ਹ ਕੇ ਸੰਭਾਲਾ ਹੁਜ਼ੂਰ ਕੋ
ਢਾਰਸ ਬੰਧਾਈ ਕਹ ਕੇ ਦਿਲਿ-ਨਾ-ਸਬੂਰ[੫] ਕੋ

(੭੫) ਫ਼ਰਮਾਏ ਦਸਤ-ਬਸਤ:[੬] ਵੁਹ ਦੋਨੋ ਗੁਰੂ ਕੇ ਲਾਲ
ਜੀ ਕ੍ਯੋਂ ਮੁਕੱਦਸ:[੭] ਕਾ ਹੈ ਅਪਨੇ ਲਿਏ ਨਿਢਾਲ
ਕੁਰਬਾਨਿਯੋਂ ਕੀ ਪੰਥ ਕੋ ਹਾਜਤ[੮] ਭੀ ਹੋ ਕਮਾਲ[੯]
ਜਾਂ ਸੀ ਹਕੀਰ[੧੦] ਚੀਜ਼ ਕਾ ਫਿਰ ਹਮ ਕੋ ਹੋ ਖ਼ਯਾਲ

ਵਾਹੇਗੁਰੂ ਸੇ ਜਾਨ ਪ੍ਯਾਰੀ ਨਹੀਂ ਹਮੇਂ
ਭਾਤੀ ਯਿਹ ਆਹੋ ਜ਼ਾਰੀ[੧੧] ਤੁਮ੍ਹਾਰੀ ਨਹੀਂ ਹਮੇਂ

(੭੬) ਰੁਖ਼ਸਤ ਦੋ ਅਬ ਖ਼ੁਸ਼ੀ ਸੇ ਕਿ ਜਾਨੇਂ ਫ਼ਿਦਾ[੧੨] ਕਰੇਂ
ਦੁਨੀਯਾ ਸੇ ਜਬ੍ਰੋ-ਜ਼ੋਰ[੧੩] ਕਾ ਹਮ ਖ਼ਾਤਮ: ਕਰੇਂ
ਹਾਸਿਲ ਸਿਰੋਂ ਕੋ ਦੇ ਕੇ ਖ਼ੁਦਾ ਕੀ ਰਜ਼ਾ[੧੪] ਕਰੇਂ
ਨਾਮ ਅਪਨੇ ਬਾਪ ਦਾਦੇ ਕਾ ਮਰ ਕਰ ਸਿਵਾ[੧੫] ਕਰੇਂ

ਗਿਰਯ:[੧੬] ਕੋ ਜ਼ਬਤ[੧੭] ਕਰਕੇ ਬਹੁਤ ਆਲੀ-ਸ਼ਾਨ[੧੮] ਨੇ
"ਵਾਰੀ ਗਈ ਲੋ ਜਾਓ" ਕਹਾ ਦਾਦੀ ਜਾਨ ਨੇ

*੧. ਬਹੁਤ, ਜ਼ਾਰ-ਜ਼ਾਰ। ੨. ਕੁਰਬਾਨ। ੩. ਇਤਨਾ। ੪. ਸ਼ਹਜ਼ਾਦੇ ਦਾ ਬਹੁਚਰਨ। ੫. ਉਹ ਦਿਲ ਜਿਸ ਨੂੰ ਸਬਰ ਨਾ ਆਵੇ। ੬. ਹੱਥ ਬੰਨ੍ਹ ਕੇ। ੭. ਪਵਿੱਤਰ ਅਤੇ ਪਾਵਨ ਔਰਤ, ਸ੍ਰੀ ਮਤੀ ਜੀ। ੮. ਲੋੜ, ਜ਼ਰੂਰਤ। ੯. ਬਹੁਤ। ੧੦. ਤੁੱਛ, ਨਿਗੂਣੀ। ੧੧. ਰੋਣਾ ਧੋਣਾ, ਚੀਖ਼ ਪੁਕਾਰ। ੧੨. ਕੁਰਬਾਨ। ੧੩. ਜ਼ਬਰਦਸਤੀ ਅਤੇ ਜ਼ੁਲਮ। ੧੪.ਭਾਣਾ। ੧੫. ਜ਼ਿਆਦਾ, ਵਧੀਕ। ੧੬. ਰੋਣ। ੧੭. ਜਰਨ ਜਾਂ ਪੀ ਜਾਣ ਦਾ ਭਾਵ। ੧੮. ਉੱਚੀਆਂ ਸ਼ਾਨਾਂ ਵਾਲਾ।*



(੭੭) ਲੇਨੇ ਜੋ ਲੋਗ ਆਏ ਜ਼ਲੂਮੋ[੧]-ਜਹੂਲ[੨] ਥੇ
ਇਨਸਾਂ ਕਾ ਜਾਮ:[੩] ਪਹਨੇ ਹੁਏ ਵੁਹ ਫ਼ਜ਼ੂਲ[੪] ਥੇ
ਚਲਨੇ ਮੇਂ ਦੇਰ ਕਰਨੇ ਸੇ ਹੋਤੇ ਮਲੂਲ[੫] ਥੇ
ਇਸ ਦਮ ਘਿਰੇ ਹੁਏ ਗੋਯਾ ਕਾਂਟੋਂ ਮੇਂ ਫੂਲ ਥੇ

ਤਸਲੀਮ[੬] ਕਰਕੇ ਦਾਦੀ ਸੇ ਬੱਚੇ ਜੁਦਾ ਹੁਏ
ਦਰਬਾਰ ਮੇਂ ਨਵਾਬ ਕੋ ਦਾਖ਼ਿਲ ਵੁਹ ਆ ਹੁਏ

(੭੮) ਥੀ ਪ੍ਯਾਰੀ ਸੂਰਤੋਂ ਸੇ ਸ਼ੁਜਾਅਤ[੭] ਬਰਸ ਰਹੀ
ਨਨ੍ਹੀ ਸੀ ਸੂਰਤੋਂ ਸੇ ਥੀ ਜੁਰਅਤ ਬਰਸ ਰਹੀ
ਰੁਖ਼ ਪਰ ਨਵਾਬ ਕੇ ਥੀ ਸ਼ਕਾਵਤ[੮] ਬਰਸ ਰਹੀ
ਰਾਜੋਂ ਕੇ ਮੂੰਹ ਪ: ਸਾਫ਼ ਥੀ ਲਅ਼ਨਤ ਬਰਸ ਰਹੀ

ਬੱਚੋਂ ਕਾ ਰੁਅਬ ਛਾ ਗਯਾ ਹਰ ਇਕ ਮੁਸ਼ੀਰ[੯] ਪਰ
ਲਰਜ਼:[੧੦] ਸਾ ਪੜ ਗਯਾ ਥਾ ਅਮੀਰੋ-ਵਜ਼ੀਰ ਪਰ

(੭੯) ਨਾਜ਼ਿਮ[੧੧] ਕੀ ਬਾਤ ਬਾਤ ਪ: ਰੁਕਨੇ ਲਗੀ ਜ਼ਬਾਂ
ਖ਼ੁਦ ਕੋ ਸੰਭਾਲ ਕਰ ਕੇ ਵੁਹ ਕਹਨੇ ਲਗਾ ਕਿ ਹਾਂ
ਖ਼ਾਹਾਂ[੧੨] ਹੋ ਮੌਤ ਕੇ ਯਾ ਤੁਮ੍ਹੇਂ ਚਾਹੀਏ ਅਮਾਂ[੧੩]
ਬਤਲਾਓ ਸਾਫ਼ ਸਾਫ਼ ਅਬ ਐ ਆਲੀ-ਖ਼ਾਨਦਾਂ[੧੪]

ਇਸ ਦਮ ਕਰੋ ਕਬੂਲ ਅਗਰ ਸਾਹ ਕੇ ਦੀਨ[੧੫] ਕੋ
ਫਿਰ ਆਸਮਾਂ ਬਨਾ ਦੂੰ ਤੁਮ੍ਹਾਰੀ ਜ਼ਮੀਨ ਕੋ

(੮੦) ਸਤਗੁਰ ਕੇ ਲਾਡਲੋਂ ਨੇ ਦਿਯਾ ਰੁਅ਼ਬ ਸੇ ਜਵਾਬ
ਆਤੀ ਨਹੀਂ ਸ਼ਰਮ ਹੈ ਜ਼ਰਾ ਤੁਝ ਕੋ ਐ ਨਵਾਬ
ਦੁਨਿਯਾ ਕੇ ਪੀਛੇ ਕਰਤਾ ਹੈ ਕ੍ਯੋਂ ਦੀਨ ਕੋ ਖ਼ਰਾਬ
ਕਿਸ ਜਾ[੧੬] ਲਿਖਾ ਹੈ ਜ਼ੁਲ੍ਮ, ਦਿਖਾ ਤੋ ਹਮੇਂ ਕਿਤਾਬ

ਤਅ਼ਲੀਮ ਜ਼ੋਰ[੧੭] ਕੀ ਕਹੀਂ ਕੁਰਆਨ ਮੇਂ ਨਹੀਂ
ਖ਼ੂਬੀ ਤੁਮ੍ਹਾਰੇ ਸ਼ਾਹ ਕੇ ਈਮਾਨ ਮੇਂ ਨਹੀਂ

*੧. ਜ਼ਾਲਿਮ ਦਾ ਬਹੁਵਚਨ। ੨. ਜਾਹਿਲ ਦਾ ਬਹੁਵਚਨ। ੩. ਚੋਲਾ, ਕੱਪੜੇ। ੪. ਬੇਫ਼ਾਇਦਾ। ੫. ਰੰਞਾਣਾ, ਦੁਖੀ। ੬. ਮੱਥਾ ਟੇਕਣਾ। ੭. ਬਹਾਦਰੀ। ੮. ਬਦਬਖ਼ਤੀ। ੯. ਮਸ਼ਵਰਾ ਦੇਣ ਵਾਲਾ ਅਰਥਾਤ ਦਰਬਾਰੀ। ੧੦. ਕਾਂਬਾ। ੧੧. ਸਰਹਿੰਦ ਦਾ ਹਾਕਮ, ਸੂਬਾ। ੧੨. ਇਛੁੱਕ, ਚਾਹੁਣ ਵਾਲਾ। ੧੩. ਬਚਾਅ,ਸ਼ਰਨ। ੧੪. ਉੱਚੇ ਘਰਾਣੇ ਵਾਲਾ। ੧੫. ਮਜ਼੍ਹਬ, ਧਰਮ। ੧੬. ਥਾਂ, ਜਗ੍ਹਾ। ੧੭. ਜ਼ੁਲਮ।*

(੮੧) ਔਰੰਗਜ਼ੇਬ ਡਰਤਾ ਨਹੀਂ ਹੈ ਗੁਨਾਹ ਸੇ
ਬੇਕਸ[੧] ਕੇ ਇਜ਼ਤਿਰਾਬ[੨] ਸੇ ਦੁਖਿਯੋਂ ਕੀ ਆਹ ਸੇ
ਮਜ਼ਹਬ ਬਦਲ ਰਹਾ ਹੈ ਵੁਹ ਜ਼ੋਰੇ ਸਿਪਾਹ[੩] ਸੇ
ਫੈਲਾਨਾ ਦੀਨ ਪਾਪ ਹੈ ਜਬ੍ਰੋ[੪] ਕਰਾਹ[੫] ਸੇ

ਲਿਖਾ ਹੈ ਸਾਫ਼ ਸਾਫ਼ ਤੁਮ੍ਹਾਰੀ ਕਿਤਾਬ ਮੇਂ
ਫੈਲਾਓ ਦੀਂ ਬਜਬ੍ਰ ਨ: ਤੁਮ ਸੈਖ਼ੋਂ[੬] ਸ਼ਾਬ[੭] ਮੇਂ

(੮੨) ਪੜ੍ਹ ਕੇ ਕੁਰਾਨ ਬਾਪ ਕੋ ਕਰਤਾ ਜੋ ਕੈਦ ਹੋ
ਮਰਨਾ ਪਿਤਾ ਕਾ ਜਿਸ ਕੋ ਖ਼ੁਸ਼ੀ ਕੀ ਨਵੈਦ[੮] ਹੋ
ਕਤਲੇ ਬਰਾਦਰਾਂ[੯] ਜਿਸੇ ਮਅ਼ਮੂਲੀ ਸੈਦ[੧੦] ਹੋ
ਨੇਕੀ ਕੀ ਇਸ ਸੇ ਖ਼ਲਕ ਕੋ ਫ਼ਿਰ ਕ੍ਯਾ ਉਮੈਦ ਹੋ

ਗ਼ੈਰੋਂ ਪ: ਫਿਰ ਵੁਹ ਜ਼ੋਰ[੧੧] ਕਰੇ ਯਾ ਜਫ਼ਾ[੧੨] ਕਰੇ
ਹਮ ਕ੍ਯਾ ਕਹੇਂ ਕਿਸੀ ਕੋ ਹਿਦਾਯਤ[੧੩] ਖ਼ੁਦਾ ਕਰੇ

(੮੩) ਹਦ ਸੇ ਬੜ੍ਹਾ ਹੁਆ ਹੀ ਜੁ ਜ਼ਾਲਿਮ ਬਸ਼ਰ[੧੪] ਹੁਆ
ਮੌਲਾ ਕਾ ਖ਼ੌਫ਼ ਜਿਸ ਕੋ ਨ: ਹਾਦੀ[੧੫] ਕਾ ਡਰ ਹੁਆ
ਮੁਸਲਿਮ[੧੬] ਕਹਾਂ ਕੇ ਹਾਏ ਜੋ ਕੋਤਾਹ-ਨਜ਼ਰ[੧੭] ਹੁਆ
ਸਰਮਦ[੧੮] ਕੇ ਕਤ੍ਲ ਸੇ ਭੀ ਨ:ਜਿਸ ਕੋ ਹਜ਼ਰ ਹੁਆ

ਬੁਲਵਾ ਕੇ ਦਿੱਲੀ ਤੇਗ਼ ਬਹਾਦਰ ਕੀ ਜਾਨ ਲੀ
ਮਰਨੇ ਕੀ ਹਮ ਨੇ ਭੀ ਹੈ ਜਭੀ ਆਨ[੧੯] ਠਾਨ ਲੀ

(੮੪) ਜ਼ਾਲਿਮ ਕਾ ਦੀਨ ਕਿਸ ਲਿਏ ਕਰਨੇ ਲਗਾ ਕਬੂਲ
ਤਬਦੀਲੀਏ ਮਜ਼ਹਬ ਸੇ ਨਹੀਂ ਕੁਛ ਭੀ ਹੈ ਹਸੂਲ[੨੦]
ਤੌਹੀਦ[੨੧] ਕੇ ਸਿਵਾ ਹੈਂ ਯਿਹ ਬਾਤੇਂ ਹੀ ਸਬ ਫ਼ਜ਼ੂਲ
ਮਨਵਾਨੇ ਵਾਹਗੁਰੂ ਕੋ ਹੀ ਆਏ ਥੇ ਸਬ ਰਸੂਲ[੨੨]

ਕੁਛ ਬੁਤ-ਪ੍ਰਸਤ ਭੀ ਨਹੀਂ ਹੈ, ਬੁਤ ਸ਼ਿਕਨ[੨੩] ਹੈਂ ਹਮ
ਅਮ੍ਰਿਤ ਛਕਾ ਹੈ ਜਬ ਸੇ ਨਿਹਾਯਤ[੨੪] ਮਗਨ[੨੫] ਹੈਂ ਹਮ

---

*੧. ਜਿਸ ਦਾ ਕੋਈ ਨਾ ਹੋਵੇ। ੨. ਪਰੇਸ਼ਾਨੀ ।੩. ਫ਼ੌਜ।੪. ਜ਼ਬਰ, ਜ਼ਬਰਦਸਤੀ। ੫.ਬਿਨਾਂ ਮਰਜ਼ੀ ਜਾਂ ਖ਼ੁਸ਼ੀ ਦੇ । ੬. ਬੁੱਢਾ। ੭. ਜਵਾਨੀ । ੮. ਖ਼ੁਸ਼ਖ਼ਬਰੀ । ੯. ਬਹਾਦਰ ਦਾ ਬਹੁਵਚਨ ਬਰਾਦਰ=ਭ੍ਰਾ, ਭਾਈ। ੧੦. ਸ਼ਿਕਾਰ। ੧੧. ਜ਼ੁਲਮ। ੧੨. ਜ਼ਾਲਮ, ਸਖ਼ਤੀ। ੧੩. ਸੁਮੱਤ। ੧੪. ਮਨੁੱਖ। ੧੫. ਹਿਦਾਇਤ ਕਰਨ ਵਾਲਾ ਅਰਥਾਤ ਹਜ਼ਰਤ ਮੁਹੰਮਦ ਸਾਹਿਬ। ੧੬. ਇਸਲਾਮ ਮੱਤ ਉੱਤੇ ਨਿਸ਼ਚਾ ਰੱਖਣ ਵਾਲਾ ੧੭. ਤੰਗ ਨਜ਼ਰ, ਜਿਸ ਦੀ ਦ੍ਰਿਸ਼ਟੀ ਵਿਸ਼ਾਲ ਨਾ ਹੋਵੇ। ੧੮. ਇਕ ਮਸ਼ਹੂਰ ਦਰਵੇਸ਼ ਦਾ ਨਾਂ । ੧੯. ਫ਼ੌਰਨ, ਤਤਕਾਲ। ੨੦. ਪ੍ਰਾਪਤੀ, ਲਾਭ। ੨੧. ਪਰਮਾਤਮਾ ਨੂੰ ਇਕ ਮੰਨਣ ਦਾ ਭਾਵ । ੨੨. ਅਵਤਾਰ। ੨੩. ਬੁੱਤ ਤੋੜਨ ਵਾਲਾ। ੨੪. ਬਹੁਤ। ੨੫. ਮਸਤ।*



(੮੫) ਕਰ ਲੇ ਮੁਕਾਬਲਾ ਤੂ ਜ਼ਰਾ ਅਪਨੇ ਸਾਹ ਸੇ
ਪਾਪੀ ਹੈ ਵੁਹ ਤੋ ਹਮ ਹੈਂ ਬਰੀ[੧] ਹਰ ਗੁਨਾਹ ਸੇ
ਉਸ ਨੇ ਫ਼ਰੇਬ ਖੇਲਾ ਥਾ ਪੁਸ਼ਤੇ-ਪਨਾਹ[੨] ਸੇ
ਮਰਨੇ ਪਿਤਾ ਕੇ ਵਾਸਤੇ ਹਮ ਆਏ ਚਾਹ ਸੇ

ਕਾਮ ਇਸ ਨੇ ਭਾਈਯੋਂ ਸੇ ਕਿਯਾ ਥਾ ਯਜ਼ੀਦ ਕਾ
ਦਾਰਾ[੩] ਕਾ ਹੈ, ਮੁਰਾਦ[੪] ਕਾ ਰੁਤਬਾ ਸ਼ਹੀਦ ਕਾ

(੮੬) ਹਮ ਸਾਥ ਚਾਹਤੇ ਹੈਂ ਅਜਲ[੫] ਕੇ ਦਹਨ[੬] ਮੇਂ ਜਾਏਂ
ਮਰ ਜਾਏਂ ਭੀ ਤੋ ਕਬ੍ਰ ਮੇਂ ਏਕ ਹੀ ਕਫ਼ਨ ਮੇਂ ਜਾਏਂ
ਹਾਥੋਂ ਮੇਂ ਹਾਥ ਡਾਲ ਕੇ ਬਾਗ਼ੇ-ਅਦਨ[੭] ਮੇਂ ਜਾਏਂ
ਮਅ਼ਸੂਮੋਂ ਕੇ ਲਿਏ ਜੋ ਬਨਾ ਉਸ ਚਮਨ ਮੇਂ ਜਾਏਂ

ਮਜ਼ਹਬ ਕੋ ਪਾਤਸ਼ਾਹ ਨੇ ਬੱਟਾ ਲਗਾ ਦਿਯਾ
ਹਮ ਨੇ ਅਮਲ ਸੇ ਪੰਥ ਕੋ ਅੱਛਾ ਬਨਾ ਦਿਯਾ

(੮੭) ਮਅਲੂਮ ਅਬ ਹੁਈ ਤੁਝੇ ਵਜਹੇ-ਫ਼ਸਾਦ ਹੈ
ਸਤਗੁਰ ਕਾ ਸ਼ਾਹੇ-ਦਿੱਲੀ ਸੇ ਯਿਹ ਕ੍ਯੋਂ ਅ਼ਨਾਦ[੮] ਹੈ
ਮੋਮਿਨ[੯] ਹੀ ਕ੍ਯਾ ਨਹੀਂ ਜਿਸੇ ਕਰਤਾਰ ਯਾਦ ਹੈ
ਨਾਜ਼ਿਮ ਨੇ ਸਰ ਝੁਕਾ ਕੇ ਕਹਾ ਮੇਰਾ ਸਾਦ[੧੦] ਹੈ

ਨਾਨਕ ਸੁਨਾ ਹੈ ਮੈਂਨੇ ਕਿ ਬਾਬਰ ਕੇ ਯਾਰ ਥੇ
ਬਾਵਾ ਫ਼ਰੀਦ ਸੇ ਭੀ ਬਹੁਤ ਇਨ ਕੋ ਪ੍ਯਾਰ ਥੇ

(੮੮) ਮਅਲੂਮ ਸ਼ਾਹ ਸੇ ਹੁਈ ਵਜਹੇ-ਮੁਖ਼ਾਲਿਫ਼ਤ
ਰਾਜਾਉਂ ਸੇ ਨਹੀਂ ਹੈ ਭਲਾ ਕ੍ਯੋਂ ਯਗਾਨਗਤ[੧੧]
ਨਾਨਕ ਕੇ ਬਾਪ ਦਾਦੇ ਭੀ ਹਿੰਦੂ ਥੇ ਰਖਤੇ ਮਤ
ਸਤਗੁਰ ਬਨਾਤੇ ਰਹਤੇ ਹੈਂ ਕ੍ਯੋਂ ਕੋਹੀਯੋਂ[੧੨] ਕੀ ਗਤ

ਬੱਚੋਂ ਨੇ ਫਿਰ ਜਵਾਬ ਦਿਯਾ ਬਾਯਜ਼ੀਦ[੧੩] ਕੋ
ਹੋਂ ਪਾਕ ਜੋ ਪਸੰਦ ਕਰੇਂ ਕ੍ਯੋਂ ਪਲੀਦ[੧੪] ਕੋ

---

*੧. ਮੁਕਤ। ੨. ਹਿਮਾਇਤੀ । ੩. ਔਰੰਗਜ਼ੇਬ ਦੇ ਭਰਾ ਦਾ ਨਾਂ । ੪. ਔਰੰਗਜ਼ੇਬ ਦੇ ਭਰਾ ਦਾ ਨਾਂ। ੫. ਮੌਤ। ੬. ਮੂੰਹ। ੭. ਬਹਿਸ਼ਤ ਦਾ ਬਾਗ਼। ੮. ਦੁਸ਼ਮਣੀ। ੯. ਈਮਾਨ ਰੱਖਣ ਵਾਲਾ। ੧੦. ਪਸੰਦ, ਖ਼ੁਸ਼ੀ। ੧੧. ਏਕਾ, ਅਪਣੱਤ। ੧੨. ਪਹਾੜੀ ਅਰਥਾਤ ਪਹਾੜੀ ਰਾਜੇ। ੧੩. ਬਾਜ਼ੀਦ ਖ਼ਾਨ। ੧੪. ਅਪੱਵਿਤਰ, ਪਲੀਤ।*

(੮੯) ਆਲਾਇਸ਼ੋਂ[੧] ਸੇ ਕੁਫ਼੍ਰ[੨] ਕੀ ਜੋ ਲੋਗ ਪਾਕ ਹੈਂ
ਹੈਬਤ[੩] ਸੇ ਜ਼ੁਲ-ਜਲਾਲ[੪] ਕੀ ਜੋ ਖ਼ੌਫ਼ਨਾਕ[੫] ਹੈਂ
ਨੇਕੀ ਸੇ ਜਿਨ ਕੋ ਉਨਸ[੬] ਬੁਰਾਈ ਸੇ ਬਾਕ[੭] ਹੈਂ
ਅਪਨੇ ਵੁਹ ਰਿਸ਼ਤ:ਦਾਰ ਵੁਹੀ ਸੰਗ ਸਾਕ ਹੈਂ

ਭਾਈ ਬੁਤੋਂ ਕੋ ਪੂਜੇ ਤੋ ਸਰ ਇਸ ਕਾ ਤੋੜ ਦੇਂ
ਸਯਦ ਹੋ, ਬ੍ਰਹਮਨ ਹੋ, ਕੋਈ ਭੀ ਹੋ, ਛੋੜ ਦੇਂ

(੯੦) ਵਾਹੇਗੁਰੂ ਕਾ ਲਾਲ ਹਰ ਇਕ ਹਮ ਕੋ ਪ੍ਯਾਰਾ ਹੈ
ਮੁਨਕਿਰ[੮] ਹੈ ਜੋ ਖ਼ੁਦਾ ਸੇ ਵੁਹ ਦੁਸ਼ਮਨ ਹਮਾਰਾ ਹੈ
ਭਗਤੀ ਅਕਾਲ ਪੁਰਖ ਕੀ ਜੋ ਭੀ ਪਸਾਰਾ ਹੈ
ਰਾਜਾ ਹੈ ਸ਼ਾਹ ਹੈ ਹਮੇਂ ਇਸ ਸੇ ਕਿਨਾਰਾ ਹੈ

ਕਰਤਾਰ ਕੋ ਰਿਝਾਏਗਾ ਜੋ ਪਾਸ ਹੈ ਵੁਹੀ
ਪੂਜੇਗਾ ਜੋ ਬੁਤੋਂ ਕੋ ਬਸ਼ਰ[੯] ਨਾਸ ਹੈ ਵੁਹੀ

(੯੧) ਦਅ਼ਵਾ ਖ਼ੁਦਾ ਕੀ ਬੰਦਗੀ ਕਾ ਹੈ ਤੁਮ੍ਹੇਂ ਕਮਾਲ[੧੦]
ਲੇਕਿਨ ਹੈ ਮੁਸਲਿਮੋਂ ਕਾ ਬਹੁਤ ਆਜ ਗ਼ੈਰ[੧੧] ਹਾਲ
ਕਬ੍ਰੇਂ ਜੋ ਪੂਜਤੇ ਨ: ਹੋ ਮੋਮਿਨ ਹੈਂ ਖ਼ਾਲ ਖ਼ਾਲ[੧੨]
ਲਾਯਾ ਜ਼ਵਾਲ ਤੁਮ ਪ: ਜਭੀ ਸਤਿ ਸ੍ਰੀ ਅਕਾਲ

ਕਾਯਲ[੧੩] ਫ਼ਕਤ ਜ਼ਬਾਂ ਸੇ ਹੋ ਤੁਮ ਯਾ ਕਰੀਮ[੧੪] ਕੇ
ਬਨ ਬਨ ਕੇ ਜ਼ੁਲਮ ਢਾਤੇ ਹੋ ਬੰਦੇ ਰਹੀਮ[੧੫] ਕੇ

(੯੨) ਸਾਰੇ ਅਮੀਰ ਤਮ ਮੇਂ ਰੁਊਨਤ-ਪਸੰਦ[੧੬] ਹੈਂ
ਮਜ਼ਹਬ ਸੇ ਗਿਰ ਗਏ ਹੈਂ ਵੁਹ ਜਿਤਨੇ ਬਲੰਦ ਹੈਂ
ਰਸਤੇ ਭੀ ਮਅ਼ਰਫ਼ਤ[੧੭] ਕੇ ਜਭੀ ਇਨ ਪ: ਬੰਦ ਹੈਂ
ਬੇਸੂਦ ਤੁਮ ਕੋ ਅਪਨੀ ਨਸਾਏਹ[੧੮] ਪ:[੧੯] ਪੰਦ[੨੦] ਹੈਂ

ਸੁਨਤਾ ਹੈ ਕੌਨ ਹਿਰਸੋ ਹਵਾਓਂ[੨੧] ਕੇ ਸ਼ੋਰ ਮੇਂ
ਇਸਲਾਮ ਦਰ[੨੨] ਕਿਤਾਬ[੨੩] ਮੁਸਲਮਾਂ ਹੈਂ ਗੋਰ· ਮੇਂ

---

*੧. ਲਵੇੜ, ਲਬੇੜ, ਪਾਪ। ੨. ਨਾਸਤਿਕਤਾ । ੩. ਭੈ-ਭੀਤ। ੪. ਪਰਤਾਪੀ, ਜਲਾਲ ਵਾਲਾ। ੫. ਭੈ-ਭੀਤ । ੬. ਮੁਹੱਬਤ, ਪ੍ਰੇਮ। ੭. ਡਰ। ੮. ਨਾ ਮੰਨਣ ਵਾਲਾ। ੯. ਮਨੁੱਖ । ੧੦. ਬਹੁਤ । ੧੧. ਹੋਰ ਅਰਥਾਤ ਭੈੜਾ। ੧੨. ਟਾਵਾਂ-ਟਾਵਾਂ, ਕੋਈ-ਕੋਈ। ੧੩. ਮੰਨਣ ਵਾਲਾ। ੧੪. ਕਰਮ ਅਰਥਾਤ ਬਖ਼ਸ਼ਿਸ਼ ਕਰਨ ਵਾਲਾ ਪਰਮਾਤਮਾ। ੧੫. ਰਹਿਮ ਕਰਨ ਵਾਲਾ ਅਰਥਾਤ ਪਰਮਾਤਮਾ। ੧੬. ਮਗ਼ਰੂਰ, ਹੰਕਾਰੀ। ੧੭. ਗਿਆਨ। ੧੮. ਨਸੀਹਤ ਦਾ ਬਹੁਵਚਨ। ੧੯. ਪਰ, ਪਰੰਤੂ । ੨੦. ਨਸੀਹਤ। ੨੧. ਅਭਿਲਾਖਾ, ਖ਼ਾਹਿਸ਼। ੨੨. ਵਿੱਚ। ੨੩. ਮੁਸਲਮਾਨਾਂ ਦੀ ਧਰਮ ਪੁਸਤਕ ਕੁਰਾਨ ਸ਼ਰੀਫ। ੨੪. ਕਬਰ ।*



(੯੩) ਰੋਕਾ ਜੁ ਜ਼ੁਲਮ ਸੇ ਤੋ ਮੁਸਲਮਾਂ ਬਿਗੜ ਗਏ
ਬੁਤ ਕੋ ਬੁਰਾ ਕਹਾ ਤੋ ਯਿਹ ਹਿੰਦੂ ਬਿਛੜ ਗਏ
ਤੇਗ਼ਾ[੧] ਨਿਕਾਲਾ ਹਮ ਨੇ ਤੋ ਸਬ ਜੋਸ਼ ਝੜ ਗਏ
ਚਿੜਿਯੋਂ ਸੇ ਬਾਜ਼ ਰਨ ਮੇਂ ਨਦਾਮਤ[੨] ਸੇ ਗੜ ਗਏ

ਫ਼ੌਜੋਂ ਪ: ਨਾਜ਼ ਇਨ੍ਹੇਂ , ਉਨ੍ਹੇਂ ਦੇਵੀ ਕਮਾਨ ਹੈ
ਆਸ਼ਿਕ ਹੈਂ ਹਮ ਖ਼ੁਦਾ ਕੇ ਹਥੇਲੀ ਪ: ਜਾਨ ਹੈ

(੯੪) ਮਾਨਾ ਕਿ ਹਮ ਕ਼ਲੀਲ[੩] ਮੁਖ਼ਾਲਿਫ਼[੪] ਕਸੀਰ[੫] ਹੈਂ
ਤੁਮ ਪਾਤਸ਼ਾਹ ਹੋ ਰਾਜੇ ਹੋ ਔਰ ਹਮ ਫ਼ਕੀਰ ਹੈਂ
ਤੁਮ ਸੇ ਹਜ਼ਾਰੋਂ ਬੜ ਕੇ ਹੈਂ ਹਮ ਬੇ-ਨਜ਼ੀਰ[੬] ਹੈਂ
ਅਪਨੀ ਨਜ਼ਰ ਮੇਂ ਮਾਲ ਤੁਮ੍ਹਾਰੇ ਹਕੀਰ[੭] ਹੈਂ

ਪਰਵਾਰ ਨਹੀਂ ਹੈ ਬੇਸਰੋ ਸਾਮਾਂ[੮] ਲੜੇਂਗੇ ਹਮ
ਜ਼ਾਲਿਮ ਸੇ ਬੁਤ-ਪ੍ਰਸਤ ਸੇ ਹਾਂ ਹਾਂ ਲੜੇਂਗੇ ਹਮ

(੯੫) ਤੌਬ: ਕਰੋ ਤੋ ਤਖ਼ਤ ਤੁਮ੍ਹਾਰੇ ਬਨੇ ਰਹੇਂ
ਅਫ਼ਸਰ ਯਿਹ ਸ਼ਾਹੀ ਰਖ਼ਤ[੯] ਤੁਮ੍ਹਾਰੇ ਬਨੇ ਰਹੇਂ
ਬਿਗੜੋ ਨ: ਹਮ ਸੇ ਬਖ਼ਤ ਤੁਮ੍ਹਾਰੇ ਬਨੇ ਰਹੇਂ
ਐ ਵਾਏ[੧੦] ਦਿਲ ਜੁ ਸਖ਼ਤ ਤੁਮ੍ਹਾਰੇ ਬਨੇ ਰਹੇਂ

ਸਰਕਸ਼ ਸੇ ਬੈਰ ਕਰਨਾ ਹੈ ਆਦਤ ਗ਼ਫ਼ੂਰ[੧੧] ਕੀ
ਸਮਝੋ ਤੁਮ੍ਹੇਂ ਸੁਝਾਤੇ ਹੈਂ ਹਮ ਬਾਤ ਦੂਰ ਕੀ

(੯੬) ਸਚ ਕੋ ਮਿਟਾਓਗੇ ਤੋ ਮਿਟੋਗੇ ਜਹਾਨ ਸੇ
ਡਰਤਾ ਨਹੀਂ ਅਕਾਲ ਸ਼ਹਨਸ਼ਹ ਕੀ ਸ਼ਾਨ ਸੇ
ਉਪਦੇਸ ਅਪਨਾ ਸੁਨ ਲੋ ਜ਼ਰਾ ਦਿਲ ਕੇ ਕਾਨ ਸੇ
ਹਮ ਕਰ ਰਹੇਂ ਹੈਂ ਤੁਮ ਕੋ ਖ਼ੁਦਾ ਕੀ ਜ਼ਬਾਨ ਸੇ

ਬਾਜ਼ ਆਉ ਸ਼ਰ[੧੨] ਸੇ ਹਿੰਦੂ-ਓ-ਮੁਸਲਿਮ ਹੋ ਕੋਈ ਹੋ
ਪੰਡਿਤ ਹੋ, ਮੌਲਵੀ ਹੋ ਯਾ ਆਲਿਮ[੧੩] ਹੋ ਕੋਈ ਹੋ

---

*੧. ਤਲਵਾਰ। ੨. ਸ਼ਰਮਿੰਦਗੀ, ਪਸ਼ੇਮਾਨੀ। ੩. ਥੋੜ੍ਹੇ। ੪. ਦੁਸ਼ਮਣ। ੫. ਬਹੁਤ। ੬. ਬੇਮਿਸਾਲ ਜਿਸ ਦੀ ਉਦਾਹਰਣ ਨਾ ਮਿਲੇ। ੭. ਘਟੀਆ, ਤੁੱਛ। ੮. ਬਿਨਾਂ ਕਿਸੇ ਸਮਾਨ ਦੇ, ਖ਼ਾਲੀ-ਹੱਥ। ੯. ਸਾਜ਼ੋ-ਸਮਾਨ। ੧੦. ਅਫ਼ਸੋਸ। ੧੧. ਬਖ਼ਸ਼ਣਹਾਰਾ। ੧੨. ਬੁਰਾਈ। ੧੩. ਵਿਦਵਾਨ।*

(੯੭) ਅੰਮ੍ਰਿਤ ਬ:ਜ਼ੋਰ[੧] ਤੁਮ ਕੋ ਛਕਾਨਾ ਨਹੀਂ ਹਮੇਂ
ਹਾਂ ਸਿੱਖ ਬਜ਼ਬ੍ਰ[੨] ਤੁਮ ਕੋ ਬਨਾਨਾ ਨਹੀਂ ਹਮੇਂ
ਭਾਤਾ ਕਿਸੀ ਕੇ ਦਿਲ ਕੋ ਦੁਖਾਨਾ ਨਹੀਂ ਹਮੇਂ
ਲੜ ਭਿੜ ਕੇ ਜਮਅ਼ ਕਰਨਾ ਖ਼ਜ਼ਾਨਾ ਨਹੀਂ ਹਮੇਂ
ਸ਼ਾਹੀ ਹੈਂ ਅਪਨੇ ਠਾਠ ਮਗਰ ਯੋਂ ਫ਼ਕੀਰ ਹੈਂ
ਨਾਨਕ ਕੀ ਤਰਹ ਹਿੰਦੂ-ਓ-ਮੁਸਲਿਮ ਕੇ ਪੀਰ ਹੈਂ

(੯੮) ਤਕ਼ਰੀਰ-ਦਿਲ-ਪਜ਼ੀਰ[੩] ਸੇ ਗੁਮ ਸਬ ਕੇ ਹੋਸ਼ ਥੇ
ਨੀਚੀ ਨਜ਼ਰ ਹਰ ਇਕ ਕੀ ਥੀ ਇਸਤਾਦ:[੪] ਗੋਸ਼[੫] ਥੇ
ਬੱਚੋਂ ਕੇ ਸਾਮਨੇ ਸਭੀ ਦਾਨਾ ਖ਼ਮੋਸ਼ ਥੇ
ਨਾਜ਼ਿਮ ਕੇ ਜੀ ਮੇਂ ਬੁਗਜ਼ ਹੀ ਥਾ ਅਬ ਨ: ਜੋਸ਼ ਥੇ
ਇਤਨੇ ਮੇਂ ਸੁੱਚਾ ਨੰਦ ਵੁਹ ਦੀਵਾਨਿ-ਨਾਬਕਾਰ[੬]
ਝੁੰਝਲਾ ਕੇ ਬੋਲਾ ਹਾਏ ਵੁਹ ਸ਼ੈਤਾਨਿ-ਨਾਬਕਾਰ

(੯੯) ਕ੍ਯਾ ਖ਼ੂਬ ਹੈ ਨਵਾਬ ਭੀ ਬਾਤੋਂ ਮੇਂ ਆ ਗਏ
ਉਸ ਬੁਤ-ਸ਼ਿਕਨ[੭] ਕੇ ਬੱਚੋਂ ਕੀ ਘਾਤੋਂ ਮੇਂ ਆ ਗਏ
ਸਰਦਾਰ ਹੋ ਕੇ ਆਪ ਭੀ ਲਾਤੋਂ ਮੇਂ ਆ ਗਏ
ਸੰਭਲੋ ਕਹੀਂ ਜ਼ਵਾਲ[੮] ਕੇ ਹਾਥੋਂ ਮੇਂ ਆ ਗਏ
ਕਹਤੇ ਹੈਂ ਯਿਹ ਬੁਰਾ ਸ਼ਹੇ-ਹਿੰਦੋਸਤਾਨ ਕੋ
ਤੁਮ ਦੇਖਤੇ ਹੋ ਰਹਮ ਸੇ ਕ੍ਯੋਂ ਇਨ ਕੀ ਜਾਨ ਕੋ

(੧੦੦) ਖੇਂਚੋ ਜ਼ਬਾਨੇਂ ਬਰ-ਸਰੇ-ਦਰਬਾਰ[੯] ਐਸੋਂ ਕੀ
ਮੇਰਾ ਜੋ ਬਸ ਚਲੇ ਹੈ ਸਜ਼ਾ ਦਾਰ[੧੦] ਐਸੋਂ ਕੀ
ਦਿੱਲੀ ਮੇਂ ਜੋ ਰਪਟ ਸੁਨੇ ਸਰਕਾਰ ਐਸੋਂ ਕੀ
ਨਾਹਕ[੧੧] ਕੋ ਹਮ ਪ: ਆ ਪੜੇ ਫਿਟਕਾਰ ਐਸੋਂ ਕੀ
ਤਕਦੀਰ ਫਿਰ ਗਈ ਹੈ ਤੋ ਕੁਛ ਅਪਨਾ ਬਸ ਨਹੀਂ
ਇਨ ਪਰ ਦੁਹਾਈ ਰਾਮ ਕੀ ਖਾਨਾ ਤਰਸ ਨਹੀਂ

---

*੧. ਜ਼ੋਰ ਨਾਲ, ਜ਼ਬਰਦਸਤੀ। ੨. ਜਬਰ ਨਾਲ। ੩. ਦਿਲ ਨੂੰ ਲੁਭਾਉਣ ਵਾਲੀ ਤਕਰੀਰ। ੪. ਖੜਿਆ ਹੋਇਆ। ੫. ਕੰਨ। ੬. ਨਾਲਾਇਕ। ੭. ਬੁਤ ਨੂੰ ਤੋੜਨ ਵਾਲਾ। ੮. ਪਤਨ। ੯. ਭਰੇ ਦਰਬਾਰ ਵਿੱਚ। ੧੦. ਸੂਲੀ, ਫ਼ਾਂਸੀ। ੧੧. ਬੇਜਾ, ਫ਼ਜ਼ੂਲ।*



(੧੦੧) ਐਸਾ ਨ: ਹੋ ਕਿ ਤਖ਼ਤ ਸੇ ਤਖ਼ਤਾ ਨਸੀਬ ਹੋ
ਦੁਸ਼ਮਨ ਤੁਮ੍ਹਾਰੀ ਜਾਨ ਕਾ ਹਰ ਇਕ ਹਬੀਬ[੧] ਹੋ
ਤੁਮ ਆ਼ਲੀ-ਖਾਨਦਾਂ[੨] ਹੋ, ਸ਼ਰੀਫ਼ੋ-ਨਜੀਬ[੩] ਹੋ
ਦੇਖੋ ਬਚਾ ਰਹਾ ਹੂੰ ਗੜ੍ਹੇ ਕੇ ਕ਼ਰੀਬ ਹੋ
ਕ੍ਯੋਂ ਰਹਮ ਕਰਕੇ ਲੇਤੇ ਹੋ ਦੋਜ਼ਖ਼ ਜਹਾਨ ਮੇਂ
ਜੋੜੇ ਹੁਏ ਹੈਂ ਤੀਰ ਮੁਕੱਦਰ[੪] ਕਮਾਨ ਮੇਂ

(੧੦੨) ਮਨਜ਼ੂਰ[੫] ਜਬਕਿ ਸਾਂਪ ਕਾ ਸਰ ਭੀ ਹੈ ਤੋੜਨਾ
ਬੇਜਾ ਹੈ ਫਿਰ ਤੋ ਬੱਚ:-ਏ-ਅਫ਼ਈ[੬] ਕੋ ਛੋੜਨਾ
ਦਸਵੇਂ ਗੁਰੂ ਕਾ ਹੈ ਜੋ ਖ਼ਜ਼ਾਨਾ ਬਟੋਰਨਾ
ਬੱਚੋਂ ਕੀ ਪਹਲੇ ਬਾਪ ਸੇ ਗਰਦਨ ਮਰੋੜਨਾ
ਨਾਜ਼ਿਮ ਥਾ ਇਸ ਲਈ਼ਨ[੭] ਕੀ ਬਾਤੋਂ ਮੇਂ ਆ ਗਯਾ
ਬੇਮਿਹਰ[੮] ਬੇਧਰਮ ਕੀ ਥਾ ਘਾਤੋਂ ਮੇਂ ਆ ਗਯਾ

(੧੦੩) ਦੋ ਭਾਈ ਸ਼ੇਰ ਖ਼ਾਨ-ਓ-ਖ਼ਿਜ਼ਰ ਖ਼ਾਂ ਪਠਾਨ ਥੇ
ਮਾਲੇਰ ਕੋਟਲਾ ਕੇ ਜੁ ਮਸ਼ਹੂਰ ਖ਼ਾਨ ਥੇ
ਇਕ ਰੋਜ਼ ਆ ਕੇ ਰਨ ਮੇਂ ਲੜੇ ਕੁਛ ਜਵਾਨ ਥੇ
ਗੋਬਿੰਦ ਇਨ ਕੇ ਬਾਪ ਕੀ ਲੈ ਬੈਠੇ ਜਾਨ ਥੇ
ਨਾਜ਼ਿਮ ਨੇ, ਸੁੱਚਾ ਨੰਦ ਨੇ ਉਨ ਸੇ ਕਹਾ ਕਿ ਲੋ
ਬਦਲਾ ਪਿਦਰ[੯] ਕਾ ਇਨ ਕੇ ਲਹੂ ਕੋ ਬਹਾ ਕੇ ਲੋ

(੧੦੪) ਕਹਨੇ ਲਗੇ ਵੁਹ ਤੁਮ ਤੋਂ ਨਿਹਾਯਤ[੧੦] ਜ਼ਲੀਲ[੧੧] ਹੋ
ਨਾਮਰਦੀ ਕੀ ਬਤਾਤੇ ਜਰੀ[੧੨] ਕੋ ਸਬੀਲ[੧੩] ਹੋ
ਮੁਖ਼ਤਾਰ ਤੁਮ ਹਮਾਰੇ ਹੋ ਯਾ ਤੁਮ ਵਕੀਲ ਹੋ?
ਨਾਹਕ਼ ਬਯਾਨ ਕਰਤੇ ਜੋ ਬੋਦੀ ਦਲੀਲ ਹੋ
ਬਦਲਾ ਹੀ ਲੇਨਾ ਹੋਗਾ ਤੋ ਹਮ ਲੇਂਗੇ ਬਾਪ ਸੇ
ਮਹਫ਼ੂਜ਼ ਰੱਖੇ ਹਮ ਕੋ ਖ਼ੁਦਾ ਐਸੇ ਪਾਪ ਸੇ

---

*੧. ਦੋਸਤ। ੨. ਉੱਚੇ ਖ਼ਾਨਦਾਨ ਵਾਲਾ। ੩. ਸ਼ਰੀਫ, ਅਸੀਲ । ੪. ਭਾਗ, ਤਕਦੀਰ। ੫. ਮਨੋਰਥ, ਮੰਤਵ। ੬. ਸੱਪ ਦਾ ਬੱਚਾ । ੭. ਲ੍ਹਾਨਤੀ। ੮. ਨਿਰਦਈ, ਜ਼ਾਲਿਮ। ੯. ਪਿਤਾ। ੧੦. ਬਹੁਤ। ੧੧. ਬੇਇਜ਼ਤਾ, ਕਮੀਨਾ। ੧੨. ਬਹਾਦਰ। ੧੩. ਰਸਤਾ, ਤਰੀਕਾ।*

(੧੦੫) ਝਾੜੂ ਖਾ ਸਾ ਕੇ ਦੋਨੋਂ ਸ਼ਰਮਸ਼ਾਰ[੧] ਹੋ ਗਏ
ਜੱਲਾਦ[੨] ਸਾਰੇ ਕ਼ਤ੍ਲ ਸੇ ਬੇਜ਼ਾਰ[੩] ਹੋ ਗਏ
ਜ਼੍ਯਾਦ: ਦਲੇਰ ਫਿਰ ਸਿਤਮ-ਆਜ਼ਾਰ[੪] ਹੋ ਗਏ
ਦੀਵਾਰ ਮੇਂ ਚੁਨਾਨੇ ਕੋ ਤੈਯਾਰ ਹੋ ਗਏ
ਈਂਟੇਂ ਮੰਗਾਈ ਚੂਨਾ ਭੀ ਫ਼ੌਰਨ ਬਹਮ[੫] ਕਿਯਾ
ਯਾਰਾਂ[੬] ਨਹੀਂ ਬਯਾਨ ਕਾ ਫਿਰ ਜੋ ਸਿਤਮ[੭] ਕਿਯਾ

(੧੦੬) ਲਪਕੇ ਲਈਨ[੮] ਦੋਨੋਂ ਵੁਹ ਸ਼ਹਸ਼ਾਦਗਾਨ[੯] ਪਰ
ਹਮਲਾ ਕਿਯਾ ਜ਼ਲੀਲੋਂ ਨੇ ਹਰ ਆਲੀਸ਼ਾਨ[੧੦] ਪਰ
ਥਾ ਇਨ ਕਾ ਕਿੱਸਾ ਲੇ ਕੇ ਚਲੇਂ ਅਬ ਮਚਾਨ ਪਰ
ਬੁਨਿਯਾਦ ਥੀ ਧਰਮ ਕੀ ਖੁਦੀ ਜਿਸ ਮਕਾਨ ਪਰ
ਸਤਗੁਰ ਕੇ ਲਾਲ ਬੋਲੇ "ਨ: ਛੂਨਾ ਹਮਾਰੇ ਸਾਥ
ਗੜਨੇ ਹਮ ਆਜ ਜ਼ਿੰਦ: ਚਲੇਂਗੇ ਖ਼ੁਸ਼ੀ ਕੇ ਸਾਥ"

(੧੦੭) ਹਾਥੋਂ ਮੇਂ ਹਾਥ ਡਾਲ ਕੇ ਦੋਨੋਂ ਵਹ ਨੌਨਿਹਾਲ
ਕਹਤੇ ਹੁਏ ਜ਼ਬਾਂ ਸੇ ਬੜ੍ਹੇ ਸਤਿ ਸ੍ਰੀ ਅਕਾਲ
ਚਿਹਰੋਂ ਪ: ਗ਼ਮ ਕਾ ਨਾਮ ਨ: ਥਾ ਔਰ ਨ: ਥਾ ਮਲਾਲ
ਜਾ ਠਹਰੇ ਸਰ ਪ: ਮੌਤ ਕੇ ਫਿਰ ਭੀ ਨ: ਥਾ ਖ਼ਯਾਲ
ਜਿਸ ਦਮ ਗਲੇ ਗਲੇ ਥੇ ਵੁਹ ਮਅ਼ਸੂਮ ਗੜ ਗਏ
ਦਿਨ ਛੁਪਨੇ ਭੀ ਨ: ਪਾਯਾ ਕਿ ਕ਼ਾਤਿਲ ਉਜੜ ਗਏ

(੧੦੮) ਦੀਵਾਰ ਕੇ ਦਬਾਓ ਸੇ ਜਬ ਹਬਸਿ-ਦਮ[੧੧] ਹੁਆ
ਦੌਰਾਨਿ[੧੨] ਖ਼ੂਨ ਰੁਕਨੇ ਲਗਾ, ਸਾਂਸ ਕਮ ਹੁਆ
ਫ਼ਰਮਾਏ ਦੋਨੋਂ ਹਮ ਪ: ਬਜ਼ਾਹਿਰ[੧੩] ਸਿਤਮ[੧੪] ਹੁਆ
ਬਾਤਿਨ਼[੧੫] ਮੇਂ ਪੰਥ ਪਰ ਹੈ ਖ਼ੁਦਾ ਕਾ ਕਰਮ[੧੬] ਹੁਆ
ਸਦ ਸਾਲ ਔਰ ਜੀ ਕੇ ਭੀ ਮਰਨਾ ਜ਼ਰੂਰ ਥਾ
ਸਰ ਕੌਮ ਸੇ ਬਚਾਨਾ ਯਿਹ ਗ਼ੈਰਤ[੧੭] ਸੇ ਦੂਰ ਥਾ

*੧. ਸ਼ਰਮਿੰਦਾ। ੨. ਮਾਰਨ ਵਾਲਾ, ਕਤਲ ਕਰਨ ਵਾਲਾ। ੩. ਉਦਾਸੀਨ, ਬੇਦਿਲ। ੪. ਜ਼ਾਲਿਮ। ੫. ਕੱਠਾ। ੬.ਤਾਕਤ। ੭. ਜ਼ੁਲਮ। ੮. ਲ੍ਹਾਨਤੀ। ੯. ਸ਼ਾਹਜ਼ਾਦਾ ਦਾ ਬਹੁਵਚਨ। ੧੦. ਉੱਚੀਆਂ ਸ਼ਾਨਾਂ ਵਾਲਾ। ੧੧. ਦਮ ਘੁਟਣਾ। ੧੨. ਦੌਰਾ। ੧੩. ਜ਼ਾਹਿਰਾ ਤੌਰ ' ਤੇ। ੧੪. ਜ਼ੁਲਮ । ੧੫. ਅੰਦਰੂਨੀ ਤੌਰ 'ਤੇ। ੧੬. ਬਖ਼ਸ਼ਿਸ਼, ਰਹਿਮਤ। ੧੭. ਸ਼ਰਮ ।*



(੧੦੯) ਹਮ ਜਾਨ ਦੇ ਕੇ ਔਰੋਂ ਕੀ ਜਾਨੇਂ ਬਚਾ ਚਲੇ
ਸਿੱਖੀ ਕੀ ਨੀਵ ਹਮ ਹੈਂ ਸਰੋਂ ਪਰ ਉਠਾ ਚਲੇ
ਗੁਰਿਆਈ ਕਾ ਹੈ ਕਿੱਸਾ ਜਹਾਂ ਮੇਂ ਬਨਾ ਚਲੇ
ਸਿੰਘੋਂ ਕੀ ਸਲਤਨਤ ਕਾ ਹੈ ਪੌਦ: ਲਗਾ ਚਲੇ
ਗੱਦੀ ਸੇ ਤਾਜੋ-ਤਖ਼੍ਤ ਬਸ ਅਬ ਕੌਮ ਪਾਏਗੀ
ਦੁਨੀਆ ਸੇ ਜ਼ਾਲਿਮੋਂ ਕਾ ਨਿਸ਼ਾਂ ਤਕ ਮਿਟਾਏਗੀ

(੧੧੦) ਠੋਡੀ ਤਕ ਈਂਟੇਂ ਚੁਨ ਦੀ ਗਈਂ ਮੂੰਹ ਤਕ ਆ ਗਈਂ
ਬੀਨੀ[੧] ਕੋ ਢਾਂਪਤੇ ਹੀ ਵੁਹ ਆਖੋਂ ਪ: ਛਾ ਗਈਂ
ਹਰ ਚਾਂਦ ਸੀ ਜਬੀਨ[੨] ਕੋ ਘਨ[੩] ਸਾ ਲਗਾ ਗਈਂ
ਲਖ਼੍ਤੇ-ਜਿਗਰ[੪] ਗੁਰੂ ਕੇ ਵੁਹ ਦੋਨੋਂ ਛੁਪਾ ਗਈਂ
ਜੋਗੀ ਜੀ ਇਸ ਕੇ ਬਅਦ ਹੁਈ ਥੋੜੀ ਦੇਰ ਥੀ
ਬਸਤੀ ਸਰਹਿੰਦ ਸ਼ਹਿਰ ਕੀ ਈਂਟੋਂ ਕਾ ਢੇਰ ਥੀ

*ਲੇਖਕ- ਅਲਹ ਯਾਰ ਖ਼ਾਂ 'ਜੋਗੀ'*

*੧.ਨੱਕ।੨. ਮੱਥਾ। ੩. ਗ੍ਰਹਣ। ੪. ਜਿਗਰ ਦੇ ਟੋਟੇ।*

# ਗੰਜਿ-ਸ਼ਹੀਦਾਂ

੧

ਜਿਸ ਦਮ ਹੂਏ ਚਮਕੌਰ ਮੇਂ ਸਿੰਘੋਂ ਕੇ ਉਤਾਰੇ।
ਝੁਲਾਏ ਹੂਏ ਸ਼ੇਰ ਥੇ ਸਭ ਗ਼ੈਜ਼[੧] ਕੇ ਮਾਰੇ।
ਆਖੋਂ ਸੇ ਨਿਕਲਤੇ ਥੇ ਦਿਲੇਰੋਂ ਕੇ ਸ਼ਰਾਰੇ[੨]।
ਸਤਿਗੁਰ ਕੇ ਸਿਵਾ ਔਰ ਗ਼ਜ਼ਬਨਾਕ[੩] ਥੇ ਸਾਰੇ।
ਗੁੱਸੇ ਸੇ ਨਜ਼ਰ ਜਾਤੀ ਥੀ ਅਫਵਾਜਿ[੪] ਅੱਦੂ ਪਰ।
ਤੇਗ਼ੇ ਸੇ ਨਿਗਾਹ ਪੜਤੀ ਥੀ ਦੁਸ਼ਮਨੋ ਕੇ ਗਲੂ[੫] ਪਰ।

੨

ਜਬ ਦੂਰ ਸੇ ਦਰਯਾ ਕੇ ਕਿਨਾਰੇ ਨਜ਼ਰ ਆਏ।
ਡੂਬੇ ਹੂਏ ਸਰਸਾ ਮੇਂ ਪਿਆਰੇ ਨਜ਼ਰ ਆਏ।
ਯਿਹ ਦੇਖ ਕੇ ਬਿਗੜੇ ਹੂਏ ਸਾਰੇ ਨਜ਼ਰ ਆਏ।
ਬਿੱਫਰੇ ਹੂਏ ਸਤਿਗੁਰ ਕੇ ਦੁਲਾਰੇ ਨਜ਼ਰ ਆਏ।
ਕਹਤੇ ਥੇ ਇਜਾਜ਼ਤ ਹੀ ਨਹੀਂ ਹੈ ਹਮੇਂ ਰਨ ਕੀ।
ਮੱਟੀ ਤਕ ਉੜਾ ਸਕਤੇ ਹੈਂ ਦੁਸ਼ਮਨ ਕੇ ਚਮਨ ਕੀ।

੧. ਗੁੱਸਾ ।੨. ਚੰਗਿਆੜੇ । ੩. ਗੁੱਸੇ ਨਾਲ ਭਰੇ ਹੋਏ। ੪. ਵੈਰੀ ਦਲ। ੫. ਘੰਡੀ, ਗਲ਼।



੩

ਤੂਫਾਂ-ਜ਼ਦਹ ਦਰੀਆ ਕੋ ਅਬੀ ਪਾਰ ਕਰੇਂਗੇ।
ਠੋਕਰ ਸੇ ਹਰ ਇਕ ਮੌਜ[੧] ਕੋ ਹਮਵਾਰ ਕਰੇਂਗੇ।
ਬਦ-ਅੱਹਦ ਸਿਤਮਗਾਰੋਂ ਸੇ ਪੈਕਾਰ[੨] ਕਰੇਂਗੇ।
ਹਮ ਦੋਨੋਂ ਹੀ ਦਸ ਲਾਖ ਕੋ ਫ਼ਿੱਨਾਰ[੩] ਕਰੇਂਗੇ।
ਦਾਦੀ ਹੈ ਕਿਧਰ, ਮਾਈ ਕਿਧਰ, ਭਾਈ ਕਹਾਂ ਹੈਂ।
ਆਂਖੋ ਸੇ ਕਈ ਖਾਲਸੇ ਪਿਆਰੇ ਭੀ ਨਿਹਾਂ[੪] ਹੈਂ।

੪

ਧੋਖਾ ਦੀਆ ਹਰ ਸਿੰਘ ਕੋ ਪੈਮਾਨ-ਸ਼ਿਕਨੋ[੫] ਨੇ।
ਬੇ-ਮਿਹਰੋਂ ਨੇ ਬੇ-ਧਰਮੋਂ ਨੇ ਈਮਾਨ-ਸ਼ਿਕਨੋਂ ਨੇ।
ਜਬ ਇਤਨਾ ਕਹਾ ਜੁੱਲ[੬] ਦੀਆ ਅਹਿਸਾਨ-ਸ਼ਿਕਨੋ ਨੇ।
ਪੇਸ਼ਾਨੀ ਪਿ ਬਲ ਡਾਲੇ ਪ੍ਰੇਸ਼ਾਨ-ਸ਼ਿਕਨੋਂ ਨੇ।
ਥੇ ਚੀਂ[੭] ਬ-ਜਬੀ[੮] ਲਹਿਰੀਆ ਸ਼ੀਸ਼ੇ ਮੇਂ ਪੜੀ ਥੀ।
ਮਾਥੇ ਪੇ ਪਸੀਨਾ ਥਾ ਯਾ ਅਫਸ਼ਾਂ[੯] ਸੀ ਜੜੀ ਥੀ।

੫

ਇਤਨੇ ਮੇਂ ਮੁਖ਼ਾਤਬ ਹੂਏ ਸਤਿਗੁਰੂ ਗੁਰੂ ਗੋਬਿੰਦ।
ਵੁਹ ਸਾਬਰੁ ਸ਼ਾਕਰ ਵੁਹ ਬਹਾਦੁਰ ਗੁਰੂ ਗੋਬਿੰਦ।
ਰਸਤੇ ਮੇਂ ਗਵਾ ਆਏ ਥੇ ਦੋ ਦੁਰ[੧੦] ਗੁਰੂ ਗੋਬਿੰਦ।
ਥੇ ਗ਼ਮ ਕੀ ਜਗਹ ਸ਼ਾਂਤੀ ਸੇ ਪੁਰ ਗੁਰੂ ਗੋਬਿੰਦ।
ਫੁਰਮਾਏ ਵੁਹ ਸਭ ਸੇ: 'ਨਹੀਂ ਮੌਕਾ ਯਿਹ ਗ਼ਜ਼ਬ[੧੧] ਕਾ।
ਪੂਰਾ ਯਹੀ ਕੁੱਲੁ ਹੋਗਾ, ਇਰਾਦਾ ਮੇਰੇ ਰਬ ਕਾ ।'

੬

ਜਿਸ ਖ਼ਿੱਤੇ[੧੨] ਮੇਂ ਹਮ ਕਹਿਤੇ ਥੇ ਆਨਾ ਯਿਹ ਵੁਹੀ ਹੈ।
ਕਲ ਲੁਟ ਕੇ ਜਿਸ ਜਗਹ ਸੇ ਜਾਨਾ ਯਿਹ ਵੁਹੀ ਹੈ।

੧. ਲਹਿਰ, ਤਰੰਗ। ੨. ਜੁੱਧ। ੩. ਨਰਕ ਦੀ ਅੱਗ 'ਚ ਝੋਕਣਾ। ੪. ਲੁਕੇ ਹੋਏ। ੫. ਬਚਨ ਭੰਗ ਕਰਨ ਵਾਲਿਆਂ। ੬. ਛਲ, ਧੋਖਾ। ੭. ਬਿਨਾਂ ਵੱਟ। ੮. ਮੱਥੇ ਪਰ। ੯. ਕਣੀਆਂ ਪਈਆਂ ਹੋਈਆਂ। ੧੦. ਮੋਤੀ, ਲਾਲ, ਬੱਚੇ । ੧੧. ਗੁੱਸਾ। ੧੨. ਧਰਤੀ ਦਾ ਟੁਕੜਾ, ਇਲਾਕਾ ।

ਜਿਸ ਜਾ ਪਿ ਹੈ ਬੱਚੋਂ ਕੋ ਕਟਾਨਾ ਯਿਹ ਵੁਹੀ ਹੈ।
ਮੱਟੀ ਕਹਿ ਦੇਤੀ ਹੈ ਠਿਕਾਨਾ ਯਿਹ ਵੁਹੀ ਹੈ।
ਇਕ ਮੋਰਚੇ ਮੇਂ ਫ਼ਿਰ ਵਹੀਂ ਸੂਕਾਰ ਦਰ[੧] ਆਏ।
ਜਾ ਪਹੁੰਚੇ ਅਕਾਲੀ ਵਹੀਂ ਸਤਿਗੁਰ ਜਿਧਰ ਆਏ।

੭

ਜਬ ਕਿਲੱਾ ਮੇਂ ਉਤਰੀ ਥੀ ਸਤਿਗੁਰ ਕੀ ਸਵਾਰੀ।
ਵਾਹਿਗੁਰੂ ਕੀ ਫ਼ਤਿਹ ਦਲੇਰੋਂ ਨੇ ਪੁਕਾਰੀ।
ਵੁਹ ਹੁਮ ਹੁਮਾ[੨] ਸ਼ੇਰੋਂ ਕਾ ਵੁਹ ਅਵਾਜ਼ ਥੀ ਭਾਰੀ।
ਥੱਰਰਾ ਗਿਆ ਚਮਕੌਰ ਹੂਆ ਜ਼ਲਜ਼ਲਾ[੩] ਤਾਰੀ।
ਸਕਤੇ[੪] ਮੇਂ ਖੁਦਾਈ ਥੀ ਤੋ ਹੈਰਤ ਮੇਂ ਜਹਾਂ ਥਾ।
ਨੱਾਰਾ ਸੇ ਹੂਆ ਚਰਖ਼ ਭੀ ਸਾਕਨ[੫] ਯਿਹ ਗੁਮਾਂ ਥਾ।

੮

ਖ਼ੈਮੇ ਕੀਏ ਇਸਤਾਦਹ[੬] ਵਹੀਂ ਉਠ ਕੇ ਕਿਸੀ ਨੇ।
ਖੋਲ੍ਹੀ ਕਮਰ ਆਰਾਮ ਕੋ ਹਰ ਏਕ ਜਰੀ[੭] ਨੇ।
ਰਹਰਾਸਿ ਕਾ ਦੀਵਾਨ ਸਜਾਇਆ ਗੁਰੂ ਜੀ ਨੇ।
ਮਿਲ-ਜੁਲ ਕੇ ਸਰਿ-ਸ਼ਾਮ ਭਜਨ ਗਾਏ ਸਭੀ ਨੇ।
ਖਾਨਾ ਕਈ ਵਕਤੋਂ ਸੇ ਮੁਯੱਸਰ[੮] ਨ ਥਾ ਆਯਾ।
ਇਸ ਸ਼ਾਮ ਭੀ ਸ਼ੇਰੋਂ ਨੇ ਕੜਾਕਾ ਹੀ ਉਠਾਯਾ।

੯

ਕੁਛ ਲੇਟ ਗਏ ਖ਼ਾਕ ਪਿ ਜ਼ੀਂ-ਪੋਸ਼[੯] ਬਿਛਾ ਕਰ।
ਪਹਿਰਾ ਲਗੇ ਦੇਨੇ ਕਈ ਤਲਵਾਰ ਉਠਾ ਕਰ।
ਗੋਬਿੰਦ ਭੀ ਸ਼ਬਬਾਸ਼[੧੦] ਹੂਏ ਖੈਮਾ ਮੇਂ ਜਾ ਕਰ।
ਦੇਖਾ ਤੋ ਵਹਾਂ ਬੈਠੇ ਹੈਂ ਗਰਦਨ ਕੋ ਝੁਕਾ ਕਰ।

---

੧. ਅੰਦਰ। ੨. ਸ਼ੇਰ ਦੀ ਗਰਜ਼ । ੩. ਭੂਚਾਲ। ੪. ਸੁੰਨ-ਮੁਨ। ੫.ਅਚਲ । ੬. ਖੜੇ । ੭. ਦਿਲਾਵਰ। ੮. ਪ੍ਰਾਪਤਿ । ੯. ਘੋੜੇ ਦੀ ਕਾਠੀ-ਉਤਲਾ ਬਸਤਰ । ੧੦. ਰੈਣ ਬਸੇਰਾ ਕਰਨ ਵਾਲੇ ।



"ਵਾਹਗੁਰੂ" "ਵਾਹਗੁਰੂ" ਹੈ ਮੂੰਹ ਸੇ ਨਿਕਲਤਾ।
"ਹੈ ਤੂ ਹੀ ਤੂ!'' "ਤੂ ਹੀ ਤੂ!!" ਹੈ ਮੂੰਹ ਸੇ ਨਿਕਲਤਾ ।

੧੦

ਜਬ ਡੇਢ ਘੜੀ ਰਾਤ ਗਈ ਜ਼ਿਕਰਿ-ਖੁਦਾ ਮੇਂ।
ਖ਼ੈਮੇ ਸੇ ਨਿਕਲ ਆਏ ਸੂਕਾਰ[੧] ਹਵਾ ਮੇਂ।
ਕਦਮੋਂ ਸੇ ਟਹਿਲਤੇ ਥੇ ਮਗਰ ਦਿਲ ਥਾ ਦੂਆੱ ਮੇਂ ।
ਬੋਲੇ:"ਯੈ ਖੁਦਾਵੰਦ! ਹੂੰ ਖੁਸ਼ ਤੇਰੀ ਰਜ਼ਾ ਮੇਂ ।"
ਕਰਤਾਰ ਸੇ ਕਹਿਤੇ ਥੇ ਗ਼ੋਯਾ ਰੂ-ਬ-ਰੂ ਹੋ ਕਰ!
ਕੱਲ ਜਾਊਂਗਾ ਚਮਕੌਰ ਸੇ ਮੈਂ ਸੁਰਖਰੂ ਹੋ ਕਰ !

੧੧

"ਮੈਂ ਤੇਰਾ ਹੂੰ, ਬੱਚੇ ਭੀ ਮੇਰੇ ਤੇਰੇ ਹੈਂ ਮੌਲਾ!
ਥੇ ਤੇਰੇ ਹੀ, ਹੈਂ ਤੇਰੇ, ਰਹੇਂਗੇ ਤੇਰੇ ਦਾਤਾ!
ਜਿਸ ਹਾਲ ਮੇਂ ਰੱਖੇਂ ਤੂ, ਵੁਹੀ ਹਾਲ ਹੈ ਅੱਛਾ!
ਜੁਜ਼[੨] ਸ਼ੁਕਰ ਕੇ ਆਨੇ ਕਾ ਜ਼ਬਾਂ ਪ੍ਰ ਨਹੀਂ ਸ਼ਿਕਵਾ![੩]
ਲੇਟੇ ਹੂਏ ਹੈਂ ਖਾਲਸਾ ਜੀ ਆਜ ਜ਼ਮੀਂ ਪਰ।
ਕਿਸ ਤਰਹ ਸੇ ਚੈਨ ਆਏ ਹਮੇਂ ਸ਼ਾਹਿ-ਨਸ਼ੀ[੪] ਪਰ!"

੧੨

ਯਿਹ ਕਹਿ ਕੇ ਗੁਰੂ ਲਸ਼ਕਰਿ ਖੁੱਫ਼ਤਾ[੫] ਮੇ ਦਰ ਆਏ।
ਪਹਰੇ ਪਿ ਜਵਾਂ ਊਂਘਤੇ ਅਕਸਰ ਨਜ਼ਰ ਆਏ।
ਯੂੰ ਹਰ ਜਗਾ ਖਾਮੋਸ਼ ਗਏ ਬੇਖਬਰ ਆਏ।
ਸੋਏ ਹੂਏ ਬੱਚੇ ਕੇ ਕਰੀਂ[੬] ਜੂੰ ਪਦਰ[੭] ਆਏ।
ਗ਼ਰਜ਼ਿ ਕਿ ਦਬੇ ਪਾਉਂ ਟਹਿਲਨੇ ਲਗੇ ਸਤਿਗੁਰ।
ਭਗਤੀ ਸੇ ਮੁਰੀਦੋਂ ਕੀ ਬਹਿਲਨੇ[੮] ਲਗੇ ਸਤਿਗੁਰ।

---

੧. ਗੁਰੂ ਜੀ। ੨. ਸਿਵਾਇ, ਬਿਨਾ। ੩. ਗਿਲਾ, ਨਿਹੋਰਾ। ੪. ਬਾਦਸ਼ਾਹ ਦੇ ਬੈਠਣ ਦੀ ਥਾਂ,ਗੁਦੈਲੀ ਸੇਜ, ਕੂਲਾ ਬਿਸਤਰਾ। ੫. ਸੁਤੇ ਹੋਏ ਲਸ਼ਕਰ ਵਿੱਚ। ੬. ਨੇੜੇ। ੭. ਪਿਤਾ, ਬਾਪੂ। ੮. ਪਰਚਣ।

੧੩

ਸਾਫੇ ਕਬੀ ਸਿੰਘੋਂ ਕੇ ਉਠਾਤੇ ਥੇ ਜ਼ਮੀਂ ਸੇ।
ਕੇਸ ਇਸ ਕੇ ਜੋ ਝਾੜੇ ਤੋ ਲੀ ਖ਼ਾਕ ਉਸੀ ਕੀ ਜ਼ਬੀਂ[੧] ਸੇ।
ਸਰ ਠੀਕ ਕੀਏ, ਸਰਕੇ ਹੂਏ ਬਾਲਿਸ਼ਿ-ਜ਼ੀ[੨] ਸੇ।
ਤਰਤੀਬ ਦੀ ਹਰ ਚੀਜ਼ ਕੋ ਲਾ ਲਾ ਕੇ ਕਹੀਂ ਸੇ।
ਹਾਸ਼ਾ! ਕਿਸੀ ਮੁਰਸ਼ਦ ਮੇਂ ਯਿਹ ਈਸਾਰ[੩] ਨਹੀਂ ਹੈ।
ਯਿਹ ਪਿਆਰ ਕਿਸੀ ਪੀਰ ਮੇਂ ਜ਼ਿਨਹਾਰ[੪] ਨਹੀਂ ਹੈ।

੧੪

ਥੇ ਦੇਖਤੇ ਹਰ ਇਕ ਕੋ ਗੁਰੂ ਦੀਦਾਇ ਤਰ[੫] ਸੇ।
ਉਲ਼ਫ਼ਤ[੬] ਕੀ ਨਿਗਾਹੋਂ ਸੇ ਮੁਹੱਬਤ ਕੀ ਨਜ਼ਰ ਸੇ।
ਬਾਂਧੇ ਹੂਏ ਪਟਕਾ ਪਇ-ਖਿਦਮਤ[੭] ਥੇ ਕਮਰ ਸੇ।
ਥਾ ਜਾਗਤਾ ਕੋਈ ਤੋ ਸਰਕ ਜਾਤੇ ਥੇ ਸਰ ਸੇ।
ਨਫਰਤ ਥੀ ਯਹਾਂ ਤਕ ਸ਼ਹਿ ਵਾਲਾ[੮] ਕੋ ਰਿਆ[੯] ਸੇ।
ਨੇਕੀ ਕੋ ਛੁਪਾਤੇ ਥੇ ਸਦਾ ਮਾ ਉ-ਸ਼ੁਮਾ[੧੦] ਸੇ।

੧੫

ਜਿਨ ਸਿੰਘੋਂ ਨੇ ਕਲ ਮੌਤ ਕੇ ਸਾਹਿਲ[੧੧] ਥਾ ਉਤਰਨਾ।
ਕਲ ਸੁਬਹ ਥਾ ਜਿਨ ਖਾਲਸੋਂ ਨੇ ਜੰਗ ਮੇਂ ਮਰਨਾ।
ਬਾਲੀਂ[੧੨] ਸੇ ਸ਼ਹੀਦੋਂ ਕੇ ਹੂਆ ਜਬਕਿ ਗੁਜ਼ਰਨਾ।
ਮੁਸ਼ਕਲ ਹੂਆ ਇਸ ਜਾ ਸੇ ਕਦਮ ਆਗੇ ਕੋ ਧਰਨਾ।
ਚੂੰਮਾਂ ਕਭੀ ਹਲਕੂਮ[੧੩] ਦਹਨ[੧੪] ਚੂੰਮਨੇ ਬੈਠੇ।
ਜਬ ਪਾਇੰਤੀ[੧੫] ਆਏ ਤੋ ਚਰਨ ਚੂੰਮਨੇ ਬੈਠੇ।

---

੧. ਮੁਖੜਾ। ੨. ਕਾਠੀ ਦਾ ਸਿਰਹਾਣਾ। ੩. ਪਰਉਪਕਾਰ, ਪਰਾਈ ਭਲਾਈ। ੪. ਕਦਾਚਿਤ। ੫. ਡਲ੍ਹਕਦੇ ਨੈਣਾਂ (ਨਾਲ) । ੬. ਮਿੱਤ੍ਰਾਨਾ ਪਿਆਰ। ੭. ਸੇਵਾ ਵਿੱਚ ਮਗਨ। ੮. ਉੱਚ ਪਾਏ ਦੇ ਪਾਤਿਸ਼ਾਹ। ੯. ਦਿਖਾਵਾ, ਪਖੰਡ। ੧੦. ਅਸਾਂ ਤੁਸਾਂ (ਕੋਲੋਂ) ।੧੧. ਕਿਨਾਰਾ। ੧੨. ਸਿਰਹਾਣਾ। ੧੩. ਘੰਡੀ, ਗਲ਼। ੧੪. ਮੂੰਹ। ੧੫. ਪੈਂਦ, ਪੈਰਾਂ ਵੱਲ ।



੧੬

ਫਰਮਾਏ: ਸਹਰ[੧] ਸੋ ਕੇ ਯਿਹ ਹੁਸ਼ਿਆਰ ਨੇ ਹੋਂਗੇ।
ਅਬ ਹੋ ਕੇ ਯਿਹ ਫਿਰ ਨੀਂਦ ਸੇ ਬੇਦਾਰ ਨ ਹੋਂਗੇ।
ਹਮ ਹੋਂਗੇ ਮੁਸੀਬਤ ਮੇਂ ਮਗਰ ਯਾਰ ਨ ਹੋਂਗੇ।
ਯਿਹ ਸਿੰਘ ਪਿਆਰੇ ਯਿਹ ਵਫਾਦਾਰ ਨ ਹੋਂਗੇ।
ਸੋਏ ਹੂਏ ਸ਼ੇਰੋਂ ਕੋ ਗਲੇ ਅਪਨੇ ਲਗਾਯਾ।
ਸਤਿਗੁਰ ਨੇ ਦਲੇਰੋਂ ਕੋ ਗਲੇ ਅਪਨੇ ਲਗਾਯਾ।

੧੭

ਇਨਸਾਫ ਕਰੇ ਜੀ ਮੇਂ ਜ਼ਮਾਨਾ ਤੋ ਯਕੀਂ ਹੈ।
ਕਹਿ ਦੇ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ।
ਯਿਹ ਪਿਆਰ ਮੁਰੀਦੋਂ ਸੇ ਸ਼ਫਕਤ[੨] ਭੀ ਕਹੀਂ ਹੈ?
ਭਗਤੀ ਮੇਂ ਗੁਰੂ ਅਰਸ਼[੩] ਹੈ ਸੰਸਾਰ ਜ਼ਮੀਂ ਹੈ।
ਉਲਫਤ ਕੇ ਯਿਹ ਜਜ਼ਬੇ ਨਹੀਂ ਦੇਖੇ ਕਹੀਂ ਹਮਨੇਂ।
ਹੈ ਦੇਖਨਾ ਇਕ ਬਾਤ, ਸੁਨੇ ਭੀ ਨਹੀਂ ਹਮਨੇਂ।

੧੮

ਕਰਤਾਰ ਕੀ ਸੁਗੰਦ ਹੈ ਨਾਨਕ ਕੀ ਕਸਮ ਹੈ।
ਜਿਤਨੀ ਭੀ ਹੋ ਗੋਬਿੰਦ ਕੀ ਤੱਾਰੀਫ਼ ਵੁਹ ਕਮ ਹੈ।
ਹਰਚੰਦ[੪] ਮੇਰੇ ਹਾਥ ਮੇਂ ਪੁਰ ਜ਼ੋਰ ਕਲਮ ਹੈ।
ਸਤਿਗੁਰ ਕੇ ਲਿਖੂੰ ਵਸਫ[੫] ਕਹਾਂ ਤਾਬਿ-ਰਕਮ[੬] ਹੈ।
ਇਕ ਆਂਖ ਸੇ ਕਿਆ ਬੁਲਬੁਲਾ ਕੁਲ ਬਹਿਰ[੭] ਕੋ ਦੇਖੇ!
ਸਾਹਿਲ ਕੋ, ਯਾ ਮੰਝਧਾਰ ਕੋ, ਯਾ ਲਹਰ ਕੋ ਦੇਖੇ!

੧੯

ਮੱਦਾਹ[੮] ਹੂੰ ਨਾਨਕ ਕਾ ਸਨਾ-ਖ਼ਾਂ[੯] ਹੂੰ ਤੋ ਤੇਰਾ।
ਪਿਨਹਾਂ[੧੦] ਹੂੰ ਤੋ ਤੇਰਾ, ਨੁਮਾਯਾ[੧੧] ਹੂੰ ਤੋ ਤੇਰਾ।

---

੧. ਸਵੇਰ ਸਾਰ । ੨. ਮਿਹਰਬਾਨੀ, ਕ੍ਰਿਪਾ। ੩. ਆਕਾਸ਼। ੪. ਭਾਵੇਂ। ੫. ਖ਼ੂਬੀਆਂ। ੬. ਲਿਖਣ ਸ਼ਕਤੀ। ੭. ਸਮੁੰਦਰ। ੮. ਵਡਿਆਈ ਕਰਨ ਵਾਲਾ। ੯. ਸਲਾਹੁਣ ਵਾਲਾ ।੧੦. ਗੁਪਤ । ੧੧. ਪ੍ਰਗਟ ।

ਸ਼ਾਦਾਂ[1] ਹੂੰ ਤੋ ਤੇਰਾ, ਸਨਾ-ਖਾਂ ਹੂੰ[2] ਤੋ ਤੇਰਾ।
ਹਿੰਦੂ ਹੂੰ ਤੋ ਤੇਰਾ ਮੁਸਲਮਾਨ ਹੂੰ ਤੋ ਤੇਰਾ।
ਕੁਰਬਾਨੀਆਂ ਕੀਂ ਤੂ ਨੇ ਬਹੁਤ ਰਾਹੇ-ਹੁਦਾ[3] ਮੇ।
ਦਰਜਾ ਹੈ ਤੇਰਾ ਖ਼ਾਸ ਹੀ ਖ਼ਾਸਾਨਿ-ਖ਼ੁਦਾ[4] ਮੇ।

੨੦

ਐ ਸਤਿਗੁਰੂ ਗੋਬਿੰਦ ਤੂੰ ਵੁਹ ਅਬਰਿ ਕਰਮ[5] ਹੈ।
ਐ ਸਤਿਗੁਰੂ ਗੋਬਿੰਦ ਤੂੰ ਵੁਹ ਅਬਰਿ-ਹਮਮ[6] ਹੈ।
ਸਾਨੀ ਤੇਰਾ 'ਦਾਰਾ' ਥਾ 'ਸਕੰਦਰ' ਹੈ ਨਾ ਜਮ ਹੈ।
ਖਾਤਾ ਤੇਰੇ ਕਰਮੋਂ ਕੀ 'ਫਰੀਦੂੰ' ਭੀ ਕਸਮ ਹੈ।
'ਹਾਤਮ' ਕਾ ਸਖਾਵਤ[7] ਸੇ ਅਗਰ ਨਾਮ ਭੁਲਾਇਆ।
ਜੁਰੱਤ[8] ਸੇ ਹਮੇ 'ਰੁਸਤਮੁ' 'ਬਹਰਾਮ' ਭੁਲਾਇਆ।

੨੧

ਕਿਸ ਸ਼ਾਨ ਕਾ ਰੁਤਬਾ ਤੇਰਾ ਅੱਲਹੁ ਗ਼ਨੀ[9] ਹੈ।
ਮਿਸਕੀਨ[10] ਗ਼ਰੀਬੋਂ ਮੇਂ ਦਲੇਰੋਂ ਮੇ ਜਰੀ[11] ਹੈ।
'ਅੰਗਦ' ਹੈ 'ਅਮਰਦਾਸ' ਹੈ 'ਅਰਜੁਨ' ਭੀ ਤੂ ਹੀ ਹੈ।
'ਨਾਨਕ' ਸੇ ਲੇ ਤਾ 'ਤੇਗ਼ ਬਹਾਦੁਰ' ਤੂ ਸਭੀ ਹੈ।
ਤੀਰਥ ਨਹੀਂ ਕੋਈ ਰੂਇ-ਰੋਸ਼ਨ ਕੇ ਬ੍ਰਾਬਰ।
ਦਰਸ਼ਨ ਤੇਰੇ ਦਸ ਗੁਰੂਓਂ ਕੇ ਦਰਸ਼ਨ ਕੇ ਬ੍ਰਾਬਰ।

੨੨

ਕਿਸ ਸਬਰ ਸੇ ਹਰ ਏਕ ਕੜੀ ਤੂ ਨੇ ਉਠਾਈ।
ਕਿਸ ਸ਼ੁਕਰ ਸੇ ਹਰ ਚੋਟ ਕਲੇਜੇ ਪਿ ਹੈ ਖਾਈ।
ਵਾਲਦ ਕੋ ਕਟਾਇਆ ਕਭੀ ਔਲਾਦ ਕਟਾਈ।
ਕੀ ਫ਼ਿਕਰ ਮੇ, ਫ਼ਾਕੇ ਮੇ, ਹਜ਼ਾਰੋਂ ਸੇ ਲੜਾਈ।

੧. ਪ੍ਰਸੰਨ। ੨. ਸਲਾਹੁਣ ਵਾਲਾ। ੩. ਸੱਤਿ-ਮਾਰਗ। ੪. ਪਰਮੇਸ਼ਰ ਦੇ ਨਿਕਟ-ਵਰਤੀ। ੫. ਕ੍ਰਿਪਾ ਦਾ ਬੱਦਲ । ੬. ਉੱਦਮ-ਉਤਸ਼ਾਹ ਦਾ ਮੇਘ। ੭. ਦਾਨ ਉਪ-ਕਾਰ। ੮. ਦਿਲਾਵਰੀ । ੯. ਪਵਿੱਤਰ ਤੇ ਧਨੀ । ੧੦. ਨੰਗ, ਜਿਸ ਦੇ ਹੱਥ-ਪੱਲੇ ਕੁਝ ਨਾ ਹੋਵੇ। ੧੧. ਦਿਲਾਵਰ ।



ਹਿੰਮਤ ਸੇ ਤਿਰੀ ਸਭ ਥੇ ਸਲਾਤੀਂ[1] ਲਰੱਜ਼ਤੇ।
ਜੁਰੱਤ ਸੇ ਤਿਰੀ ਲੋਗ ਥੇ ਤਾ[2] ਚੀਨ ਲਰੱਜ਼ਤੇ।

੨੩

ਅੱਦਾ[3] ਨੇ ਕਭੀ ਤੁਝ ਕੋ ਸੰਭਲਨੇ ਨ ਦੀਆ ਥਾ।
ਆਰਾਮ ਸੇ ਪਹਿਲੂ ਕੋ ਬਦਲਨੇ ਨ ਦੀਆ ਥਾ।
ਗੁਲਸ਼ਨ ਕੋ ਤੇਰੇ ਫੂਲਨੇ ਫਲਨੇ ਨ ਦੀਆ ਥਾ।
ਕਾਂਟਾ ਦਿਲਿ ਪੁਰ-ਖ਼ੂੰ[4] ਸੇ ਨਿਕਲਨੇ ਨ ਦੀਆ ਥਾ।
ਜਿਸ ਰਣ ਮੇਂ ਲੜਾ ਬੇ-ਸਰੋਸਾਮਾਨ ਲੜਾ ਤੂ।
ਸੌ ਸਿੰਘ ਲੀਏ ਲਾਖੋਂ ਪਿ ਜਾ ਜਾ ਕੇ ਪੜਾ ਤੂ।

੨੪

ਜ਼ੱਕ ਦੀ ਕਭੀ ਨਵਾਬ ਕੋ, ਰਾਜੋਂ ਕੋ ਭਗਾਇਆ।
ਮੈਦਾਂ ਮੇ ਮੁਕਾਬਲ ਜੋ ਹੂਆ ਮਾਰਿ ਗਿਰਾਇਆ।
ਘਮਸਾਨ ਮੇ ਜਬ ਆਨ ਕੇ ਤੇਗ਼ੋਂ ਕੋ ਫਿਰਾਇਆ।
ਫਿਰ ਕਰ ਦੀਆ ਇਕ ਆਨ ਮੇਂ ਲਸ਼ਕਰ ਕਾ ਸਫਾਇਆ।
ਕਲ ਕਹਿਤੇ ਹੈਂ ਚਮਕੌਰ ਮੇਂ ਫਿਰ ਖੇਤ[5] ਪੜੇਗਾ।
ਗੋਬਿੰਦ ਸਹਰ[6] ਹੋਤੇ ਹੀ ਲਾਖੋਂ ਸੇ ਲੜੇਗਾ।

੨੫

ਬਾਕੀ ਥੀ ਘੜੀ ਰਾਤ, ਗੁਰੂ ਖੈਮੇਂ ਮੇ ਆਏ।
ਸ਼ਾਹਜ਼ਾਦੇ ਯਹਾਂ ਦੋਨੋਂ ਹੀ ਸੋਤੇ ਹੂਏ ਪਾਏ।
ਦੋਨੋਂ ਕੇ ਰੁਖਿ-ਪਾਕ[7] ਸੇ ਗੈਸੂ[8] ਜੋ ਹਟਾਏ
ਅਫ਼ਲਾਕ[9] ਨੇ ਸ਼ਰਮਾ ਕੇ ਮਹੁ-ਮਿਹਰ[10] ਛੁਪਾਏ।
ਸਤਿਗੁਰ ਨੇ ਦਹਨ ਜਬ ਦਹਨਿ-ਪਾਕ ਪਿ ਰੱਖਾ।
ਕੁਮਲਾਤੇ ਹਰ ਇਕ ਫੂਲ ਕੇ ਸਰ ਖਾਕ ਪਿ ਰੱਖਾ।

੧. ਸੁਲਤਾਨ ਦਾ ਬਹੁ ਵਚਨ। ੨. (ਚੀਨ) ਤੱਕ । ੩. ਵੈਰੀਆਂ ( ਨੇ) । ੪. ਰੱਤ ਵਿਰੱਤਾ ਦਿਲ। ੫. ਰਣਭੂਮੀ, ਲੜਾਈ। ੬. ਸਵੇਰ (ਹੁੰਦਿਆਂ ਹੀ ) ੭. ਪਵਿੱਤ੍ਰ ਮੁੱਖੜਾ । ੮. ਲੰਬੇ ਕੇਸਾਂ ਦੀਆਂ ਲਿਟਾਂ । ੯. ਫਲਕ (ਅਸਮਾਨ) ਦਾ ਬਹੁ ਵਚਨ। ੧੦. ਚੰਦ ਤੇ ਸੂਰਜ ।

੨੬

ਮਰਘਟ ਕੀ ਤਰਹ ਇਸ ਘੜੀ ਸੁੰਨਸਾਨ ਜਮੀਂ ਥੀ।
ਖਾਮੋਸ਼ੀ ਸੀ ਛਾਈ ਹੂਈ ਤਾ ਅਰਸ਼ਿ-ਬਰੀਂ[1] ਥੀ।
ਵੈਰਾਨੀ ਥੀ ਐਸੀ ਨ ਉਦਾਸੀ ਯਿਹ ਕਹੀਂ ਥੀ।
ਆਫ਼ਤ ਥੀ, ਬਲਾ ਥੀ, ਯਿਹ ਕੋਈ ਰਾਤ ਨਹੀਂ ਥੀ।
ਦੁਨੀਆ ਪਿ ਥਾ ਛਾਯਾ ਹੂਆ, ਇਸ ਤਰਹ ਅੰਧੇਰਾ।
ਲੁੱਕ ਗੇਂਦ ਪਿ ਮੱਟੀ ਕੀ ਹੋ ਜਿਸ ਤਰਹ ਸੇ ਫੇਰਾ।

੨੭

ਤਾਰੇ ਭੀ ਚਮਕਤੇ ਥੇ ਮਗਰ ਰਾਤ ਥੀ ਕਾਲੀ।
ਘਟ ਘਟ ਕੇ ਹੂਆ ਮਾਹ ਦੋ ਹਫਤਾ[2] ਥਾ ਹਲਾਲੀ[3]।
ਅੰਗੁਸ਼ਤ ਦਹਨ ਮੇਂ ਥੀ ਫਲਕ ਨੇ ਗੋਯਾ ਡਾਲੀ।
ਅਫਸੋਸ ਮੇਂ ਸਤਿਗੁਰ ਕੇ ਯਿਹ ਸੂਰਤ ਥੀ ਬਨਾ ਲੀ।
ਹਸਰਤ ਸੇ ਸਭੀ ਕਲਗ਼ੀਓਂ ਵਾਲੇ ਕੋ ਥੇ ਤਕਤੇ।
ਆਖੋਂ ਮੇ ਸਤਾਰੋਂ ਕੇ ਭੀ ਆਂਸੂ ਥੇ ਝਲਕਤੇ।

੨੮

ਸੋਏ ਹੂਏ ਬੱਚੋਂ ਕੋ ਕਹਾ ਸਿਰ ਕੋ ਪਕੜ ਕਰ।
ਚਲਦੋਗੇ ਅਬ ਅੱਬਾ[4] ਕੋ ਮੁਸੀਬਤ ਮੇਂ ਜਕੜ ਕਰ।
ਥੀ ਜ਼ਿੰਦਗੀ ਲਿਖੀ ਹੂਈ ਕਿਸਮਤ ਨੇ ਉਜੜ ਕਰ।
ਫਿਰ ਮਿਲਨੇ ਕਾ ਵਾੱਦਾ ਤੋ ਕੀਏ ਜਾਓ ਬਿਛੜ ਕਰ।
ਥੇ ਚਾਰ ਹੋ ਅਬ ਦੋ ਹੀ, ਸਹਰਿ ਯਿਹ ਭੀ ਨ ਹੋਂਗੇ!
ਹਮ ਸਬਰ ਕਰੇਂਗੇ ਜੁ ਅਗਰ ਯਿਹ ਭੀ ਨ ਹੋਂਗੇ।

੨੯

ਫਰਮਾਤੇ ਥੇ : ਕਲ ਦੋਨੋਂ ਹੀ ਪਰਵਾਨ ਚੜ੍ਹੋਗੇ!
ਦੁਖ ਭੋਗੇਂਗੇ ਹਮ, ਖੁਲਦ[5] ਮੇਂ ਤੁਮ ਚੈਨ ਕਰੋਗੇ!

੧. ਉੱਚਾਕਾਸ਼। ੨. ਪੁੰਨਿਆ ਦਾ ਚੰਦ । ੩. ਚਾਨਣੀ, ਏਕਮ ਦੂਜ ਦਾ ਚੰਦ। ੪. ਪਿਤਾ, ਬਾਪੂ। ੫. ਸੁਰਗ ।



ਹੋਤੇ ਹੀ ਸਹਰ ਦਾਗਿ ਜੁਦਾਈ ਹਮੇਂ ਦੋਗੇ!
ਸੁਪਨੇ ਮੇਂ ਖਬਰ ਆ ਕੇ ਕਭੀ ਬਾਪ ਕੀ ਲੋਗੇ?
ਐ ਪਿਆਰੇ ਅਜੀਤ ! ਐ ਮੇਰੇ ਜੁਝਾਰ ਪਜਾਰੇ।
ਹਮ ਕਹਤੇ ਹੈਂ ਕੁਛ, ਸੁਨਤੇ ਹੋ ਦਿਲਦਾਰ ਪਜਾਰੇ?

੩੦

'ਮਾੱਸੂਮ ਹੋ, ਮਜ਼ਲੂਮ ਹੋ, ਦੁਨੀਆਂ ਸੇ ਭਲੇ ਹੋ!
ਲਖ਼ਤਿ ਦਿਲਿ ਗੋਬਿੰਦ ਹੋ ਨਾਜ਼ੋਂ ਸੇ ਪਲੇ ਹੋ!
ਦੁਨੀਆਂ ਹੂਈ ਅੰਧੇਰ, ਜਬ ਆਖੋਂ ਸੇ ਟਲੇ ਹੋ!
ਘਰ ਬਾਹਰ ਲੁਟਾ, ਬਾਪ ਕਟਾ, ਤੁਮ ਭੀ ਚਲੇ ਹੋ!"
ਬੱਚੇ ਇਸੀ ਹਾਲਤ ਮੇਂ ਅਭੀ ਸੋਏ ਪੜੇ ਥੇ।
ਬਾ ਦੀਦਾਇ ਤਰ ਸਤਿਗੁਰੂ ਬਾਲੀਂ[1] ਪਿ ਖੜੇ ਥੇ।

੩੧

ਇਕ ਬਾਰ ਸੂਇ ਫਲਕ ਮੂੰਹ ਕਰਕੇ ਵੁਹ ਬੋਲੇ :-
"ਹੋਨੀ ਹੈ ਜੋ ਕੁਛ ਆਸ਼ਕਿ ਸਾਦਿਕ ਪਿ ਵੁਹ ਹੋ ਲੇ।
ਬਰਛੀ, ਹੈ ਇਜਾਜ਼ਤ ਤੋ ਕਲੇਜੇ ਮੇਂ ਗੜੋ ਲੇ।
ਸਰ ਕਾਟ ਕੇ ਤਨ ਚਾਹੇ ਤੋ ਨੇਜ਼ੇ ਮੇਂ ਪਰੋ ਲੇ।
ਹੈ ਸ਼ੌਕ ਸ਼ਹਾਦਤ ਕਾ ਹਮੇ ਸਭ ਸੇ ਜ਼ਿਆਦਾ।
ਸੌ ਸਰ ਭੀ ਹੋਂ ਕੁਰਬਾਨ ਤੋ ਨਹੀਂ ਰੱਬ ਸੇ ਜ਼ਿਆਦਾ।

੩੨

"ਮੈਂ ਨੇ ਹੀ ਬਰਸ ਚੌਦਾਂ ਕਾ ਬਨਬਾਸ ਥਾ ਝੇਲਾ।
ਮੈਂ ਵਹ ਹੂੰ ਜਸ਼ੋਧਾਂ ਕੀ ਜੁ ਆਗ਼ੋਸ਼[2] ਮੇਂ ਖੇਲਾ।
ਮਾਰਾ ਥਾ 'ਕੰਸ' ਮੈਂ ਨੇ ਥਾ 'ਅਰਜੁਨ' ਮੇਰਾ ਚੇਲਾ।
'ਕੈਰੋਂ" ਸੇ ਲੜਾ ਮੈਂ ਮਹਾਂਭਾਰਤ ਮੇਂ ਅਕੇਲਾ।
ਥਾ 'ਬੁੱਧ' ਭੀ ਮੈਂ ਬਾੱਦ ਮੇਂ 'ਸ਼ੰਕਰ' ਭੀ ਬਨਾ ਹੂੰ।
'ਨਾਨਕ' ਕੇ ਭੀ ਚੋਲੇ ਮੇਂ ਮੈਂ ਬਾਬਰ ਕੋ ਮਿਲਾ ਹੂੰ।

੧. ਸਿਰਹਾਣੇ । ੨. ਗੋਦ, ਕੁੱਛੜ ।

੩੩

‘ਅਕਬਰ’ ਭੀ ਪਿਆਦਾ ਮਿਰੇ ਦਰਬਾਰ ਮੇਂ ਆਯਾ।
ਬਰਕਤ ਨੇ ਮਿਰੀ ਫ਼ਤਹਿ ਥਾ ‘ਆਸਾਮ’ ਕਰਾਯਾ।
ਮੈਂ ਨੇ ਬੁਤੁ ਬੁਤਖਾਨਾ ਖੁਦਾਈ ਕੋ ਭਲਾਯਾ।
ਭਗਵਾਨ ਕਾ ਘਰ ਮੈਂ ਨੇ ਹੀ ਮਸਜਦ ਥਾ ਬਨਾਯਾ।
ਬਾਲੂ ਕੀ ਤਪੀ ਰੇਤ, ਮੇਰੇ ਤਨ ਪਿ ਪੜੀ ਥੀ।
ਮੈ ਵੁਹ ਹੂੰ ਉਬਲਨੇ ਪਿ ਭੀ, ‘ਉੱਫ’ ਤਕ ਨ ਕਰੀ ਥੀ।

੩੪

“ਹਿੰਮਤ ਕਾ ਮਿਰੀ ਆਪ ‘ਮੀਆ ਮੀਰ’ ਹੈ ਸ਼ਾਹਿਦ[੧]।
ਅੱਜ਼ਮਤ[੨] ਕਾ ਮਿਰੀ ਸ਼ਾਹ ‘ਜਹਾਂਗੀਰ’ ਹੈ ਸ਼ਾਹਿਦ[੧]।
ਸਰ ਜਿਸ ਸੇ ਕਟਾ ਦਿੱਲੀ ਮੇਂ ਸ਼ਮਸ਼ੀਰ ਹੈ ਸ਼ਾਹਿਦ[੧]।
ਤੋ ਸਭ ਸੇ ਜ਼ਿਆਦਾ ਫਲਕਿ-ਪੀਰ ਹੈ ਸ਼ਾਹਿਦ[੧]।
ਜਬ ਜ਼ੁਲਮ ਸੇ ਜ਼ਾਲਿਮ ਨੇ ਜਹਾਂ ਪੀਸ ਦੀਆ ਥਾ।
ਹਮ ਨੇ ਹੀ ਧਰਮ ਕੇ ਲੀਏ ਫਿਰ ਸੀਸ ਦੀਆ ਥਾ।

੩੫

‘ਜਬ ਜਬ ਭੀ ਜ਼ਰੂਰਤ ਹੂਈ ਬੰਦੋਂ ਕੋ, ਹਮ ਆਏ।
ਜ਼ਾਲਿਮ ਕਾ ਕੀਆ ਖਾਤਮਾ ਮਜ਼ਲੂਮ ਬਚਾਏ।
ਚਿੜਿਓਂ ਕੋ ਅਗਰ ਚਾਹਾ ਤੋ ਫਿਰ ਬਾਜ਼ ਤੁੜਾਏ।
ਦੇਖਾ ਜਿਸੇ ਹਕਦਾਰ ਉਸੇ ਤਖਤ ਦਿਲਾਏ।
ਕਾਮ ਆਏ ਫਕੀਰੋਂ ਕੇ ਤੁ ਸ਼ਾਹੋਂ ਕੇ ਭੀ ਆਏ।
ਦੁਸ਼ਮਨ ਕੇ ਭੀ ਆਏ, ਹਵਾ-ਖਾਹੋਂ[੩] ਕੇ ਭੀ ਆਏ ।

੩੬

“ਲਖ-ਲੁੱਟ ਹੈ ਹਮੇਸ਼ਾ ਸੇ ਹੀ ਸਰਕਾਰ ਹਮਾਰੀ।
ਖਾਲੀ ਨਹੀਂ ਜਾਤਾ ਹੈ ਜੋ ਆਤਾ ਹੈ ਭਿਖਾਰੀ।

੧. ਉਗਾਹ । ੨. ਬਜ਼ੁਰਗੀ । ੩. ਸੁੱਭਚਿੰਤਕਾਂ (ਦੇ) ।



ਦੁਨੀਆਂ ਮੇਂ ਹੈਂ ਹਮ, ਬਾਗ਼ ਮੇਂ ਜੂੰ ਬਾਦਿ-ਬਹਾਰੀ[੧]।
ਪਿਆਰੀ ਹਮੇਂ ਕਰਤਾਰ ਕੀ ਮਖ਼ਲੂਕ[੨] ਹੈਂ ਸਾਰੀ
ਸਿੱਖ ਜਾਨ ਸੇ ਪਜਾਰੇ ਹਮੇਂ ਬੱਚੋਂ ਸੇ ਸਿਵਾ[੩] ਹੈਂ।
ਤੋ ਹਿੰਦੂ-ਓ-ਮੁਸਲਿਮ ਪਿ ਭੀ ਦਰ ਫੈਜ਼ ਕੇ ਵਾ ਹੈਂ[੪]।

੩੭

‘ਮਰਦਾਨੇ’ ਕੋ ਹਮ ਨੇ ਹੀ ਰਫ਼ਾਕਤ[੫] ਮੇਂ ਥਾ ਰੱਖਾ।
‘ਕੌਲਾਂ’ ਕੋ ਭੀ ਹਮ ਨੇ ਹਫਾਜ਼ਤ ਮੇਂ ਥਾ ਰੱਖਾ।
ਜਿਸ ਨੇ ਭੀ ਕਦਮ ਆਪਨੀ ਜਮਾਅੱਤ ਮੇਂ ਥਾ ਰੱਖਾ।
ਮਹਿਫੂਜ਼ ਉਸੈ ਹਮ ਨੇ ਹਰ ਆਫਤ ਮੇਂ ਥਾ ਰੱਖਾ।
ਅਬ ਭੀ ਵੁਹੀ ਅੱਾਦਤ ਵੁਹੀ ਨੀਅਤ ਹੈ ਹਮਾਰੀ।
ਯਕਸਾਂ ਹਰਮੁ-ਦੈਰ[੬] ਸੇ ਸ਼ਫਕਤ ਹੈ ਹਮਾਰੀ।

੩੮

“ਮਿਰਜ਼ੇ’ ਕਈ ‘ਸੈਦੇ’ ਸੇ ਭੀ ਕੁਰਬਾਨ ਹੂਏ ਹੈਂ।
‘ਮਾਮੂੰ’ ਸੇ ਤਸੱਦਕ[੭] ਭੀ ਕਈ ਖਾਂਨ ਹੂਏ ਹੈਂ।
‘ਚੰਦੂ’ ਸੇ ਭੀ ‘ਗੰਗੂ’ ਸੇ ਭੀ ਸ਼ੈਤਾਨ ਹੂਏ ਹੈਂ।
‘ਬਾਇਜ਼ੀਦ’* ਸੇ ਭੀ ਬੱਦ ਬੇਈਮਾਨ ਹੂਏ ਹੈਂ।
ਹਿੰਦੂ ਹੈ ਸਭ ਅੱਛੇ ਨਾ ਮੁਸਲਮਾਨ ਹੈਂ ਅੱਛੇ।
ਦਿਲ ਨੇਕ ਹੈਂ ਜਿਨ ਕੇ, ਵੁਹੀ ਇਨਸਾਨ ਹੈਂ ਅੱਛੇ।”

੩੯

ਤਾਰੋਂ ਸੇ ਥਾ ਅਕਾਸ਼, ਚਰਾਗੋਂ ਭਰੀ ਥਾਲੀ।
ਥੀ ਰੁੱਖ ਪਿ ਬੜੇ ਬੁੱਤ[੮] ਕੇ, ਪੜੀ ਨੂਰ ਕੀ ਜਾਲੀ।
ਅਬ ਜਲ ਚੁਕੀ ਥੀ ਚਰਖ[੯] ਕੇ, ਮੰਦਿਰ ਮੇਂ ਦੀਵਾਲੀ।
ਥੀ ਪੂਜ ਚੁਕੀ ਜ਼ੁਹਰਾ[੧੦] ਜਬੀਂ[੧੧] ਪੂਜਨੇ ਵਾਲੀ।

੧. ਬਸੰਤ ਰੁੱਤ ਦੀ ਹਵਾ । ੨. ਸ੍ਰਿਸ਼ਟੀ । ੩. ਵੱਧ। ੪. ਨੇਕੀ ਦੇ ਬੂਹੇ ਖੁਲ੍ਹੇ ਹਨ। ੫. ਸਾਥ । ੬. ਕੱਾਬਾ ਤੇ ਮੂਰਤਿ ਮੰਦਿਰ। ੭. ਨਿਛਾਵਰ, ਵਾਰਨੇ । ੮. ਚੰਦ । ੯. ਅਸਮਾਨ। ੧੦. ਸ਼ੁਕ੍ਰ ਤਾਰੀ (ਨਸ਼ੱਤਰ) । ੧੧. ਮੁਖੜਾ, ਚਿਹਰਾ।
*ਹਾਕਿਮ ਸਰਹਿੰਦ ਦਾ ਨਾਮ ‘ਵਜ਼ੀਰ ਖਾਨ’ ਸੀ, ‘ਬਾਇਜ਼ੀਦ ਖਾਂ’ ਨਹੀਂ (ਸੰਪਾਦਕ)

ਫਿਰ ਸ਼ਰਕ[੧] ਕੀ ਜਾਨਿਬ ਸੇ ਸਫੈਦੀ ਨਿਕਲ ਆਈ।
ਜ਼ੁਲਮਾਤ[੨] ਮੇਂ ਇਕ ਨੂਰ ਕੀ ਨਦੀ ਉਬਲ ਆਈ।

੪੦

ਇਸ ਜ਼ੋਰ ਸੇ ਸੈਲਾਬ[੩] ਹੂਆ ਨੂਰ ਕਾ ਜਾਰੀ।
ਕੱਫ[੪] ਕੀ ਤਰਹ ਬਹਨੇ ਲਗੀ ਅੰਜਮ[੫] ਕੀ ਕਿਆਰੀ।
ਤਾਰੇ ਨੇ ਸਹਰ ਕੇ ਅਬੀ ਹਿੰਮਤ ਨ ਥੀ ਹਾਰੀ।
ਤੂਫ਼ਾਨ ਹੂਆ ਮਾਹ ਕੀ ਕਿਸ਼ਤੀ ਪਿ ਭੀ ਤਾਰੀ।
ਇਸ ਸੈਲ[੬] ਸੇ ਸਯਾਰੇ[੭] ਸਭੀ ਔਜ[੮] ਪਿ ਟੂਟੇ।
ਜਿਸ ਤਰਹ ਹਬਾਬ[੯] ਆ ਕੇ ਸਰਿ-ਮੌਜ[੧੦] ਪਿ ਟੂਟੇ।

੪੧

ਜਿਤਨੀ ਥੀ ਕਮਾਂ ਨੂਰ ਕੀ ਖੈਂਚੀ ਚਲੀ ਆਤੀ।
ਥੀ ਉਤਨੀ ਸਿਆਹੀ ਪਿ ਸਫੈਦੀ ਮਿਲੀ ਜਾਤੀ।
ਹਰ ਏਕ ਕਿਰਨ ਤੀਰ ਕੀ ਤੇਜੀ ਥੀ ਦਿਖਾਤੀ।
ਨੇਜ਼ੋਂ ਸੇ ਸੁਆਓ[੧੧] ਕੇ ਛਨੀ ਚਰਖ ਕੀ ਛਾਤੀ।
ਖੁਰਸ਼ੈਦ[੧੨] ਨਿਕਲਨੇ ਹੀ ਕੋ ਥਾ ਅਬ ਕੋਈ ਦਮ ਮੇਂ।
ਹੋਨੇ ਕੋ ਥਾ ਫਿਰ ਹਸ਼ਰ[੧੩] ਬਪਾ ਅੱਰਬੋ ਅੱਜਮ[੧੪] ਮੇਂ।

੪੨

ਬੇਦਾਰ[੧੫] ਥੇ ਸਭ ਖਾਲਸਾ ਜੀ ਹੋ ਚੁਕੇ ਕਬ ਕੇ।
ਨ੍ਹਾ ਧੋ ਕੇ ਬੈਠੇ ਹੂਏ ਧਯਾਨ ਮੇਂ ਰੱਬ ਕੇ।
ਦੀਵਾਨ ਬੜੀ ਸ਼ਾਨ ਕਾ ਜਲਵੇ ਥੇ ਗ਼ਜ਼ਬ ਕੇ।
ਖ਼ੁਦ ਰਖਤੇ ਥੇ ਤਸ਼ਰੀਫ ਗੁਰੂ ਸਾਹਮਨੇ ਸਭ ਕੇ।
ਥੇ ਪਾਸ ਅਜੀਤ ਔਰ ਥੇ ਜੁਝਾਰ ਪਜਾਰੇ।
ਗੁਰਿਆਈ ਕੇ ਚੜ੍ਹਤੇ ਹੂਏ ਦਰਿਆ ਕੇ ਕਿਨਾਰੇ।

---

੧. ਪੂਰਬ। ੨. ਆਨ੍ਹੇਰੇ ।੩. ਹੜ੍ਹ ।੪. ਝੱਗ । ੫. ਤਾਰੇ। ੬. ਰੇਲਪੇਲ, ਹੜ੍ਹ। ੭. ਚਕਰੈਲ ਤਾਰੇ। ੮. ਉੱਚਾਈ । ੯. ਬੁਲਬੁਲੇ। ੧੦. ਲਹਿਰ ਉੱਤੇ । ੧੧. ਕਿਰਣਾਂ। ੧੨. ਸੂਰਜ । ੧੩. ਅੰਤਕਾਲ, ਪਰਲੋ। ੧੪ ਫਾਰਸ, ਈਰਾਨ । ੧੫. ਸਾਵਧਾਨ।



੪੩

ਗੱਦੀ ਪੇ ਪਿਤਾ ਬੈਠੇ ਭੀ ਮਸਨਦ[੧] ਕੇ ਕਰੀਂ[੨] ਥੇ।
ਦੋ ਚਾਂਦ ਟੁਕੜੋਂ ਮੇਂ ਗਿਰਦ ਮਾਹ[੩] ਮੁਬੀਂ[੪] ਥੇ।
ਥੇ ਨੂਰ ਸੇ ਤਨ ਪੈਕਰਿ[੫] ਖਾਕੀ ਯਿਹ ਨਹੀਂ ਥੇ।
ਸ਼ਾਹਜ਼ਾਦੋਂ ਸੇ ਸ਼ਹਿ-ਸ਼ਾਹ ਸੇ , ਸ਼ਹਜ਼ਾਦੇ ਹੁਸੀਂ[੬] ਥੇ।
ਅੱਮਾਮੋ[੭] ਪਿ ਕਲਗ਼ੀ ਕਾ ਅਜਬ ਤੁਰਾ ਸਜਾ ਥਾ।
ੴ ਸਾਫ ਗੁਰਮੁਖੀ ਮੇ ਲਿਖਾ ਥਾ।

੪੪

ਪੇਸ਼ਾਨੀਇ ਪੁਰ ਆਬ[੮] ਪਿ ਯੂੰ ਕੇਸ ਥੇ ਕਾਰੇ[੯]।
ਸੁੰਬਲ[੧੦] ਕਾ ਗੋਯਾ ਖੇਤ ਥਾ ਦਰਿਯਾ ਕੇ ਕਿਨਾਰੇ।
ਅਬਰੂ ਤਲੇ ਆਂਖੇਂ ਥੀਂ ਯਾ ਜੰਗਲ ਮੇ ਚਿਕਾਰੇ[੧੧]।
ਵੁਹ ਨਾਕ ਕਾ ਨਕਸ਼ਾ ਜੁ ਨ ਮਾਨੀ[੧੨] ਭੀ ਉਤਾਰੇ।
ਇਨ ਕਾਨੋ ਕੀ ਖ਼ੂਬੀ ਉਸੇ ਹੈਰਤ ਮੇ ਜਕੜ ਲੇ।
ਦੇਖੇ ਉਨ੍ਹੇਂ ਬਹਿਜ਼ਾਦ[੧੩] ਤੋ ਕਾਨ ਅਪਨਾ ਪਕੜ ਲੇ।

੪੫

ਦੋ ਚਾਂਦ ਕੇ ਟੁਕੜੇ ਹੈਂ ਯਿਹ ਰੁਖਸਾਰ[੧੪] ਨਹੀਂ ਹੈਂ।
ਸੁਰਖ ਹੋਨੇ ਪਿ ਭੀ ਨੂਰ ਹੈਂ ਯਿਹ ਨਾਰ[੧੫] ਨਹੀਂ ਹੈਂ।
ਅਬ ਆਗੇ ਦਹਨ ਮਿਲਨੇ ਆਸਾਰ[੧੬] ਨਹੀਂ ਹੈਂ।
ਜੋਗੀ ਜਿਸੇ ਪਾ ਲੇ ਯਿਹ ਵੁਹ ਅਸਰਾਰ[੧੭] ਨਹੀਂ ਹੈਂ।
ਹੋਠੋਂ ਕੇ ਮੁਕਾਬਲ ਮੇਂ ਨਿਬਾਤ[੧੮] ਹੋ ਨਹੀਂ ਸਕਤੀ।
ਲਬ ਮਿਲਤੇ ਹੀ ਸ਼ੀਰੀ[੧੯] ਸੇ ਬਾਤ ਹੋ ਨਹੀਂ ਸਕਤੀ।

---

੧. ਗੱਦੀ । ੨. ਨੇੜੇ । ੩. ਚੰਦ । ੪. ਦੱਸੇ ਹੋਏ, ਵਰਣਤ। ੫. ਮਿੱਟੀ ਦੇ ਤਨ। ੬. ਸੁੰਦਰ, ਸੋਹਣੇ। ੭. ਦਸਤਾਰਿਆਂ 'ਤੇ । ੮. ਮੁੜ੍ਹਕੋ-ਮੜ੍ਹਕੀ ਹੋਇਆ ਮੱਥਾ । ੯. ਕਾਲੇ । ੧੦. ਬਾਲਛੜ ਘਾਹ । ੧੧. ਬਾਰਾਂ ਸਿੰਗੇ । ੧੨. ਰੂਸ ਦਾ ਪ੍ਰਸਿੱਧ ਚਿਤ੍ਰਕਾਰ । ੧੩. ਫਾਰਸ ਦਾ ਮਸ਼ਹੂਰ ਮੁਸੱਵਰ (ਕਲਾਕਾਰ) । ੧੪.ਗੱਲਾਂ । ੧੫. ਅਗਨੀ । ੧੬.੩ ਚਿੰਨ੍ਹ, ਲੱਛਣ । ੧੭. ਭੇਦ । ੧੮. ਮਿਸ਼ਰੀ। ੧੯. ਮਿਠਾਈ।

### ੪੬

ਚਿਹਰਾ ਥਾ ਮਹਿ ਚਾਰ-ਦਹਮ[੧] ਰੀਸ਼[੨] ਥੀ ਹਾਲਾ[੩]।
ਮੂਛੇਂ ਥੀਂ ਯਾ ਖ਼ਤ ਨੂਰ ਕੀ ਮਿਸਤਰ[੪] ਪਿ ਥਾ ਕਾਲਾ।
ਕਹਿਤਾ ਲਬਿ ਲੱਲੀਂ[੫] ਕੋ ਥਾ ਹਰ ਦੇਖਨੇ ਵਾਲਾ।
ਕਸਤੂਰੀ ਕੇ ਜੰਗਲ ਮੇਂ ਖਿਲਾ ਹੈ ਗੁਲਿ-ਲਾਲਾ[੬]।
ਗਰਦਨ ਪਿ ਰੂਏ-ਸ਼ਾਹ ਕੀ ਤਮਸੀਲ[੭] ਕਯਾ ਲਿੱਖੂੰ।
ਥਾ ਪੀੜ੍ਹੇ ਪਿ ਗਰੰਥ ਮੁਕੱਦਸ[੮] ਖੁਲਾ ਲਿੱਖੂੰ।

### ੪੭

ਦਾਹੜੀ ਥੀ ਯਾ ਕਿ ਮੁਸਹਫਿ[੯] ਰੁਖ ਕਾ ਗਿਲਾਫ਼[੧੦] ਥਾ।
ਕਾਲੇ ਉਛਾੜ ਪਰ ਜੁ ਖੁਲ੍ਹਾ ਸਾਫ਼ ਸਾਫ਼ ਥਾ।
[੧੧]ਸ਼ਾਨੋਂ ਕੀ ਸਜ[੧੨] ਕਾ ਗੈਰ ਕੋ ਭੀ ਏਤਰਾਫ਼[੧੩] ਥਾ।
ਬਾਜ਼ੂ ਕੇ ਬਲ ਕਾ ਗ਼ੁਲਗੁਲਾ[੧੪] ਜਾ ਪਹੁੰਚਾ ਕਾਫ[੧੫] ਥਾ।
ਕੁੱਵਤ ਸੇ ਦੇਵ ਜਚਤੇ ਨ ਜਿਨ ਥੇ ਨਿਗਾਹ ਮੇਂ।
ਬਖਸ਼ਾ ਥਾ ਹੱਕ ਨੇ ਜੋਰ ਵੁਹ ਬਾਜ਼ੂਇ-ਸ਼ਾਹ ਮੇਂ।

### ੪੮

ਕੁਹਨੀ ਘੁਟੀ ਹੂਈ ਥੀ ਕਲਾਈ ਭਰੀ ਹੂਈ।
ਕੁੱਵਤ ਸੇ ਯਿਹ ਭੀ ਔਰ ਥੀ, ਵੁਹ ਭੀ ਭਰੀ ਹੂਈ।
ਪੰਜੇ ਮੇਂ ਪਾਂਚ ਸ਼ੇਰੋਂ ਕੀ ਕੱਸ ਥੀ ਭਰੀ ਹੂਈ।
ਉਂਗਲੀ ਕੀ ਪੋਰ ਪੋਰ ਮੇਂ ਬਿਜਲੀ ਭਰੀ ਹੂਈ।
ਸੀਨਾ ਮਿਸਾਲ ਆਈਨੇ ਕੀ ਪਾਕ-ਸਾਫ਼ ਥਾ।
ਸਤਿਗੁਰੂ ਕੇ ਦੁਸ਼ਮਨੋਂ ਕੋ ਭੀ ਯਿਹ ਏਤਰਾਫ਼[੧੩] ਥਾ।

---

੧. ਚਉਧਵੀਂ ਰਾਤਿ (ਪੁੰਨਿਆ ) ਦਾ ਚੰਦ । ੨. ਦਾੜ੍ਹਾ। ੩. ਪਰਵਾਰ (ਚਾਨਣ ਦਾ ਚੱਕ੍ਰ) । ੪. ਉਹ ਕਾਗ਼ਜ਼ ਜਿਸ ਪੁਰ ਸਿੱਧੀਆਂ ਲੀਕਾਂ ਖਿੱਚ ਕੇ ਲਿਖਾਰੀ ਕਾਗ਼ਜ਼ ਥੱਲੇ ਰੱਖ ਕੇ ਲਿਖਦੇ ਹਨ । ੫. ਲਾਲ ਬੁਲ੍ਹੀਆਂ । ੬. ਪੋਸਤ ਦਾ ਲਾਲ ਗੂੜ੍ਹਾ ਫੁੱਲ। ੭. ਨਜ਼ੀਰ, ਪ੍ਰਮਾਣ। ੮. ਪਾਵਨ। ੯. ਕੁਰਾਨ ਸ਼ਰੀਫ। ੧੦. ਉਛਾੜ । ੧੧. ਮੋਢਿਆਂ (ਦੀ)। ੧੨. ਸਜਾਵਟ, ਫੱਬਣ। ੧੩. ਮੰਨਣ, ਇਕਰਾਰ, ਹੁੰਗਾਰਾ। ੧੪. ਸ਼ੋਰ, ਰੌਲਾ। ੧੫. ਪ੍ਰਸਿੱਧ ਪਰਬਤ ਜੋ ਕੈਸਪੀਅਨ ਤੇ ਕਾਲੇ ਸਾਗਰ ਵਿਚਕਾਰ ਹੈ।



### ੪੯

ਯਿਹ ਪੁਸ਼ਤਿ-ਪਾਕ, ਪੁਸ਼ਤਿ-ਪਨਾਹਿ[੧] ਜਹਾਨ ਹੈ।
ਸਿੱਖੋਂ ਕੋ ਇਨ ਕਾ ਫ਼ਖਰ ਹੈ, ਸਿੰਘੋਂ ਕੋ ਮਾਨ ਹੈ।
ਬਚਤੀ ਇਸੀ ਕੇ ਸਾਯਾ ਮੇਂ, ਬੇਕਸ ਕੀ ਜਾਨ ਹੈ।
ਹਿੰਦੁਸਤਾਂ ਕੀ ਢਾਲ ਯਿਹੀ ਬੇਗੁਮਾਨ[੨] ਹੈ।
ਜਿਸ ਸਰ ਪਿ ਛਾਈ ਉਸ ਪਿ, ਫਿਰ ਆਫ਼ਤ ਗਿਰੀ ਨਹੀਂ।
ਹੈ ਚਰਖ[੩] ਭੀ ਗਵਾਹ ਯਿਹ ਰਨ ਮੇਂ ਫਿਰੀ ਨਹੀਂ।

### ੫੦

ਖੋਲ੍ਹੇ ਗ੍ਰੰਥ ਪਾਕ ਕੋ ਬੈਠੇ ਹਜ਼ੂਰ ਥੇ।
ਉਪਦੇਸ਼ ਸੁਨ ਕੇ ਹੋ ਚੁਕੇ ਸਭ ਕੋ ਸਰੂਰ[੪] ਥੇ।
ਜਿਤਨੇ ਭੀ ਸਾਮਈਨ[੫] ਵੁਹ ਨਜ਼ਦੀਕੁ ਦੂਰ ਥੇ।
ਉਨ ਸਭ ਕੇ ਰੁਖ਼ ਪਿ ਨੂਰ ਕੇ ਪੈਦਾ ਜ਼ਹੂਰ[੬] ਥੇ।
ਤਾਸੀਰ ਥੀ ਜ਼ਬਾਂ ਮੇਂ ਯਿਹ ਤਾਕਤ ਬਯਾਨ ਮੇਂ।
ਰੂਹ ਫੂੰਕ ਗਈ ਧਰਮ ਕੀ ਥੀ ਇਕ ਇਕ ਜਵਾਨ ਮੇਂ ।

### ੫੧

ਦੀਵਾਨ ਕਾ ਅਭੀ ਨ ਹੂਆ ਇਖ਼ਤਤਾਮ[੭] ਥਾ।
ਗਰਦਸ਼ ਮੇਂ ਅਭੀ ਥਾ ਦਾਇ ਇੱਰਫ਼ਾਂ[੮] ਕਾ ਜਾਂਮ[੯] ਥਾ।
ਇਤਨੇ ਮੇਂ ਆ ਕੇ ਕਹਿਨੇ ਲਗਾ ਇਕ ਗ਼ੁਲਾਮ ਥਾ।
ਪਹਰੇ ਪਿ ਜੁ ਖੜਾ ਹੂਆ ਬਾਲਾ ਇ ਬਾਮ[੧੦] ਥਾ।
ਬੋਲਾ:- "ਅੱਦੂ[੧੧] ਕੀ ਫੌਜ ਹੈ ਘੇਰੇ ਹਿਸਾਰ[੧੨] ਕੋ।
ਕਿਆ ਹੁਕਮ ਅਬ ਹਜ਼ੂਰ ਕਾ ਹੈ ਜਾਂ -ਨਿਸ਼ਾਰ[੧੩] ਕੋ।

### ੫੨

ਅਰਸ਼ਾਦ[੧੪] ਹੋ ਤੋ ਸਭ ਕੋ ਅਕੇਲਾ ਭਗਾ ਕੇ ਆਊਂ।
'ਅਜਮੇਰ ਚੰਦ' ਆਨ ਮੇਂ ਕੈਦੀ ਬਨਾ ਕੇ ਆਊਂ।

---

੧. ਆਸਰਾ, ਢੋਈ। ੨. ਬਿਨਾਂ ਸ਼ੱਕ । ੩. ਅਸਮਾਨ। ੪. ਨਸ਼ਾ, ਮਸਤੀ। ੫. ਸਰੋਤਾ-ਗਣ। ੬. ਪ੍ਰਗਟਾਉ। ੭. ਸਮਾਪਤੀ। ੮. ਆਤਮ ਗਿਆਨ ਦਾ ਗੱਫਾ (ਛਾਂਦਾ) । ੯. ਪਿਆਲਾ, ਕੌਲ। ੧੦. ਕੋਠੇ ਪੁਰ । ੧੧. ਵੈਰੀਆਂ (ਦੀ) । ੧੨. ਗੜ੍ਹੀ । ੧੩. ਸਦਕੇ ਹੋਣ ਵਾਲੇ (ਨੂੰ) । ੧੪. ਹੁਕਮ, ਆਗਿਆ।

'ਬਾਜ਼ੀਦ ਖ਼ਾਂ' ਕਾ ਸਰ ਭੀ ਅਭੀ ਜਾ ਕੇ ਮੈਂ ਉੜਾਊਂ।
ਇਕ ਸਿੰਘ ਏਕ ਲਾਖ ਪਿ ਗ਼ਾਲਿਬ[੧] ਹੂਆ ਦਿਖਾਊਂ।
"ਸ਼ਾਬਾਸ਼"! ਕਹਿ ਕੇ ਸਤਿਗੁਰੂ ਫੌਰਨ ਖੜੇ ਹੂਏ।
ਜੁਰਤ ਪਿ ਪਹਰੇਦਾਰ ਕੀ ਵੁਹ ਖੁਸ਼ ਬੜੇ ਹੂਏ।

੫੩

ਖ਼ੈਮੇ ਕੋ ਅਪਨੇ ਅਪਨੇ ਰਵਾਂ, ਫਿਰ ਜਵਾਂ ਹੂਏ।
ਹਥਿਆਰ ਕੱਸ ਕੇ ਓਪੱਚੀ[੨] ਸ਼ੇਰਿ ਯਿਆਂ[੩] ਹੂਏ।
ਜਬ ਕਿਲੱਾ ਮੇਂ ਬਲੰਦ ਗੁਰੂ ਕੇ ਨਿਸ਼ਾਂ ਹੂਏ।
ਸਾਮਾਨ ਜੰਗ ਦੇਖ ਕੇ ਸਭ ਸ਼ਾਦਮਾਂ[੪] ਹੂਏ।
ਸਿੰਘੋਂ ਕੀ ਫੌਜ ਹੋ ਚੁਕੀ ਆਹਨਪ ਮੇਂ ਗ਼ਰਕ ਥੀ।
ਥੇ ਸਰ ਪਿ ਖੋਦ ਬਰਮੇਂ[੬] ਜਿਰਹਾ ਤਾ ਬ-ਫਰਕ[੭] ਥੀ।

੫੪

ਖ਼ੈਮੋਂ ਸੇ ਲੈਸ ਹੋ ਕੇ ਅਕਾਲੀ ਨਿਕਲ ਪੜੇ।
ਖੰਜਰ ਉਠਾਯਾ, ਤੇਗ਼ ਸੰਭਾਲੀ ਨਿਕਲ ਪੜੇ।
ਲੇ ਕਰ ਤੁਫੰਗ[੮] ਬਾਜ਼ ਦੁਨਾਲੀ ਨਿਕਲ ਪੜੇ।
ਇਤਨੇ ਮੇਂ ਗ਼ੁਲ ਹੂਆ ਸ਼ਹਿ ਆਲੀ ਨਿਕਲ ਪੜੇ।
ਖੁਰਸ਼ੈਦ, ਦੇਖ ਸਰਵਰਿ-ਫੌਜੀ ਅਕਾਲ[੯] ਕੋ।
ਕਿਬਲ ਅਜ਼ ਦੁਪਹਿਰ[੧੦] ਸ਼ਰਮ ਸੇ ਪਹੁੰਚਾ ਜ਼ਵਾਲ[੧੧] ਕੋ।

੫੫

ਜਿਸ ਜਾ[੧੨] ਕੀਆ ਹਜ਼ੂਰ ਨੇ ਜਾ ਕਰ ਕਯਾਮ ਥਾ।
ਚਮਕੌਰ ਕੀ ਗੜ੍ਹੀ ਮੇਂ ਯਿਹ ਏਕ ਊਚਾ ਬਾਮ[੧੩] ਥਾ।

੧. ਭਾਰੂ । ੨. ਸ਼ਸਤਰਧਾਰੀ ਯੋਧੇ। ੩. ਰੁਹਲੇ ਸ਼ੇਰ (ਸਿੰਘ) ।੪. ਖੁਸ਼। ੫. ਲੋਹੇ ਦੇ ਹਥਿਆਰਾਂ (ਵਿੱਚ) । ੬. ਸੰਜੋਅ। ੭. ਸਿਰ ਤੀਕ । ੮. ਬੰਦੂਕ। ੯. ਅਕਾਲੀ ਫੌਜਾਂ ਦੇ ਸਰਦਾਰ। ੧੦. ਦੁਪਹਿਰ ਤੋਂ ਪਹਿਲੋਂ। ੧੧. ਉਤਾਰ, ਢਲ਼ਾਉ। ੧੨. ਜਗਹ, ਥਾਂ। ੧੩. ਕੋਠਾ ।



ਇਸ ਜਾ ਸੇ ਚਾਰ ਕੂੰਟ ਕਾ ਨਜ਼ਾਰਾ ਆਮ ਥਾ।
ਦਿਖਤਾ ਯਹਾਂ ਸੇ ਲਸ਼ਕਰਿ-ਆਦਾ[੧] ਤਮਾਮ ਥਾ।
ਅਸਵਾਰ ਹੀ ਅਸਵਾਰ ਥੇ ਫੈਲੇ ਹੂਏ ਰਨ ਮੇਂ।
ਪਿਆਦੇ ਥੇ, ਯਾ ਥੇ ਆਦਮੀ-ਘਾਸ[੨] ਉਗਪੜੀ ਬਨ ਮੇਂ।

੫੬

ਸਤਿਗੁਰ ਨੇ ਮੌਕਾ ਮੌਕਾ ਸੇ ਸਭ ਕੋ ਬਿਠਾ ਦੀਆ।
ਹਰ ਬੁਰਜ ਪਿ, ਫ਼ਸੀਲ ਪਿ, ਪਹਿਰਾ ਲਗਾ ਦੀਆ।
ਯਿਹ ਮੋਰਚਾ ਇਸੇ, ਉਸੇ ਵੁਹ ਦਮਦਮਾ ਦੀਆ।
ਸਿੰਘੋਂ ਕਾ ਇਕ ਹਿਸਾਰ[੩] ਕਿਲੇ ਮੇਂ ਬਨਾ ਦੀਆ।
ਦੀਵਾਰੁ ਦਰ ਪਿ, ਪੁਸ਼ਤੋਂ ਪਿ, ਜਬ ਸਿੰਘ ਡਟ ਗਏ।
ਡਰ ਕਰ ਮੁਹਾਸਰੀਨ[੪] ਸਭੀ ਪੀਛੇ ਹਟ ਗਏ।

੫੭

ਫ਼ਰਮਾਏ ਕਲਗੀਧਰ ਕਿ: 'ਅਬ ਇਕ ਇਕ ਜਵਾਂ ਚਲੇ!'
ਪਾ ਪਾ ਕੇ ਹੁਕਮ ਭੇੜੋਂ ਮੇਂ ਸ਼ੇਰ ਯਿਆਂ ਚਲੇ।
ਬਚ ਕਰ ਅੱਦੂ[੫] ਕੇ ਦਾਉ ਸੇ ਯੂੰ ਪਹਲਵਾਂ ਚਲੇ।
ਦਾਤੋਂ ਮੇਂ ਜੈਸੇ ਘਿਰ ਕੇ ਦਹਨ ਮੇਂ ਜ਼ਬਾਂ ਚਲੇ।
ਘੁਸਤੇ ਹੀ ਰਨ ਮੇਂ ਜੰਗ ਕਾ ਪੱਲਾ ਝੁਕਾ ਦੀਆ।
ਜਿਸ ਸੱਮਤ[੬] ਤੇਗ਼ ਤੋਲ ਕੇ ਪਹੁੰਚੇ, ਭਗਾ ਦੀਆ।

੫੮

ਏਕ ਏਕ ਲਾਖ ਲਾਖ ਸੇ ਮੈਦਾਨ ਮੇਂ ਲੜਾ।
ਜਿਸ ਜਾ ਪਿ ਸਿੰਘ ਅੜ ਗਏ, ਝੰਡਾ ਵਹਾਂ ਗੜਾ।
ਚਸ਼ਮਿ-ਫਲਕ ਨੇ ਥਾ ਜੋ ਨ ਦੇਖਾ ਵਹੁ ਰਨ ਪੜਾ।
ਘੋੜੇ ਪਿ ਝੂਮਤਾ ਇਕ ਅਕਾਲੀ ਜਵਾਂ ਬੜ੍ਹਾ।
ਗ਼ੁੱਲ ਮਚ ਗਿਆ: 'ਯਿਹ ਪਾਂਚ ਪਿਆਰੋਂ ਮੇਂ ਏਕ ਹੈ।'
ਬੇ-ਮਿਸਾਲ ਹੈ ਸ਼ੱਜਾ,[੭] ਹਜ਼ਾਰੋਂ ਮੇਂ ਏਕ ਹੈ।'

੧. ਵੈਰੀ ਦਲ। ੨. ਚੀਨਾ ਘਾਹ, ਜੋ ਇਨ ਬਿਨ ਆਦਮੀ ਦੇ ਰੂਪ ਹੁੰਦਾ ਇ। ੩. ਕਿਲਾ, ਵਯੂਹ । ੪. ਘੇਰਾ ਘੱਤੂ । ੫. ਦੁਸ਼ਮਣ । ੬. ਤਰਫ, ਪਾਸੇ ।੭. ਬਹਾਦਰ।

੫੯

ਚਿੱਲਾਏ ਬੱਾਜ਼: ਲੋ ਵੁਹ ਦਇਆ ਸਿੰਘ ਜੀ ਬੜ੍ਹੇ।
ਖਾਂਡਾ ਪਕੜ ਕੇ ਹਾਥ ਮੇਂ ਜੀਵਤ ਬਲੀ[੧] ਬੜ੍ਹੇ।
ਸਤਿਗੁਰ ਕੇ ਬਾਗ਼ ਕੇ ਹੈਂ ਯਿਹ ਸਰਵਿ-ਸਹੀ[੨] ਬੜ੍ਹੇ।
ਲਾਸ਼ੋਂ ਕੇ ਪਾਟਨੇ ਕੋ ਸਫਰ-ਜਨਤੀ[੩] ਬੜ੍ਹੇ।
ਇਨ ਸਾ ਦਲੇਰ ਕੋਈ ਨਹੀਂ ਹੈ ਸਿਪਾਹ ਮੇਂ।
ਸਰ ਨਜ਼ਰ ਕਰ ਚੁੱਕੇ ਹੈਂ ਯਿਹ ਮੌਲਾ ਕੀ ਰਾਹ ਮੇਂ।

੬੦

'ਮੁਹਕਮ' ਕੀ ਸ਼ਕਲ ਦੇਖ ਕੇ ਲਹੂ ਨੁਚੜ ਗਿਆ।
ਧੱਬਾ ਅੱਦੂ ਕੇ ਜਾਮਾ ਇ-ਜੁਰਇਤ ਪੇ ਪੜ ਗਿਆ।
ਪਟਖਾ ਮਰੋੜ ਕਰ ਉਸੇ, ਹੱਥੇ ਜੁ ਚੜ੍ਹ ਗਿਆ।
ਦਹਸ਼ਤ ਸੇ ਹਰ ਜਵਾਨ ਕਾ ਹੁਲੀਆ ਬਿਗੜ ਗਿਆ।
'ਸਾਹਿਬ' ਕੋ ਦੇਖ ਮਸਖ ਖ਼ਤੁ ਖ਼ਾਲ ਹੋ ਗਏ[੪]।
ਡਰ ਸੇ ਸਫ਼ੈਦ ਜ਼ਾਲਿਮੋਂ ਕੇ ਬਾਲ ਹੋ ਗਏ।

੬੧

ਜਿਸ ਸੱਮਤ ਗ਼ੁਲ ਮਚਾ ਥਾ, ਉਧਰ ਜਬ ਨਿਗਾਹ ਕੀ।
ਆਵਾਜ਼ ਸਾਫ ਆਨੇ ਲਗੀ 'ਆਹ! ਆਹ!' ਕੀ।
ਇਕ ਖਾਲਸੇ ਨੇ ਹਾਲਤਿ ਲਸ਼ਕਰ ਤਬਾਹ ਕੀ।
ਰਨ ਮੇਂ ਕਹੀਂ ਜਗ੍ਹਾ ਨ ਰਹੀ ਥੀ ਪਨਾਹ ਕੀ।
'ਭਾਗੋ ! ਕਿ ਅਬ ਬਚਾਉ ਕੀ ਸੂਰਤ ਨਹੀਂ ਰਹੀ।'
ਆਏ 'ਧਰਮ' ਤੋ ਜੰਗ ਕੀ ਹਿੰਮਤ ਨਹੀਂ ਰਹੀ।

੬੨

ਲਾਖੋਂ ਕੋ ਕਤਲ ਕਰਕੇ 'ਪਯਾਰੇ' ਗੁਜ਼ਰ ਗਏ!
ਏਕ ਏਕ ਕਰਕੇ ਖਾਲਸੇ ਸਾਰੇ ਗੁਜ਼ਰ ਗਏ।

੧. ਅਮਰ ਸੂਰਮਾ । ੨. ਸਿੱਧਾ ਸਰੂ । ੩. ਸੁਰਗ ਦਾ ਪੈਂਡਾ ਪੂਰਨ ਲਈ ।
੪. ਹੁਲੀਏ ਬਦਲ ਗਏ ।



ਸਦਹਾ ਫਨਾਹ ਕੇ ਘਾਟ ਉਤਾਰੇ ਗੁਜ਼ਰ ਗਏ।
ਭੁਸ ਮੇਂ ਲਗਾ ਕੇ ਆਗ ਸ਼ਰਾਰੇ[੧] ਗੁਜ਼ਰ ਗਏ।
ਜ਼ਖ਼ਮੋਂ ਸੇ ਸਿੰਘ ਸੂਰਮੇ ਜਬ ਚੂਰ ਹੋ ਗਏ।
ਸ੍ਰਦਾਰ ਸਰ ਕਟਾਨੇ ਪਿ ਮਜਬੂਰ ਹੋ ਗਏ।

੬੩

ਫ਼ਵਾਰਾ ਇ-ਖ਼ੂੰ ਹਰ ਹਰ ਬੁਨੇ-ਮੂ[੨] ਸੇ ਰਵਾਂ ਹੂਆ।
ਜ਼ਖ਼ਮੋਂ ਸੇ ਚੂਰ ਚੂਰ ਇਕ ਇਕ ਜਵਾਂ ਹੂਆ।
ਖਾ ਖਾ ਕੇ ਤੀਰ ਸਿੰਘ ਹਰ ਇਕ ਨਾਤਵਾਂ[੩] ਹੂਆ।
ਸਰ ਤਨ ਪਿ ਸ਼ੌਕ ਕਤਲ ਮੇਂ ਬਾਰਿ ਗਿਰਾਂ[੪] ਹੂਆ।
ਲਾਖੋਂ ਕੀ ਜਾਨ ਲੇ ਕੇ ਦਲੇਰੋਂ ਨੇ ਜਾਨ ਦੀ।
ਸਤਿਗੁਰ ਗੁਰੂ ਗੋਬਿੰਦ ਕੇ ਸ਼ੇਰੋਂ ਨੇ ਜਾਨ ਦੀ।

੬੪

ਐ ਤਬੱਾ-ਰਸਾ[੫] ਆਜ ਦਿਖਾ ਅਪਨੀ ਰਸਾਈ[੬]।
ਐ ਤੇਗ਼ਿ-ਸੁਖਨ ਤੂ ਭੀ ਬਤਾ ਅਪਨੀ ਸਫਾਈ।
ਸ਼ਹਿਬਾਜ਼[੭] ਨੇ ਮੇਰੇ ਕਬੀ ਮੂੰਹ ਕੀ ਨਹੀਂ ਖਾਈ।
ਹੈਂ ਦੁਰ[੮] ਦੋ ਅਸਰ-ਖ਼ੈਰ ਸੇ ਦੋਨੋਂ ਸਗੇ ਭਾਈ।
ਖ਼ਾਕ ਉੜਨੇ ਲਗੇ ਬਾਹਰ[੯] ਗਰ 'ਆਹ' ਕਰੂੰ ਮੈਂ।
ਗੁਲਬੁਨ : ਬਨੇ ਗੁਲਜ਼ਾਰ ਅਗਰ 'ਵਾਹ!' ਕਰੂੰ ਮੈਂ ।

੬੫

ਗੁਲਸ਼ਨ ਮੇਂ ਚਹਕ ਮੁਝ ਸੇ ਹਜ਼ਾਰੋਂ ਨੇ ਉੜਾਈ।
ਗੁਲਬੁਨ[੧੦] ਮੇਂ ਮਹਕ ਮੁਝ ਸੇ ਹੀ ਸਾਰੋਂ ਨੇ ਉੜਾਈ।
ਬਿਜਲੀ ਨੇ ਤੜਪ ਜ਼ੂਇ[੧੧] ਸਤਾਰੋਂ ਨੇ ਉੜਾਈ।
'ਜੋਗੀ' ਸੇ ਖਟਕ ਬਨ ਮੇਂ ਹੈ ਖ਼ਾਰੋ[੧੨] ਨੇ ਉੜਾਈ।

੧. ਚਿੰਗਿਆੜੇ । ੨. ਰੋਮਾਂ ਦੀ ਜੜ੍ਹ । ੩. ਕਮਜ਼ੋਰ, ਨਤਾਕਤ । ੪. ਭਾਰੀ ਬੋਝ।
੫. ਕਾਵਜ ਯੋਗਤਾ । ੬. ਪਹੁੰਚ । ੭. ਸ਼ਾਹਬਾਜ਼, ਵਧੀਆ ਸ਼ਿਕਾਰੀ ਬਾਜ਼ ।
੮. ਮੋਤੀ । ੯. ਸਮੁੰਦਰ। ੧੦. ਗੁਲਾਬ ਦਾ ਬੂਟਾ। ੧੧. ਚਮਕ, ਲਿਸ਼ਕ।
੧੨. ਕੰਡਿਆਂ (ਨੇ )।

ਨਸ਼ਤਰ ਕਈ ਰਖ ਦੇਤਾ ਹੂੰ, ਹਰ ਮਿਸਰਾਇ ਤਰ ਮੇਂ।
ਕਾਂਟਾ ਹੂੰ ਜਬੀ ਗੁਲਸ਼ਨਿ-ਆੱਲਿਮ ਕੀ ਨਜ਼ਰ ਮੇਂ।

੬੬

ਮਦਾਂ ਮੇਂ ਅੱਦੂ ਮੇਰੀ ਹਵਾ ਕੋ ਨਹੀਂ ਪਹੁੰਚਾ।
ਸ਼ਬਦੇਜ਼ਿ-ਸੁਖਨ[੧] ਕੇ ਸੁਮਿ ਪਾ ਕੋ ਨਹੀਂ ਪਹੁੰਚਾ।
ਤਾ ਅੱਰਸ਼ ਗਯਾ, ਤਬੱ-ਰਸਾ ਕੋ ਨਹੀਂ ਪਹੁੰਚਾ।
ਬੰਦਾ ਕੋਈ ਜਿਸ ਤਰ੍ਹਾਂ ਖੁਦਾ ਕੋ ਨਹੀਂ ਪਹੁੰਚਾ।
ਖ਼ਾਮਾ[੨] ਤੋ ਨਹੀਂ ਹਾਥ ਮੇਂ ਮੂਸਾ ਕਾ ਅੱਸਾ[੩] ਹੈ।
'ਫਰਊਨ' ਅੱਦੂ ਕੀ ਮੇਰੀ ਮੁੱਠੀ ਮੇਂ ਕਜ਼ਾ[੪] ਹੈ।

੬੭

ਅਸ਼ਆੱਰ[੫] ਸੇ ਮੁਰਦੋਂ ਕੋ ਭੀ ਜ਼ਿੰਦਾ ਕੀਆ ਮੈਂਨੇ।
ਕਿਤਨੇ ਹੀ ਮਰੀਜ਼ੋਂ ਕੋ ਮਸੀਹਾ[੬] ਕੀਆ ਮੈਂਨੇ।
ਇਰਾਦਇ ਮੁਅੱਲਾ[੭] ਕੋ ਮੁਜੱਲਾ[੮] ਕੀਆ ਮੈਂਨੇ।
ਨਾ-ਪੈਦ ਥਾ ਜੁ ਰੰਗ ਵਹੁ ਪੈਦਾ ਕੀਆ ਮੈਂਨੇ।
ਤਹਿਸੀ[੯] ਲੀਆ ਕਰਤਾ ਹੂੰ ਟੂਟੇ ਹੁਏ ਦਿਲ ਸੇ।
ਬੱਸ ਇਸ਼ਕ ਕੇ ਮਾਰੇ ਹੁਏ, ਲੂਟੇ ਹੁਏ ਦਿਲ ਸੇ।

੬੮

ਜਿਸ ਦਿਲ ਕੋ ਨਹੀਂ ਇੱਸ਼ਕਿ-ਹਕੀਕੀ ਸੇ ਸਰੋਕਾਰ।
ਪੱਥਰ ਕਾ ਵੁਹ ਟੁਕੜਾ ਹੈ, ਵੁਹ ਦਿਲ ਤੋ ਨਹੀਂ ਜ਼ਿਨਹਾਰ[੧੦]।
ਖ਼ਾਲਕ ਕਾ ਪਯਾਰਾ ਹੈ, ਜੋ ਖਲਕਤ ਕੋ ਕਰੇ ਪਯਾਰ।
ਇਤਨਾ ਹੈ ਫ਼ਕਤ ਕਾਫਰੁੰ-ਦੀਂਦਾਰ[੧੧] ਕਾ ਮਿਯਾਰ[੧੨]।
ਸਿੱਖੀ ਭੀ ਸਿਖਾਤੀ ਹੈ, ਫਨਾਹ ਜ਼ਾਤ ਮੇਂ ਹੋ ਜਾ।
ਪੈਰੋ ਗੁਰੂ ਨਾਨਕ ਕਾ ਹਰ ਇੱਕ ਬਾਤ ਮੇਂ ਹੋ ਜਾ।

੧. ਕਵਿਤਾ ਦਾ ਘੋੜਾ। ੨. ਕਲਮ। ੩. ਸੋਟਾ। ੪. ਮੌਤ। ੫. ਸ਼ੇਅਰ ਦਾ ਬਹੁਵਚਨ, ਬੈਂਤਾਂ । ੬. ਦੁੱਖ ਨਿਵਾਰਨ। ੭. ਸ਼ੁੱਭ ਇੱਛਾ। ੮. ਲਿਸ਼ਕਾਂ ਮਾਰਨ ਵਾਲਾ, ਰੌਸ਼ਨ। ੯. ਸ਼ਾਬਾਸ਼। ੧੦. ਹਰਗਿਜ਼ ।੧੧. ਕਾਫਰ ਤੇ ਦੀਨਦਾਰ (ਮੋਮਨ) । ੧੨. ਕਸਵੱਟੀ।



੬੯

ਮਿਲ ਸ਼ੈਖ[੧] ਕੋ ਐ ਸਿੰਘ ਤੂੰ 'ਮਰਦਾਨਾ' ਸਮਝ ਕਰ।
ਵਾਹਗੁਰੂ ਕੀ ਸ਼ਮ੍ਹਾ ਕਾ ਪ੍ਰਵਾਨਾ ਸਮਝ ਕਰ।
ਕਰ ਤੌਫਿ-ਹਰਮ[੨] ਭੀ ਦਰਿ ਜਾਨਾਨਾ[੩] ਸਮਝ ਕਰ।
'ਕਾਂਸ਼ੀ' ਮੇਂ ਭੀ 'ਰਾਮ' ਕਾ ਕਾਸ਼ਾਨਾ[੪] ਸਮਝ ਕਰ।
ਵਾਹਗੁਰੂ ਕੀ ਫ਼ਤਿਹ ਤੂੰ ਮੰਦਰ ਮੇਂ ਗਜਾ ਦੇ।
ਨਾਰਾ 'ਸ੍ਰੀ ਅਕਾਲ ਕਾ' ਮਸਜਿਦ[੫] ਮੇਂ ਲਗਾ ਦੇ।

੭੦

ਜਬ ਤਕ ਤੇਰੀ ਨਜ਼ਰੋਂ ਮੇਂ ਕੋਈ ਗ਼ੈਰ ਹੈ ਬਾਕੀ।
ਤਬ ਤਕ ਹੀ ਤਮੀਜ਼ ਹਰਮੁ ਦੈਰ ਹੈ ਬਾਕੀ।
ਦੇ ਸ਼ੇਖੁ ਬ੍ਰਾਹਮਨ ਕੋ ਜੋ ਕੁਝ ਬੈਰ ਹੈ ਬਾਕੀ।
ਕਹਿਤੇ ਹੈਂ ਗੁਰੂ: 'ਸ਼ਰ[੬] ਹੈ ਫਨਾਹ ਖੈਰ[੭] ਹੈ ਬਾਕੀ।'
ਨੇਕੀ ਵੁਹ ਦੌਲਤ ਹੈ, ਕਭੀ ਛੁਟ ਨਹੀਂ ਸਕਤੀ।
'ਸਿਰ੍ਹੰਦ' ਤੋ ਲੁਟ ਸਕਦਾ ਹੈ, ਯਿਹ ਲੁਟ ਨਹੀਂ ਸਕਤੀ।

੭੧

ਤੌਹੀਦ[੮] ਕੇ ਪ੍ਰਚਾਰ ਸੇ ਸਭ ਨੇਕੀਆਂ ਕਮ ਹੈਂ।
ਮੁਹਤਾਜ ਇਸੀ ਚੀਜ਼ ਕੇ ਅਬ ਦੀਨੁ ਧਰਮ ਹੈਂ।
ਸਾਗ਼ਰ[੯] [੧੦]ਮਇ ਤੌਹੀਦ ਕਾ ਗੋ ਪੀ ਚੁਕੇ ਹਮ ਹੈਂ।
ਲੇਕਨ ਦਿਲਿ ਮੁਸਲਿਮ ਮੇਂ ਭੀ ਮੌਜੂਦ ਸਨਮ[੧੧] ਹੈਂ।
ਹੈ ਸ਼ਿਰਕ[੧੨] ਖਫੀ[੧੩] ਸ਼ਿਰਕ ਜਲੀ[੧੪] ਆੱਮ ਨਹੀਂ ਹੈਂ।
ਤਾਹਮ ਜੁ ਹੈ ਇਸਲਾਮ ਵਹੁ ਇਸਲਾਮ ਨਹੀਂ ਹੈਂ।

੭੨

ਉਠ ਸਾਕੀਆ[੧੫] ਉਠ ਸਾਗ਼ਰਿ-ਤੌਹੀਦ ਪਿਲਾ ਦੇ।
ਅੰਜਾਮ[੧੬] ਧਰਮੁ ਦੀਨ ਕੀ, ਤਮਹੀਦ[੧੭] ਪਿਲਾ ਦੇ।

੧. ਬ੍ਰਿਧ, ਉਸਤਾਦ (ਗੁਰੂ)। ੨. ਕਾਬੇ ਦੀ ਪਰਕ੍ਰਮਾ। ੩. ਪ੍ਰੀਤਮ ਦਾ ਬੂਹਾ। ੪. ਆਲ੍ਹਣਾ, ਘਰ। ੫. ਭਗਤੀ ਕਰਨ ਵਾਲੀ ਥਾਂ। ੬. ਬਦੀ, ਸ਼ਰਾਰਤ। ੭. ਨੇਕੀ । ੮. ਏਕਾਰਾਧਨ, ਇਕ ਅਕਾਲ ਦਾ ਸਿਮਰਨ। ੯-੧੦. ਅਦ੍ਵੈਤ ਦੇ ਸੋਮਰਸ ਦਾ ਬਾਟਾ। ੧੧. ਪ੍ਰੀਤਮ, ਬੁਤ, ਮੂਰਤੀ। ੧੨. ਦ੍ਵੈਤ, ਬਹੁ ਆਰਾਧਨ। ੧੩. ਲੁਕਵਾਂ, ਗੁਪਤ। ੧੪. ਪ੍ਰਗਟ, ਦਿੱਸਦਾ। ੧੫. ਪਿਲਾਣ ਵਾਲਾ। ੧੬. ਆਖਿਰ। ੧੭. ਜਾਣ-ਪਛਾਣ, ਗਿਆਨ।

ਐ ਮੇਰੇ ਸੁਖੀ ! ਐ ਮਿਰੇ ਜਮਸ਼ੀਦ[੧] ! ਪਿਲਾ ਦੇ।
ਹੋ ਜਾਏ ਫਕੀਰੋਂ ਕੀ ਭੀਂ ਆਜ ਈੱਦ ਪਿਲਾ ਦੇ।
ਤਾ ਮਜ਼ਬਹਿ-ਉੱਸ਼ਾਕ[੨] ਸੇ ਸਰ ਲੇ ਕੇ ਨ ਜਾਏਂ।
ਮਾਨਿੰਦ ਬਰਾਹੀਮ[੩] ਪਿਸਰ ਲੇ ਕੇ ਨ ਜਾਏਂ:

੭੩

ਇਕ ਖ਼੍ਵਾਬ ਸਾ ਦੁਨੀਆਂ ਕਾ ਵਜੂਦ[੪] ਔਰ ਅੱਦਮ[੫] ਹੈ।
ਹੈ ਦਿਲ ਮੇਂ ਮਿਰੇ ਜਿਸ ਕਾ ਯਿਹ ਸਭ ਜਾਹੁ-ਹਸ਼ਮ[੬] ਹੈ।
ਅੰਜਾਮਿ ਦੋ ਔਲਿਮ ਮਿਰੇ ਆਗਾਜ਼[੭] ਸੇ ਕਮ ਹੈ।
ਆਜ਼ਾਦ ਹੂੰ ਬੇ-ਫਿਕਰ ਹੂੰ,ਸ਼ਾਦੀ ਹੈ ਨ ਗ਼ਮ ਹੈ।
ਸੇਰ[੮] ਇਤਨਾ ਹੂੰ ਹਰ ਬੇਸ਼[੯] ਮੁਝੇ ਕਮ ਨਜ਼ਰ ਆਯਾ।
ਇਕ ਬੂੰਦ ਸੇ ਬੜ੍ਹ ਕਰ ਨਾ ਮੁਝੇ ਯਮ[੧੦] ਨਜ਼ਰ ਆਯਾ।

੭੪

ਉਂਧਾਏ[੧੧] ਹੁਏ ਮਸਤ ਪਿਆਲਾ ਕੋ ਹੈਂ ਕਬ ਸੇ।
ਬਾਤ ਹੋ ਨਹੀਂ ਸਕਤੀ ਹੈ ਨਕਾਹਤ[੧੨] ਕੇ ਸਬਬ ਸੇ।
ਅਬ ਤਕ ਨਾ ਕਹਾ ਹਮ ਨੇ ਤਕੱਲਫ[੧੩] ਸੇ ਅਦਦ ਸੇ।
ਬੇਹਾਲ ਹੈ ਬੇਕਸ ਤੇਰੇ ਬਾਦਾ[੧੪] ਕੀ ਤਲਬ ਸੇ।
ਸ਼ੀਸ਼ੇ[੧੫] ਮੇਂ ਡਬੋ ਦੇ ਹਮੇ, ਸਾਗ਼ਰ[੧੬] ਮੇਂ ਡਬੋ ਦੇ।
ਸੰਤੋਖ ਕੇ ਤਾਲਾਬ ਮੇਂ, ਕੌਸਰ[੧੭] ਮੇਂ ਡਬੋ ਦੇ।

੭੫

ਦੇ ਇਸ਼ਕ ਕੇ ਇਰਫਾਂ[੧੮] ਕੇ, ਵਹਦਤ[੧੯] ਕੇ ਪਿਆਲੇ।
ਦਸ ਬੀਸ ਪਿਲਾ ਦੇ ਮਇ[੨੦] ਅੰਮ੍ਰਿਤ ਕੇ ਪਿਆਲੇ।

੧. ਫਾਰਸ ਦਾ ਰੰਗੀਲਾ ਬਾਦਸ਼ਾਹ। ੨. ਆਸ਼ਕਾਂ ਦੀ ਕਤਲਗਾਹ। ੩. ਇਬਰਾਹੀਮ ਪੈਗ਼ੰਬਰ। ੪. ਹੋਂਦ। ੫. ਅਣਹੋਂਦ। ੬. ਇੱਜ਼ਤ ਤੇ ਨੌਕਰ-ਚਾਕਰ। ੭. ਆਦਿ, ਅਰੰਭ। ੮. ਰੱਜਿਆ ਹੋਇਆ। ੯. ਵਧੇਰਾ। ੧੦ ਦਰਿਯਾ। ੧੧. ਮੂਧਾ ਮਾਰਿਆ ਹੋਇਆ, ਖ਼ਾਲੀ। ੧੨. ਨਤਾਕਤੀ। ੧੩. ਸੰਕੋਚ। ੧੪. ਪਿਆਲਾ। ੧੫. ਸੁਰਾਹੀ, ਬੋਤਲ। ੧੬. ਕਟੋਰੀ। ੧੭. ਬਹਿਸ਼ਤੀ ਨੈ (ਨਹਿਰ। ੧੮. ਗਿਆਨ। ੧੯. ਅਦ੍ਵੈਤਵਾਦ। ੨੦. ਸ਼ਰਾਬ, ਸੋਮ ਰਸ, ਨਸ਼ਾ।



ਉਲਫਤ[੧] ਕੇ ਪਿਆਲੇ ਵੁਹ ਮੁਹੱਬਤ ਕੇ ਪਿਆਲੇ।
ਦੁਨੀਆਂ ਮੇਂ ਦਿਲਾ ਕਉਸਰਿ-ਜੱਨਤ ਕੇ ਪਿਆਲੇ।
ਨਸ਼ਾ ਹੋ ਫਿਰ ਐਸਾ ਕਿ ਦੂਈ ਦਿਲ ਸੇ ਜੁਦਾ ਹੋ।
ਜਿਸ ਚੀਜ਼ ਕੋ ਦੇਖੂੰ ਮੁਝੇ ਦੀਦਾਰਿ-ਖ਼ੁਦਾ ਹੋ।

੭੬

ਐ ਕਤਰਾਇ-ਨਾਚੀਜ਼ ਮੇਂ ਜਾਂ ਡਾਲਨੇ ਵਾਲੇ।
ਐ ਰਹਿਮ[੨] ਕੇ ਸਾਂਚੇ ਮੇਂ ਹੁਸੀਂ[੩] ਢਾਲਨੇ ਵਾਲੇ।
ਐ ਰੰਗ ਰੰਗੀਲੇ! ਐ ਹਮੇਂ ਪਾਲਨੇ ਵਾਲੇ!
ਆਫਾਤ[੪] ਕੋ ਐ ਬਨ ਕੇ ਸਿਪਰ[੫] ਟਾਲਨੇ ਵਾਲੇ।
ਨਾ-ਅਹਲ[੬] ਹੂੰ ਦਾਤਾ! ਤੂੰ ਮੁਝੇ ਅਹਲ[੭] ਬਨਾ ਦੇ!
ਮੁਸ਼ਕਲ ਜਿਸੇ ਸਮਝੂੰ ਤੂੰ ਉਸੇ ਸਹਲ ਬਨਾ ਦੇ!

੭੭

ਹਾਂ, ਮੁਲਕਿ ਸੁਖਨ[੮] ਕੀ ਮੁਝੇ ਜਾਗੀਰ ਅੱਤਾ ਕਰ!
ਲਫਜ਼ੋਂ ਕੋ ਮਿਰੇ ਬੁਰਸ਼ਿ ਸ਼ਮਸ਼ੀਰ[੯] ਅੱਤਾ ਕਰ।
ਬੇ-ਮਿਸਾਲ[੧੦] ਮੁਝ ਕੁਵਤਿ ਤਹਰੀਰ[੧੧] ਅੱਤਾ ਕਰ।
ਤੂੰ ਆਪ ਮੁਅੱਸਰ[੧੨] ਹੋ, ਵੁਹ ਤਾਸੀਰ ਅੱਤਾ ਕਰ।
ਮੁਸ਼ਕਲ ਤੋ ਨਹੀਂ ਗਰ ਮਿਰੇ ਮੌਲਾ ਕਾ ਕਰਮ ਹੋ।
ਬਾਬ ਸੀ ਸ਼ੈ 'ਗੰਜਿ-ਸ਼ਹੀਦਾਂ'[੧੩] ਯਿਹ ਰਕਮ[੧੪] ਹੋ।

੭੮

ਗੋਬਿੰਦ ਕੇ ਦਿਲਦਾਰ ਕਿਲੇ ਸੇ ਨਿਕਲ ਆਏ।
ਵੁਹ ਦੇਖੀਏ ਸਰਕਾਰ ਕਿਲੇ ਸੇ ਨਿਕਲ ਆਏ।

੧. ਮਿਤ੍ਰਾਚਾਰ। ੨. ਧਰਨ, ਬੱਚਾਦਾਨੀ। ੩. ਸੁੰਦਰ, ਸੋਹਣਾ। ੪. ਆਫਤਾਂ-ਬਿਪਤਾਂ। ੫. ਢਾਲ। ੬. ਨਾਲਾਇਕ। ੭. ਲਾਇਕ-ਯੋਗਜ। ੮. ਕਾਵਜ ਰੂਪੀ ਦੇਸ਼। ੯.ਤਲਵਾਰ ਦੀ ਕਾਟ। ੧੦. ਅਨੋਖੀ। ੧੧. ਲਿਖਣ ਬਲ। ੧੨. ਪ੍ਰਭਾਵਿਤ।, ੧੩. ਸ਼ਹੀਦਾਂ ਦਾ ਢੇਰ। ੧੪. ਲਿਖਿਆ ਜਾਏ ।

ਘੋੜੇ ਪੇ ਹੋ ਅਸਵਾਰ ਕਿਲੇ ਸੇ ਨਿਕਲ ਆਏ।
ਲੇ ਹਾਥ ਮੇਂ ਤਲਵਾਰ ਕਿਲੇ ਸੇ ਨਿਕਲ ਆਏ।
ਕਿਆ ਵਸਫ਼[1] ਹੋ ਉਸ ਤੇਗ਼ ਕਾ ਇਸ ਤੇਗ਼ਿ-ਜ਼ਬਾਂ ਸੇ।
ਵੁਹ ਮਿਆਨ ਸੇ ਨਿਕਲੀ, ਨਹੀਂ ਨਿਕਲੀ ਯਿਹ ਦਹਾਂ[2] ਸੇ।

੭੯

ਕਿਸ ਮੂੰਹ ਸੇ ਕਰੂੰ ਤੇਗ਼ਿ-ਖ਼ਮਦਾਰ ਕੀ ਤਾੱਰੀਫ਼।
ਗੋਬਿੰਦ ਕੀ ਬਖ਼ਸ਼ੀ ਹੁਈ ਤਲਵਾਰ ਕੀ ਤਾੱਰੀਫ਼।
ਪ੍ਰਕਾਲਾਇ-ਆਤਿਸ਼[3] ਕੀ ਸ਼ੱਰਰਬਾਰ[4] ਕੀ ਤਾੱਰੀਫ਼।
ਬਾਂਕੀ ਕੀ ਨੁਕੀਲੀ ਕੀ, ਤਰਹਦਾਰ[5] ਕੀ ਤਾੱਰੀਫ਼।
ਥੀ ਦੋਸ਼[6] ਪਿ ਸ਼ਮਸ਼ੀਰ, ਯਾ ਕਾਧੈ ਪਿ ਪਰੀ ਥੀ।
ਥੀ ਤਿਸ਼ਨਾਇ-ਖ਼ੂੰ[7], ਇਸ ਲੀਏ ਗੁੱਸੇ ਮੇਂ ਭਰੀ ਥੀ।

੮੦

ਅਜ਼ ਦੀਦਾ ਇ-ਜ਼ੋਹਰ[8] ਇਸੇ ਦੇਖਾ, ਉਸੇ ਦੇਖਾ।
ਕੁਝ ਦੇਰ ਬਰਾਬਰ, ਇਸੇ ਦੇਖਾ, ਉਸੇ ਦੇਖਾ।
ਪਹਿਲੂ ਕੋ ਬਦਲ ਕਰ, ਇਸੇ ਦੇਖਾ, ਉਸੇ ਦੇਖਾ।
ਸਦਕੇ ਹੁਈ ਸਚ ਪਰ ਇਸੇ ਦੇਖਾ, ਉਸੇ ਦੇਖਾ।
ਅਬ ਕਿਆ ਥਾ ਗਿਰੀ, ਬਰਕਿ-ਬਲਾ ਬਨ ਕੇ ਗਿਰੀ ਵੁਹ।
ਮੂੰਹ ਫਿਰ ਗਏ ਲਾਖੋਂ ਹੀ ਕੇ ਜਿਸ ਸੰਮਤ[9] ਫਿਰੀ ਵੁਹ।

੮੧

ਕਹਤੇ ਥੇ ਅੱਦੂ: "ਬਰਕ[10] ਹੈ ਤਲਵਾਰ ਨਹੀਂ ਹੈ।
ਇਸ ਕਾਟ ਕਾ ਦੇਖਾ ਕਭੀ ਹਥਿਆਰ ਨਹੀਂ ਹੈ!
ਨੌਂ-ਮਸ਼ਕ[11] ਜਵਾਂ ਯਿਹ ਕੋਈ ਜ਼ਿਨਹਾਰ[12] ਨਹੀਂ ਹੈ।

---

੧. ਸਿਫ਼ਤ ਸਲਾਹੁਤਾ। ੨. ਮੂੰਹ। ੩. ਅੱਗ ਦੀ ਲਾਟ। ੪. ਚੰਗਿਆੜੇ ਵਰਸਾਉ। ੫. ਘਾੜਤ ਵਾਲੀ। ੬.ਮੋਢਾ, ਕੱਨ੍ਹਾ। ੭. ਰੱਤ ਦੀ ਤਿਹਾਈ। ੮. ਹਕੀਕੀ ਅੱਖ ਨਾਲ। ੯. ਤਰਫ਼, ਦਿਸ਼ਾ। ੧੦. ਬਿਜਲੀ। ੧੧. ਨਵਾਂ ਅਭਿਆਸੀ।੧੨. ਹਰਗਿਜ਼, ਕਦਾਚਿਤ।



ਸਤਿਗੁਰ ਹੈ ਯਿਹ ਫ਼ਰਜ਼ੰਦਿ[1] ਵਫ਼ਾਦਾਰ ਨਹੀਂ ਹੈ।"
ਲਲਕਾਰੇ 'ਅਜੀਤ' ਔਰ ਮੁਖ਼ਾਤਬ ਹੁਏ ਸਭ ਸੇ।
ਫ਼ਰਮਾਏ ਅੱਦੂ ਸੇ: "ਨ ਨਿਕਲ ਹੱਦਿ-ਅਦਬ ਸੇ।"

੮੨

"ਸਤਿਗੁਰੂ ਗੁਰੂ ਗੋਬਿੰਦ ਕੇ ਹਮਸਰ[2] ਨਹੀਂ ਹਮ ਹੈਂ!
ਉਨ ਕੇ ਤੋ ਕਫਿ-ਪਾ[3] ਕੇ ਬ੍ਰਾਬਰ ਨਹੀਂ ਹਮ ਹੈਂ!
ਖ਼ਾਦਿਮ ਹੈਂ ਹਰ ਇਕ ਸਿੰਘ ਕੇ ਅਫਸਰ ਨਹੀਂ ਹਮ ਹੈਂ!
ਜੋ ਤੁਮ ਹੋ ਸਮਝਤੇ ਵੁਹ ਮੁਕੱਰਰ[4] ਨਹੀਂ ਹਮ ਹੈਂ।
ਫ਼ਰਜ਼ੰਦ ਹੈਂ ਦਿਲਬੰਦ ਹੈਂ, ਹਮਸਰ ਤੋ ਨਹੀਂ ਹੈਂ!
ਹਮ ਕਲਗੀਓਂ ਵਾਲੇ ਕੇ ਬ੍ਰਾਬਰ ਤੋ ਨਹੀਂ ਹੈਂ!!"

੮੩

ਉਸ ਹਾਥ ਮੇਂ ਬੇ ਬਾਜ਼ੂ ਇ ਗੋਬਿੰਦ ਕੇ ਕਸਬਲ[5]।
ਫ਼ਰਜ਼ੰਦ[6] ਕੀ ਤਲਵਾਰ ਸੇ ਥੱਰਰਾ ਗਏ ਜਲ ਥਲ।
ਜ਼ਿੰਦੋਂ ਕਾ ਤੋ ਕਿਆ ਜ਼ਿਕਰ ਹੈ ਮੁਰਦੇ ਹੁਏ ਬੇਕਲ।
ਸ਼ਮਸ਼ਾਨ ਮੇਂ ਥਾ ਸ਼ੋਰ ਮਜ਼ਾਰੋ[7] ਮੇਂ ਥੀ ਹਲਚਲ।
ਜਮਨਾ ਕੇ ਭੀ ਪਾਨੀ ਮੇਂ ਤਲਾਤਮ[8] ਸਾ ਥਪਾ ਥਾ।
ਗੰਗਾ ਕੇ ਭੀ ਜ਼ੱਰਰੋਂ ਮੇਂ ਅਜਬ ਜ਼ੋਸ਼ ਭਰਾ ਥਾ।

੮੪

ਦਿਓ ਲੋਕ[9] ਕੇ ਸਭ ਦੇਵਤੇ ਫਿਰਦੌਸ[10] ਸੇ ਝਾਂਕੇ।
'ਰੁਸਤਮ' ਸੇ ਜਵਾਂ 'ਭੀਮ' ਸੇ ਯਲ[11] 'ਨਲ' ਸੇ ਬਾਂਕੇ।
ਹੈਰਾਂ ਥੇ ਹੁਨਰ ਸੇ, ਪਿਸਰਿ[12] ਪੀਰਿ-ਯਿਆਂ[13] ਕੇ।
ਆਕਾਸ਼ ਕੀ ਮਖ਼ਲੂਕ[14] ਕੋ ਖਤਰੇ ਹੁਏ ਜਾਂ ਕੇ।
ਤਲਵਾਰ ਵੁਹ ਖ਼ੂੰਖ਼ਾਰ ਥੀ, ਤੋਬਾ ਹੀ ਭਲੀ ਥੀ।
ਲਾਖੋਂ ਕੀ ਹੀ ਜਾਂ ਲੈ ਕੇ, ਬਲਾ ਸਰ ਸੇ ਟਲੀ ਥੀ।

---

੧. ਪੁੱਤ। ੨. ਬਰੋਬਰ। ੩. ਪਾਤਲੀ। ੪. ਮੁੜਿ,ਫੇਰ। ੫. ਪਕੜ ਤੇ ਤਾਕਤ। ੬. ਪੁੱਤ੍ਰ। ੭. ਕਬਰਾਂ। ੮. ਉਛੱਲਾਂ।੯. ਸ੍ਵਰਗ। ੧੦. ਬਹਿਸ਼ਤ। ੧੧. ਬਹਾਦਰ। ੧੨. ਪੁੱਤ੍ਰ। ੧੩. ਰੁਦ੍ਰ-ਰਸੀਆ ਗੁਰੂ, ਸੂਰਮਾ ਗੁਰੂ। ੧੪. ਸ੍ਰਿਸ਼ਟੀ।

੮੫

ਪਲਟਨ ਪਿ ਗਿਰੀ, ਕਾਟ ਦੀਆ ਪਲ ਮੇਂ ਰਸਾਲਾ।
ਸਰ ਉਸ ਕਾ ਉਛਾਲਾ, ਕਭੀ ਧੜ ਉਸ ਕਾ ਉਛਾਲਾ।
ਲਾਸ਼ੋਂ ਸੇ ਵੁਹ ਜਾ ਪਟ ਗਈ, ਸਾਯਾ ਜਹਾਂ ਡਾਲਾ।
ਥਾ ਖੈਂਚ ਲੀਆ ਡਰ ਸੇ, ਮਹੁ-ਮਿਹਰ ਨੇ ਹਾਲਾ।
ਤੋਂਦਲ[੧] ਫਕਲ[੨] ਪੀਰ ਖੜਾ ਹਾਂਪ ਰਹਾ ਥਾ।
ਮਰੀਖ਼[੩] ਕੋ ਲਰਜ਼ਾ ਥਾ, ਜ਼ੁਹਲ[੪] ਕਾਂਪ ਰਹਾ ਥਾ।

੮੬

ਦਹਸ਼ਤ ਸੇ ਸਭੀ ਬੁਰਜ ਸਤਾਰੋਂ ਮੇਂ ਘੁਸੇ ਥੇ।
ਅਕਰਬੁ[੫] ਅਸਦੁ[੬] ਸੂਰ[੭] ਹਿਸਾਰੋਂ[੮] ਮੇਂ ਘੁਸੇ ਥੇ।
ਯਿਹ ਹੋਸ਼ ਥੇ ਗੁੱਮ ਅਯਦਹੇ[੯] ਗ਼ਾਰੋਂ ਮੇਂ ਘੁਸੇ ਥੇ।
ਸ਼ੇਰੋਂ ਮੇਂ ਹਿਰਨ, ਸ਼ੇਰ ਚਕਾਰੋਂ[੧੦] ਮੇਂ ਘੁਸੇ ਥੇ।
ਯਿਹ ਇਸ ਕੋ ਦਿਖਾ, ਔਰ ਨ ਵੁਹ ਉਸ ਕੋ ਨਜ਼ਰ ਆਯਾ।
ਛਿਪਨੇ ਕੇ ਲੀਏ ਭੇੜੀਆ ਭੇੜੋਂ ਮੇਂ ਦਰ ਆਯਾ।

੮੭

ਯਿਹ ਆਈ, ਵੁਹ ਪਹੁੰਚੀ ਵੁਹ ਗਈ, ਸਨ[੧੧] ਸੇ ਨਿਕਲ ਕਰ।
ਜਬ ਬੈਠ ਗਈ ਸਰ ਪਿ, ਉਠੀ ਤਨ ਸੇ ਨਿਕਲ ਕਰ।
ਦੋ ਕਰ ਗਈ, ਚਾਰ ਆਈਨਾ[੧੨] ਜੋਸ਼ਨ[੧੩] ਸੇ ਨਿਕਲ ਕਰ।
ਤੱਰਾਰੀ[੧੪] ਮੇਂ, ਤੇਜ਼ੀ ਮੇਂ, ਥੀ ਨਾਗਨ ਸੇ ਨਿਕਲ ਕਰ[੧੫]।
ਦੁਸ਼ਮਨ ਕੋ ਲੀਆ ਮਰਕਬਿ ਦੁਸ਼ਮਨ[੧੬] ਭੀ ਨ ਛੋੜਾ।
ਅਸਵਾਰ ਕੋ ਦੋ ਕਰ ਗਈ, ਤੋ ਸਨ[੧੧] ਭੀ ਨਾ ਛੋੜਾ।

---

੧. ਢਿੱਡਲ। ੨. ਆਸਮਾਨ। ੩. ਮੰਗਲ ਤਾਰਾ। ੪. ਛਨਿੱਛਰ। ੫. ਬ੍ਰਿਸ਼ਚਕ (ਬਿੱਸ਼ੂ) ਰਾਸ਼ਿ।੬. ਸਿੰਘ ਰਾਸ਼ਿ। ੭. ਬ੍ਰਿਖ ਰਾਸ਼ਿ। ੮. ਕਿਲ੍ਹਿਆਂ (ਬੁਰਜਾਂ)। ੯. ਸਰਾਲ, ਵੱਡਾ ਸੱਪ। ੧੦. ਬਾਰਾਂ ਸਿੰਗਿਆਂ । ੧੧. ਸੰਜੋਇ। ੧੨. ਸ਼ੀਸ਼ਾ।੧੩. ਜ਼ਿਰਹ(ਸੰਜੋਇ) । ੧੪. ਤੇਜ਼ੀ, ਚਲਾਕੀ। ੧੫. ਵਧ ਕੇ। ੧੬. ਵੈਰੀ ਦੇ ਵਾਹਨ, ਘੋੜੇ ਆਦਿ।



੮੮
ਤਲਵਾਰ ਸੀ ਤਲਵਾਰ ਥੀ ਕਿਆ ਜਾਨੀਏ ਕਿਆ ਥੀ!
ਖ਼ੂੰਖ਼ਾਰ ਥੀ ਖ਼ੂੰਬਾਰ[੧] ਥੀ ਆਫ਼ਤ ਥੀ ਬਲਾ ਥੀ।
ਥੀ ਆਬ ਯਾ ਫੌਲਾਦ ਪਿ ਬਿਜਲੀ ਕੀ ਜਲਾ[੨] ਥੀ।
ਯਮਰਾਜ ਕੀ ਅੰਮਾਂ ਥੀ, ਵੁਹ ਸ਼ਮਸ਼ੀਰਿ-ਕਜ਼ਾ[੩] ਥੀ।
ਅਰਦਲ ਮੇਂ ਬਿਚਾਰੇ ਮਲਕੁਲ-ਮੌਤ[੪] ਖੜੇ ਥੇ।
ਆਪਨੇ ਸ਼ੁਗਲਿ-ਖਾਸ ਮੇਂ ਮੁਸ਼ਗੂਲ ਬੜੇ ਥੇ।

੮੯
ਘੋੜਾ ਵੁਹ ਸਬੁਕ-ਸੀਅਰ[੫] ਬਦਲ[੬] ਜਿਸ ਕਾ ਨਹੀਂ ਥਾ।
ਦੇਖਾ ਤੋ ਕਹਾਂ ਥਾ, ਅਭੀ ਦੇਖਾ ਤੋ ਕਹੀਂ ਥਾ।
ਮਹਫੂਜ਼ ਕੋਈ ਉਸ ਸੇ, ਮਕਾਂ ਥਾ ਨ ਮਕੀਂ[੭] ਥਾ।
ਬਾਲਾ ਇ-ਫਲਕ[੮] ਥਾ ਵੁਹ ਕਭੀ ਜ਼ੇਰਿ-ਜ਼ਮੀਂ[੯] ਥਾ।
ਥੀ ਟਾਪ ਕੀ ਆਵਾਜ਼ ਯਾ ਸੈਲੀ ਇ ਸਬਾ[੧੦] ਥੀ।
ਗ਼ੁੰਚੇ ਕੇ ਚਟਖ਼ਨੇ[੧੧] ਕੀ ਸਦਾ[੧੨] ਇਸ ਸੇ ਸਿਵਾ[੧੩] ਥੀ।

੯੦
ਇਸ ਕੋ ਕੁਚਲ ਆਇਆ ਕਭੀ ਉਸ ਕੋ ਕੁਚਲ ਆਇਆ।
ਸਦਹਾ[੧] ਕੀ, ਲਕਦ-ਕੋਬੀ[੧੫] ਸੇ ਹੈਯਤ[੧੬] ਬਦਲ ਆਇਆ।
ਠੋਕਰ ਜਹਾਂ ਮਾਰੀ, ਵਹਾਂ ਪਾਨੀ ਨਿਕਲ ਆਇਆ।
ਸ਼ੇਰ ਆ ਗਿਆ ਗਰ ਸਾਮਨੇਂ ਬੋਲਾ : "ਸੰਭਲ ਆਇਆ !"
ਤੇਜ਼ੀ ਮੇਂ ਹਵਾ ਕੇ ਭੀ ਥਾ, ਵੋਹ ਕਾਨ ਕਤਰਤਾ।
ਥਾ ਸੁਮ ਸੇ ਕਭੀ ਫੂਲ, ਕਭੀ ਪਾਨ ਕਤਰਤਾ।

੯੧
ਕਹਤੇ ਥੇ ਸਭੀ : "ਅਸਪ[੧੭] ਨਹੀਂ ਹੈ ਯਿਹ ਛਲਾਵਾ!
ਤਾਕਤ ਭੀ ਬਲਾ ਕੀ ਹੈ, ਨਜ਼ਾਕਤ ਕੇ ਅਲਾਵਾ!

---

੧. ਖ਼ੂਨ ਵਰਸਾਉਣ ਵਾਲੀ। ੨. ਚਮਕ, ਲਿਸ਼ਕ। ੩. ਕਾਲ ਦੀ ਕ੍ਰਿਪਾਨ। ੪. ਮੌਤ ਦਾ ਫਰਿਸ਼ਤਾ। ੫. ਤੇਜ਼ ਚਾਲ। ੬. ਉਸ ਵਰਗਾ ਹੋਰ। ੭. ਮਕਾਨ'ਚ ਵੱਸਣ ਵਾਲਾ। ੮. ਅਕਾਸ਼ ਉੱਤੇ । ੯. ਧਰਤੀ ਹੇਠ। ੧੦. ਸਵੇਰ-ਸਾਰ ਹਵਾ ਦਾ ਰੁਮਕਣਾ। ੧੧. ਕਲੀ ਤਿੜਕਣ (ਖਿੜਨ ਦੀ) । ੧੨. ਆਵਾਜ਼। ੧੩. ਵੱਖਰੀ, ਵਧ ਕੇ। ੧੪. ਸੈਂਕੜਿਆਂ (ਦੀ )। ੧੫. ਲਤਾੜਨ ੧੬. ਹੁਲੀਆ। ੧੭. ਘੋੜਾ।

ਕਰਤੇ ਥੇ ਨਜ਼ਰ-ਬਾਜ਼, ਉਸੇ ਦੇਖ ਕੇ ਦੱਾਵਾ।
ਐਸਾ ਨਾ ਕਦਮ ਹੀ ਹੈ, ਕਿਸੀ ਕਾ ਨਾ ਹੈ ਕਾਵਾ[੧]!
ਪੁੱਠਾ ਹੈ ਅਲੱਗ, ਇਸ ਕੀ ਕਨੌਤੀ ਹੀ ਜੁਦਾ ਹੈ!
ਸੀਮਾਬ[੨] ਲਹੂ ਕੀ ਜਗਾ ਰਗ ਰਗ ਮੇਂ ਭਰਾ ਹੈ!

੯੨

ਤਾਊਸ[੩] ਸੀ ਦੁੰਮ, ਚਾਂਦ ਸੇ ਸੁੱਮ, ਮਾਰ[੪] ਕੀ ਸੂਰਤ !
ਬੇ-ਪਾਰ ਹੈ, ਮਗਰ ਉੜਤਾ ਹੈ ਪਰਦਾਰ ਕੀ ਸੂਰਤ !
ਕਸ[੫] ਸ਼ੇਰ ਕੀ ਬਲ ਫ਼ੀਲ[੬] ਕਾ ਰਹਿਵਾਰ[੭] ਕੀ ਸੂਰਤ !
ਫਿਰਤਾ ਹੈ ਇਸ਼ਾਰੇ ਸੇ ਹੀ ਪਰਕਾਰ ਕੀ ਸੂਰਤ !!"
ਜਿਸ ਸੱਮਤ ਗਯਾ ਰਣ ਕਾ ਯਿਹ ਨਕਸ਼ਾ ਬਦਲ ਆਇਆ।
ਪਲਟਨ ਪਲਟ ਆਇਆ, ਯਿਹ ਰਸਾਲਾ ਕੁਚਲ ਆਇਆ।

੯੩

ਪਕੜੇ ਜਿਸੇ ਗਰਦਨ ਸੇ ਯਿਹ ਪੂਰਾ ਉਸੇ ਕਰ ਦੇ।
ਹੋ ਕਾਮਲਿ-ਫਨ ਭੀ ਤੋ ਅਧੂਰਾ ਉਸੇ ਕਰ ਦੇ!
ਪੈਰੋਂ ਮੇਂ ਤੁਫੰਗ ਆਏ ਤੋ ਬੂਰਾ ਉਸੇ ਕਰ ਦੇ।
ਜਿਸ ਤੋਪ ਪਿ ਦੋ ਟਾਪ ਯਿਹ ਚੂਰਾ ਉਸੇ ਕਰ ਦੇ।
ਜੀ ਮੇਂ ਕਦਰ-ਅੰਦਾਜ਼[੮] ਡਰੇ ਓਪਚੀ[੯] ਭਾਗੇ।
ਤੋਪੋਂ ਕੇ ਗ਼ਰਜ਼ ਛੋੜ ਕੇ ਸਭ ਤੋਪਚੀ ਭਾਗੇ।

੯੪

ਸ਼ਾਹਜ਼ਾਦਾ ਇ-ਜ਼ੀ ਜਾਹ[੧੦] ਨੇ ਭਾਗੜ ਥੀ ਮਚਾ ਦੀ।
ਯਿਹ ਫੌਜ ਭਗਾ ਦੀ, ਕਭੀ ਵੁਹ ਫੌਜ ਭਗਾ ਦੀ।
ਬੜ੍ਹ-ਚੜ੍ਹ ਕੇ ਤਵੱਕੋ ਸੇ ਜ਼ਜ਼ਾਅੱਤ ਜੋ ਦਿਖਾ ਦੀ।

---

੧. ਧਰਤੀ ਉੱਤੇ ਸੁੱਮ (ਪੈਰ) ਦੀ ਸੱਟ, ਟਾਪ। ੨. ਪਾਰਾ। ੩. ਮੋਰ। ੪. ਸੱਪ। ੫. ਪਕੜੋ। ੬. ਹਾਥੀ। ੭. ਤਿੱਖੀ ਚਾਲ ਵਾਲਾ ਘੋੜਾ। ੮. ਬੰਬਰ, ਬੰਬ ਸੁੱਟਣ ਵਾਲੇ। ੯. ਸ਼ਸ਼ਤ੍ਰਧਾਰੀ ਜੋਧੇ। ੧੦. ਪਤਿਵੰਤਾ, ਅੱਾਲੀ ਕਦਰ।



ਸਤਿਗੁਰ ਨੇ ਵਹੀਂ ਕਿਲੱਾ ਸੇ ਬੱਚੇ ਕੋ ਨਿਦਾ[੧] ਦੀ :-
"ਸ਼ਾਬਾਸ਼ ਪਿਸਰ ਖ਼ੂਬ ਦਲੇਰੀ ਸੇ ਲੜੇ ਹੋ !
ਹਾਂ ਕਿਉਂ ਨਾ ਹੋ, ਗੋਬਿੰਦ ਕੇ ਫਰਜ਼ੰਦ ਬੜੇ ਹੋ !!"

੯੫

ਦਿਲਬੰਦ ਨੇ ਤਲਵਾਰ ਸੇ ਤਸਲੀਮ ਬਜਾਈ।
ਗਰਦਨ ਪਇ ਆਦਾਬ[੨] ਦਿਲਾਵਰ ਨੇ ਝੁਕਾਈ।
ਇਸ ਵਕਫਾ ਮੇਂ ਫੌਜਿ ਸਿਤਮ-ਆਰਾ[੩] ਉਮੰਡ ਆਈ।
ਬਰਛੀ ਕਿਸੀ ਬਦਬਖ਼ਤ ਨੇ ਪੀਛੇ ਸੇ ਲਗਾਈ।
ਤਿਉਰਾ ਕੇ[੪] ਗਿਰੇ ਜ਼ੀਨ ਸੇ ਸ੍ਰਕਾਰ ਜ਼ਮੀਂ ਪਰ।
ਰੂਹ ਖੁਲਦ[੫] ਗਈ ਔਰ ਤਨਿ-ਜ਼ਾਰ[੬] ਜ਼ਮੀਂ ਪਰ।

੯੬

ਬੇਟੇ ਕੋ ਸ਼ਹਾਦਤ ਮਿਲੀ ਦੇਖਾ ਜੋ ਪਦਰ ਨੇ।
ਤੂਫਾਂ ਬਪਾ ਗ਼ਮ ਸੇ ਕੀਆ ਦੀਦਾ ਇ ਤਰ ਨੇ।
ਇਸ ਵਕਤ ਕਹਾ ਨੰਨ੍ਹੇਂ ਸੇ ਮੱਾਸੂਮ ਪਿਸਰ ਨੇ :-
"ਰੁਖਸਤ ਹਮੇਂ ਦਿਲਵਾਉ ਪਿਤਾ, ਜਾਏਂਗੇ ਮਰਨੇ !
ਭਾਈ ਸੇ ਬਿਛੜ ਕਰ ਹਮੇਂ ਜੀਨਾ ਨਹੀਂ ਆਤਾ।
ਸੋਨਾ ਨਹੀਂ , ਖਾਨਾ ਨਹੀਂ, ਪੀਨਾ ਨਹੀਂ ਭਾਤਾ!"

੯੭

ਥੀ ਦੂਸਰੇ ਬੇਟੇ ਕੀ ਸੁਨੀ ਬੇਨਤੀ ਜਿਸ ਦਮ।
ਸਰ ਕੋ, ਦਹਨਿ ਪਾਕ ਕੇ ਬੋਸੇ ਦਿਯੇ ਪੈਹਮ[੭]।
"ਮਰਨੇ ਕੇ ਲੀਏ-"ਕਹਨੇ ਲਗੇ: "ਜਾਈਏ ਜਮ ਜਮ!
ਰੂਠੋ ਨ ਖੁਦੱਾ ਰਾ! ਨਹੀਂ ਰੋਕੇਂਗੇ ਕਭੀ ਹਮ!"

---

੧. ਆਵਾਜ਼। ੨. ਸਤਿਕਾਰ ਲਈ। ੩. ਜ਼ਾਲਿਮ। ੪. ਭੁਆਟਣੀ ਖਾ ਕੇ । ੫. ਸੁਰਗ। ੬. ਜ਼ਖ਼ਮੀ ਸਰੀਰ। ੭. ਲਗਾਤਾਰ, ਕਈ ਵਾਰ।

ਹਮ ਨੇ ਥਾ ਕਹਾ ਬਾਪ ਕੋ 'ਜਾਂ ਦੀਜੇ ਧਰਮ ਪਰ!'
ਲੋ ਕਹਤੇ ਹੈਂ ਅਬ ਆਪ ਕੋ, 'ਜਾਂ ਦੀਜੇ ਧਰਮ ਪਰ !'

੯੮

"ਮਰਨੇ ਸੇ ਕਿਸੀ ਯਾਰ ਕੋ ਹਮ ਨੇ ਨਹੀਂ ਰੋਕਾ।
ਫ਼ਰਜ਼ੰਦਿ ਵਫ਼ਾਦਾਰ ਕੋ ਹਮ ਨੇ ਨਹੀਂ ਰੋਕਾ।
ਖੁਸ਼ਨੂਦੀ ਇ[੧] ਕਰਤਾਰ ਕੋ ਹਮ ਨੇ ਨਹੀਂ ਰੋਕਾ।
ਅਬ ਦੇਖੀਏ, ਸ੍ਰਕਾਰ ਕੋ ਹਮ ਨੇ ਨਹੀਂ ਰੋਕਾ।
ਤੁਮ ਕੋ ਭੀ ਇਸੀ ਰਾਹ ਮੇਂ ਕੁਰਬਾਨ ਕਰੇਂਗੇ!
ਸਦ ਸ਼ੁਕਰ ਹੈ ਹਮ ਭੀ ਕਭੀ ਖੰਜਰ ਸੇ ਮਰੇਂਗੇ !!

੯੯

"ਕੁਰਬਾਨ, ਪਦਰ ਕੋ ਕੋਈ ਇਨਕਾਰ ਨਹੀਂ ਹੈ !
ਸਿਨ[੨] ਖੇਲ ਕਾ ਹੈ, ਰਨ ਕਾ ਸਜ਼ਾਵਾਰ[੩] ਨਹੀਂ ਹੈ !
ਆਈ ਹੀ ਚਲਾਨੀ ਤੁਮੇਂ ਤਲਵਾਰ ਨਹੀਂ ਹੈ !
ਯਿਹ ਗੁਲ[੪] ਸਾ ਬਦਨ[੫] ਕਾਬਲਿ ਸੂਫਾਰ[੬] ਨਹੀਂ ਹੈ!"
ਸ਼ਾਹਜ਼ਾਦਾ ਇ 'ਜੁਝਾਰ' ਨੇ ਫੌਰਨ ਕਹਾ :- ਅੱਬਾ !
ਮੈਂ ਭਾਈਓਂ ਸੇ ਕਿਉਂ ਰਹੂੰ ਘਟ ਕਰ ਭਲਾ ਅੱਬਾ !

੧੦੦

"ਜ਼ਿੰਦਾ ਚੁਨਾ ਜਾਨਾ ਭੀ ਤੋ ਆਸਾਨ ਨਹੀਂ ਹੈ!
ਸਿਰ੍ਹੰਦ ਮੇਂ ਦੀ ਭਾਈਓਂ ਨੇ ਜਾਨ ਨਹੀਂ ਹੈ ?
ਕਿਉਂ ਮੁਝ ਕੋ ਧਰਮ-ਯੁੱਧ ਕਾ ਕੁਛ ਧਿਆਨ ਨਹੀਂ ਹੈ ?
ਬੰਦੇ ਕੋ ਛੁਰੀ ਖਾਨੇ ਕਾ ਅਰਮਾਨ[੭] ਨਹੀਂ ਹੈ ?
ਲੜਨਾ ਨਹੀਂ ਆਤਾ ਮੁਝੇ ਮਰਨਾ ਤੋ ਹੈ ਆਤਾ!
ਖ਼ੁਦ ਬੜ੍ਹ ਕੇ ਗਲਾ ਤੇਗ਼ ਪਿ ਧਰਨਾ ਤੋ ਹੈ ਆਤਾ !!"

---

੧. ਰਜ਼ਾ, ਖੁਸ਼ੀ। ੨. ਉਮਰ, ਵਰੇਸ। ੩. ਲਾਇਕ, ਯੋਗ। ੪. ਫੁੱਲ ਗੁਲਾਬ ਦਾ। ੫. ਮੁਖੜਾ। ੬. ਤੀਰ ਦੀ ਅਣੀ (ਨੋਕ) । ੭. ਸੱਧਰ।



੧੦੧

ਰੋਕੇ ਸੇ ਕਭੀ ਸ਼ੇਰ ਕਾ ਬੱਚਾ ਭੀ ਰੁਕਾ ਹੈ!
ਝੂਠੇ ਤੋ ਰੁਕੇ, ਕਿਯਾ ਕੋਈ ਸੱਚਾ ਭੀ ਰੁਕਾ ਹੈ!
ਪਤਝੜ ਮੇਂ ਸਮਰ[੧] ਸ਼ਾਖ ਪਿ ਕੱਚਾ ਭੀ ਰੁਕਾ ਹੈ।
ਸਰ ਦੇਨੇ ਸੇ ਰੱਬ ਕੋ ਕੋਈ ਹੱਛਾ ਭੀ ਰੁਕਾ ਹੈ।
ਨੇਕੀ ਹੈ ਯਿਹ ਐਸੀ, ਕਿ ਜਵਾਬ ਹੋ ਨਹੀਂ ਸਕਤਾ।
ਪਾਪੀ ਪਿ ਭੀ ਦੋਜ਼ਖ ਕਾ ਅੱਜ਼ਾਬ[੨] ਹੋ ਨਹੀਂ ਸਕਤਾ।

੧੦੨

ਕਿਸ ਸ਼ਖ਼ਸ ਨੇ ਹੋਨਾ ਯਹਾਂ ਤਾਰਾਜ[੩] ਨਹੀਂ ਹੈ।
ਕਿਆ ਦਮ ਕਾ ਭਰੋਸਾ, ਕਿ ਥਾ ਕਲ, ਆਜ ਨਹੀਂ ਹੈ।
ਬੜ੍ਹ ਚੜ੍ਹ ਕੇ ਧਰਮ-ਯੁਧ ਸੇ ਮੇੱਰਾਜ[੪] ਨਹੀਂ ਹੈ।
ਮਰਗਿ ਸ਼ੁਹਦਾ[੫] ਵਸਫ[੬] ਕੀ ਮੁਹਤਾਜ ਨਹੀਂ ਹੈ।
ਸਿੰਘੋਂ ਕੇ ਲੀਏ ਮੌਤ ਪਿ ਰਹਮਤ ਕਾ ਸਬੱਬ ਹੈ।
ਰੱਬ ਹੋ ਗਿਆ ਜਿਨ ਭਗਤੋਂ ਕਾ, ਉਨ ਕੇ ਲੀਏ ਸਭ ਹੈ।

੧੦੩

ਭਗਵਾਨ ਹੋ ਖੁਸ਼ ਜਿਨ ਸੇ, ਹੈ ਖੁਸ਼ਕੀ[੭] ਤਰੀ[੮] ਉਨ ਕੀ।
ਰਹਿਤੀ ਹੈ ਹਰ ਇਕ ਫ਼ਸਲ ਮੇਂ, ਖੇਤੀ ਹਰੀ ਉਨ ਕੀ।
ਕਰਤਾਰ ਸਦਾ ਰਖਤੇ ਹੈਂ ਝੋਲੀ ਭਰੀ ਉਨ ਕੀ।
ਫਿਰਦੌਸ[੯] ਭੀ ਉਨ ਕਾ ਹੈ ਇੰਦ੍ਰ-ਪੁਰੀ ਉਨ ਕੀ।
"ਮਰ ਜਾਨਾ ਧਰਮ ਪਰ ਬਹੁਤ ਆਸਾਨ ਹੈ ਹਮ ਕੋ!
ਸਤਿਗੁਰ ਕੇ ਪਿਸਰ ਹੈਂ ਯਹੀ ਸ਼ਾਂਯਾ[੧੦] ਹੈ ਹਮ ਕੋ !!"

---

੧. ਫਲ। ੨. ਦੁੱਖ। ੩. ਬਰਬਾਦ, ਨਾਸ਼। ੪. ਪਉੜੀ, ਪਦਵੀ। ੫. ਸ਼ਹੀਦਾਂ ਦੀ ਮੌਤ। ੬. ਖ਼ੂਬੀ ਦੱਸਣਾ, ਤੱਰੀਫ਼ । ੭. ਥਲ। ੮. ਜਲ। ੯. ਸੁਰਗ। ੧੦. ਉਚਿੱਤ, ਮੁਨਾਸਿਬ ।

੧੦੪

ਭੱਰਾਈ ਸੀ ਆਵਾਜ਼ ਸੇ ਬੋਲੇ ਗੁਰੂ ਗੋਬਿੰਦ :-
"ਪਾਲਾ ਹੈ ਤੁਮੇਂ ਨਾਜ਼ ਸੇ!" ਬੋਲੇ ਗੁਰੂ ਗੋਬਿੰਦ।
"ਰੋਕਾ ਨਹੀਂ ਆਗਾਜ਼ ਸੇ!" ਬੋਲੇ ਗੁਰੂ ਗੋਬਿੰਦ।
ਉਸ ਨੰਨ੍ਹੇਂ ਸੇ ਜਾਂ-ਬਾਜ਼[੧] ਸੇ ਬੋਲੇ ਗੁਰੂ ਗੋਬਿੰਦ।
"ਲੋ ਆਉ ਤਨਿ-ਪਾਕ ਪਿ ਹਥਿਆਰ ਸਜਾ ਦੇਂ !
ਛੋਟੀ ਸੀ ਕਮਾਂ ਨੰਨ੍ਹੀ ਸੀ ਤਲਵਾਰ ਸਜਾ ਦੇਂ !

੧੦੫

"ਹਮ ਦੇਤੇ ਹੈਂ ਖੰਜਰ ਉਸੇ ਸ਼ਮਸ਼ੀਰ ਸਮਝਨਾਂ !
ਨੇਜ਼ੇ ਕੀ ਜਗਾ ਦਾਦਾ ਕਾ ਤੁਮ ਤੀਰ ਸਮਝਨਾਂ !
ਜਿਤਨੇ ਮਰੇਂ ਇਸ ਸੇ ਉਨ੍ਹੇਂ ਬੇ-ਪੀਰ ਸਮਝਨਾਂ !
ਜ਼ਖ਼ਮ ਆਏ ਤੋ ਹੋਨਾ ਨਹੀਂ ਦਿਲਗੀਰ, ਸਮਝਨਾਂ !
ਜਬ ਤੀਰ ਕਲੇਜੇ ਮੇਂ ਲਗੇ "ਸੀ" ਨਹੀਂ ਕਰਨਾ !
'ਉਫ਼' ਮੂੰਹ ਸੇ ਮੇਰੀ ਜਾਨ, ਕਬੀ ਭੀ ਨਹੀਂ ਕਰਨਾ!!

੧੦੬

"ਲੋ ਜਾਓ, ਸਿਧਾਰੋ! ਤੁਮੇਂ ਕਰਤਾਰ ਕੋ ਸੌਂਪਾ !
ਮਰ ਜਾਓ ਯਾ ਮਾਰੋ, ਤੁਮੇਂ ਕਰਤਾਰ ਕੋ ਸੌਂਪਾ !
ਰੱਬ ਕੋ ਨਾ ਬਿਸਾਰੋ, ਤੁਮੇਂ ਕਰਤਾਰ ਕੋ ਸੌਂਪਾ !
ਸਿੱਖੀ ਕੋ ਉਭਾਰੋ, ਤੁਮੇਂ ਕਰਤਾਰ ਕੋ ਸੌਂਪਾ !
ਵਾਹਗੁਰੂ ਅਬ ਜੰਗ ਕੀ ਹਿੰਮਤ ਤੁਮ੍ਹੇਂ ਬਖਸ਼ੇਂ !
ਪਿਆਸੇ ਹੋ ਜਾਤ, ਜਾਮਿ-ਸ਼ਹਾਦਤ ਤੁਮ੍ਹੇਂ ਬਖਸ਼ੇਂ !

੧੦੭

"ਬੇਟਾ ਹੋ ਤੁਮ ਹੀ ਪੰਥ ਕੇ ਬੇੜੇ ਕੇ ਖਵੱਯਾ!
ਸਰ ਭੇਟ ਕਰੋ ਤਾਕਿ ਧਰਮ ਕੀ ਚਲੇ ਨੱਯਾ।

੧. ਜਾਨ ਪਰ ਖੇਲ ਜਾਣ ਵਾਲਾ।



ਲੇ ਦੇ ਕੇ ਤੁਮ ਹੀ ਥੇ ਮੇਰੇ ਗੁਲਸ਼ਨ ਕੇ ਬਕੱਯਾ[੧]।
ਲੇ ਜਾਓ ਰਾਹ ਤਕਤੇ ਹੈਂ ਸਭ ਖ਼ੁਲਦ ਮੇਂ ਭੱਯਾ।
ਖ਼ਾਹਸ਼ ਹੈ, ਤੁਮੇਂ ਤੇਗ ਚਲਾਤੇ ਹੁਏ ਦੇਖੇਂ!
ਹਮ ਆਂਖ ਸੇ ਬ੍ਰਛੀ ਤੁਮੇਂ ਖਾਤੇ ਹੁਏ ਦੇਖੇਂ!!

੧੦੮

ਦਾਦਾ ਸੇ ਮਿਲੋ ਸ੍ਵਰਗ ਮੇਂ ਜਿਸ ਦਮ ਤੋ ਯਿਹ ਕਹਨਾ !
ਦੋ ਚਾਰ ਹੋਂ ਗਰ ਖ਼ੁਲਦ ਮੇਂ ਆਦਮ ਤੋ ਯਿਹ ਕਹਨਾ !
ਜਬ ਭੇਸ ਮੇਂ ਨਾਨਕ ਕੇ ਮਿਲੇਂ ਹਮ ਤੋ ਯਿਹ ਕਹਨਾ !
ਪਾਏਂ ਕਹੀਂ ਗੋਬਿੰਦ ਕਾ ਮਰਹਮ ਤੋ ਯਿਹ ਕਰਨਾ :-
"ਆਜ਼ਾਦ ਕਰਾਇਆ ਬਨੀਂ-ਆਦਮ[੨] ਕੇ ਗਲੇ ਕੋ !
ਕਟਵਾ ਦੀਏ ਬੱਚੇ ਭੀ ਮੁਰੀਦੋਂ ਕੇ ਭਲੇ ਕੋ !!"

੧੦੯

ਜਬ ਫਤਿਹ ਗਜਾ ਕਰ, ਗਏ 'ਜੁਝਾਰ' ਥੇ ਰਨ ਮੇਂ।
ਹਰ ਸ਼ੇਰ, ਬਘੇਲਾ ਨਜ਼ਰ ਆਨੇ ਲਗਾ ਬਨ ਮੇਂ।
ਨੰਨ੍ਹੀ ਸੀ ਕਜ਼ਾ[੩] ਬੋਲੀ: "ਮੈਂ ਆਈ ਹੂੰ ਸ਼ਰਨ ਮੇਂ।
ਦਿਲਵਾਉ ਅਮਾਂ[੪], ਗੋਸ਼ਾਇ ਦਾਮਾਨਿ-ਕਫਨ[੫] ਮੇਂ।
ਮੈਂ ਜਿਸ ਕੇ ਹੂੰ ਕਬਜ਼ੇ ਮੇਂ, ਵੁਹ ਕਾਬੂ ਮੇਂ ਹੈ ਮੇਰੇ!
ਗੁਰਿਆਈ ਕਾ-ਬਲ ਨੰਨ੍ਹੇ ਸੇ ਬਾਜ਼ੂ ਮੇਂ ਹੈ ਤੇਰੇ !"

੧੧੦

ਦਸ ਬੀਸ ਕੋ ਜ਼ਖਮੀ ਕੀਆ, ਦਸ ਬੀਸ ਕੋ ਮਾਰਾ।
ਇਕ ਹਮਲੇ ਮੇਂ ਇਸ ਏਕ ਨੇ ਇੱਕੀਸ ਕੋ ਮਾਰਾ।
ਖੱਨਾਸ[੬] ਕੋ ਮਾਰਾ ਕਬੀ ਇਬਲੀਸ[੭] ਕੋ ਮਾਰਾ।

੧. ਬਾਕੀ ਨਿਸ਼ਾਨ। ੨. ਮਨੁੱਖਾਂ (ਦੇ)। ੩. ਭਾਵੀ। ੪. ਪਨਾਹ, ਓਟ। ੫. ਕੱਫਣ ਦੇ ਪੱਲਿਆਂ ਦੀ ਕੰਨੀ। ੬. ਦੇਉ, ਦੈਂਤ। ੭. ਸ਼ੈਤਾਨ।

ਗ਼ੁਲ ਮਚ ਗਿਆ: "ਇਕ ਤਿਫ਼ਲ[੧] ਨੇ ਚਾਲੀਸ ਕੋ ਮਾਰਾ !
ਬਚ ਬਚ ਕੇ ਲੜੋ ਕਲਗੀਓਂ ਵਾਲੇ ਕੇ ਪਿਸਰ ਸੇ !
ਯਿਹ ਨੀਮਚਾ[੨] ਲਾਏ ਹੈਂ ਗੁਰੂ ਜੀ ਕੀ ਕਮਰ ਸੇ !!"

੧੧੧

ਸ਼ਾਹਜ਼ਾਦੇ ਕੇ ਹਰਬੇ[੩] ਸੇ ਸ਼ਜ਼ਾੱ-ਓ-ਜਰੀ[੪] ਹਾਰੇ।
ਜੀ-ਦਾਰੋਂ[੫] ਕੇ ਜੀ ਛੂਟ ਗਏ ਸਭ ਕਵੀ[੬] ਹਾਰੇ।
ਮੱਸੂਮ ਸੇ ਬਾਜ਼ੀ ਵੁਹ ਸਭੀ ਲਸ਼ਕਰੀ ਹਾਰੇ।
ਕਮਜ਼ੋਰ ਸੇ ਨਿਰਬਲ ਸੇ, ਹਜ਼ਾਰੋਂ ਬਲੀ ਹਾਰੇ।
ਮੈਦਾਂ ਮੇਂ ਜਬ ਭਾਈ ਕਾ ਲਾਸ਼ਾ ਨਜ਼ਰ ਆਇਆ।
ਘੋੜੇ ਸੇ ਵੁਹ ਮਾਸੂਮ ਦਿਲਾਵਰ ਉਤਰ ਆਇਆ।

੧੧੨

ਸਰ ਗੋਦ ਮੇਂ ਲੇ ਕਰਕੇ, ਕਹਾ ਭਾਈ ਸੇ "ਬੋਲੋ ।
ਇਸ ਖਾਬਿ-ਗਿਰਾਂ[੭] ਸੇ ਕਹੀਂ ਹੁਸ਼ਿਆਰ ਤੋ ਹੋ ਲੋ !
ਹਮ ਕੌਨ ਹੈਂ? ਦੇਖੋ ਤੋ ਜ਼ਰਾ ਆਂਖ ਤੋ ਖੋਲ੍ਹੋ !
ਸੋਨੇ ਕੀ ਹੀ ਠਾਨੀ ਹੈ ਅਗਰ, ਮਿਲ ਕੇ ਤੋ ਸੋ ਲੋ !
ਭਾਈ ਤੁਮੇਂ ਜਬ 'ਗੰਜਿ ਸ਼ਹੀਦਾਂ' ਕੀ ਜ਼ਮੀਂ ਹੈ !
ਠਾਨੀ ਹੁਈ ਹਮ ਨੇ ਭੀ ਬਸੇਰੇ ਕੀ ਯਹੀਂ ਹੈ !"

੧੧੩

ਇਤਨੇ ਮੇਂ ਖਦੰਗ[੮] ਆ ਕੇ ਲਗਾ 'ਹਾਇ' ਜਿਗਰ ਮੇਂ।
ਥਾ ਤੀਰ ਕਲੇਜੇ ਮੇਂ ਯਾ ਕਾਂਟਾ ਗੁਲਿ ਤਰ ਮੇਂ।
ਤਾਰੀਕ[੯] ਜ਼ਮਾਨਾ[੧੦] ਹੁਆ ਸੁਤਿਗੁਰ ਕੀ ਨਜ਼ਰ ਮੇਂ।

੧. ਬੱਚਾ। ੨. ਛੋਟਾ ਖੰਡ। ੩. ਜੰਗੀ ਹਥਿਆਰ। ੪. ਬਹਾਦੁਰ ਤੇ ਦਿਲਾਵਰ। ੫. ਦਿਲ-ਗੁਰਦੇ ਵਾਲੇ। ੬. ਬਲਵਾਨ। ੭. ਗੂੜ੍ਹੀ ਲੰਬੀ ਨੀਂਦ, ਮੌਤ। ੮. ਤੀਰ। ੯. ਅਨ੍ਹੇਰਾ। ੧੦. ਜਹਾਨ, ਦੁਨੀਆਂ।



ਤੂਫ਼ਾਨ ਉਠਾ, ਖਾਕ ਉੜੀ ਬਹਿਰ[੧] ਮੇਂ ਬਰ[੨] ਮੇਂ।
ਤਿਉਰਾਕੇ[੩] ਗਿਰਾ ਲਖ਼ਤਿ ਜਿਗਰ[੪] ਲਖਤਿ ਜਿਗਰ ਪਰ।
ਕਿਆ ਗੁਜ਼ਰੀ ਹੈ ਉਸ ਵਕਤ, ਕਹੂੰ ਕਿਆ ਮੈਂ ਪਦਰ ਪਰ!

੧੧੪

ਥੇ ਚਾਹਤੇ :- ਪੈਵੰਦ[੫] ਕਰੇਂ ਖ਼ਾਕ ਕਾ ਸਭ ਕੋ।
ਹਾਤਿਫ[੬] ਨੇ ਕਹਾ :- "ਕਾਮ ਮੇਂ ਲਾਨਾ ਨਾ ਗਜ਼ਬ ਕੋ !
ਲੜਨਾ ਨਹੀਂ ਮਨਜ਼ੂਰ ਹੈ ਆਜ ਆਪ ਕਾ ਰੱਬ ਕੋ।
ਯਿਹ ਸੁਨ ਕੇ ਗੁਰੂ ਭੂਲ ਗਏ ਰੰਜੋ-ਤ ਅੱਬ[੭] ਕੋ!!"
ਕਬਜ਼ੇ ਸੇ ਮਆਨੱਨ[੮] ਤੇਗ ਕੇ ਫਿਰ ਹਾਥ ਉਠਾਇਆ।
ਸਤਿਗੁਰ ਨੇ ਵਹੀ ਸਜਦਾਇ ਸ਼ੁਕਰਾਨਾਂ ਬਜਾਇਆ।

੧੧੫

ਯਾਕੂਬ ਕੋ 'ਯੂਸ਼ਫ਼' ਕੇ ਬਿਛੜਨੇ ਨੇ ਰੁਲਾਇਆ।
ਸਾਬਰ ਕੋਈ ਕਮ ਐਸਾ, ਰਸੂਲੋਂ[੯] ਮੇਂ ਹੈ ਆਇਆ।
ਕਟਵਾ ਕੇ ਪਿਸਰ ਚਾਰੇ, ਇਕ ਆਂਸੂ ਨ ਗਿਰਾਇਆ।
ਰੁਤਬਾ ਗੁਰੂ ਗੋਬਿੰਦ ਨੇ ਰਿਸ਼ੀਓਂ ਕਾ ਬੜ੍ਹਾਇਆ।
'ਡੰਡਕ' ਮੇਂ ਫਿਰੇ 'ਰਾਮ' ਤੋ ਸੀਤਾ ਥੀ ਬਗ਼ਲ ਮੇਂ।
ਵੁਹ ਫ਼ਖਰਿ ਜਹਾਂ ਹਿੰਦ ਕੀ ਮਾਤਾ ਥੀ ਬਗ਼ਲ ਮੇਂ।

੧੧੬

'ਲਛਮਨ' ਸਾ ਬਰਾਦਰ ਪਇ-ਤਸਕੀਨਿ-ਜਿਗਰ[੧੦] ਥਾ।
'ਸੀਤਾ' ਸੀ ਪਤੀਬਰਤ ਸੇ, ਬਨ 'ਰਾਮ' ਕੋ ਘਰ ਥਾ।

੧. ਸਾਗਰ, ਜਲ। ੨. ਥਲ। ੩. ਭੁਆਂਟਣੀ ਖਾ ਕੇ। ੪. ਦਿਲ ਦਾ ਟੋਟਾ, ਪੁੱਤ੍ਰ। ੫. ਮਿੱਟੀ ਨਾਲ ਮਿਲਾ ਦਈਏ। ੬. ਗੈਬੀ ਆਵਾਜ਼(ਅਕਾਸ਼ ਬਾਣੀ) ਦੇਣ ਵਾਲਾ ਫਰਿਸ਼ਤਾ। ੭. ਦੁੱਖ। ੮. ਤੁਰਤ। ੯. ਅਵਤਾਰਾਂ, ਨਬੀਆਂ । ੧੦. ਦਿਲ ਪਰਚਾਵੇ ਲਈ।

ਬਾਕੀ ਹੈਂ ਕਨ੍ਹੱਯਾ ਤੋ ਨਹੀਂ ਉਨ ਕਾ ਪਿਸਰ ਥਾ।
ਸੱਚ ਹੈ ਗੁਰੂ ਗੋਬਿੰਦ ਕਾ ਰੁਤਬਾ ਹੀ ਦਿਗਰ[੧] ਥਾ।
ਕਟਵਾ ਦਿਯੇ ਸ਼ਿਸ਼[੨] 'ਸ਼ਾਮ' ਨੇ ਗੀਤਾ ਕੋ ਸੁਨਾ ਕਰ।
ਰੂਹ ਫੂੰਕ ਦੀ ਗੋਬਿੰਦ ਨੇ ਔਲਾਦ ਕਟਾ ਕਰ।

੧੧੭

ਬੇਚੈਨ ਹੈਂ ਅਬ 'ਖਾਲਸਾ ਜੀ' ਰੰਜ ਕੇ ਮਾਰੇ।
ਦਿਲ ਪਰ ਗ਼ਮੁ-ਅੰਦੋਹ ਸੇ ਚਲਨੇ ਲਗੇ ਆਰੇ।
ਖਾਮੋਸ਼ ਤੜਪਨੇ ਲਗੇ ਸਤਿਗੁਰ ਕੇ ਪਿਆਰੇ।
'ਜੋਗੀ ਜੀ' ਕਹੋ ਪੰਥ ਸੇ ਅਬ 'ਫ਼ਤਹਿ' ਪੁਕਾਰੇ !

ਛਾਇਆ ਹੂਆ ਦੀਵਾਨ ਪਿ ਅਬ ਗ਼ਮ ਕਾ ਸਮਾਂ ਹੈ।
ਬੱਸ, ਖਤਮ ਸ਼ਹੀਦੋਂ ਕੀ ਸ਼ਹਾਦਤ ਕਾ ਬਿਆਂ ਹੈ।
ਬੱਸ, ਏਕ ਹਿੰਦ ਮੇਂ ਤੀਰਥ ਹੈ, ਯਾਤ੍ਰਾ ਕੇ ਲਿਯੇ।
ਕਟਾਏ ਬਾਪ ਨੇ ਬੱਚੇ ਜਹਾਂ, ਖੁਦਾ ਕੇ ਲਿਯੇ ।

ਚਮਕ ਹੈ ਮਿਹਰ[੩] ਕੀ ਚਮਕੌਰ! ਤੇਰੇ ਜ਼ੱਰੋਂ ਮੇਂ।
ਯਹੀਂ ਸੇ ਬਨ ਕੇ ਸਤਾਰੇ ਗਏ ਸਮੱਾ[੪] ਕੇ ਲਿਯੇ।
ਗੁਰੂ ਗੋਬਿੰਦ ਕੇ ਲਖਤਿ-ਜਿਗਰ ਅਜੀਤ ਜੁਝਾਰ।
ਫਲਕ ਪਿ ਇੱਕ, ਯਹਾਂ ਦੋ ਚਾਂਦ ਹੈ ਜ਼ਿਯਾ[੫] ਕੇ ਲਿਯੇ ।

'ਦੱਕਨ' ਮੇਂ ਦੂਰ ਮਰਕਦ[੬] ਹੈ 'ਹਜ਼ੂਰ ਸਾਹਿਬ'[੭] ਕਾ।
ਪਹੁੰਚਨਾ ਜਿਸ ਜਗਹ ਮੁਸ਼ਕਿਲ ਹੈ ਮੇ-ਨਵਾ[੮] ਕੇ ਲਿਯੇ।
ਭਟਕਤੇ ਫਿਰਤੇ ਹੈਂ ਕਿਉਂ? ਹੱਜ ਕਰੇਂ ਯਹਾਂ ਆ ਕਰ।
ਯਿ ਕਾਬਾ[੯] ਪਾਸ ਹੈ ਹਰ ਏਕ 'ਖਾਲਸਾ' ਕੇ ਲਿਯੇ ।

੧. ਹੋਰ ਹੀ ਅਣੋਖਾ। ੨. ਸਿੱਖ, ਚੇਲੇ, ਸ਼ਾਗਿਰਦ। ੩. ਸੂਰਜ। ੪. ਅਕਾਸ਼। ੫. ਰੌਸ਼ਨੀ, ਚਾਨਣ। ੬. ਸਮਾਧਿ। ੭. ਭਾਵ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ। ੮. ਨੰਗ ਮਲੰਗ, ਜਿਸ ਪਾਸ ਕੁਝ ਨਾ ਹੋਵੇ। ੯. ਸਤਿਕਾਰ ਤੇ ਨਮਸਕਾਰ ਜੋਗ ਸਥਾਨ।



ਯਹਾਂ ਵੁਹ ਲੇਟੇ ਹੈਂ, ਸਤੁਲਜ ਨੇ ਜੋਸ਼ ਮੇਂ ਆਕਰ,
ਚਰਨ ਹਜ਼ੂਰ ਕੇ, ਨਹਿਰੇਂ ਬਹਾ, ਬਹਾ[੧] ਕੇ ਲਿਯੇ।
ਮਿਜ਼ਾਰ[੨] 'ਗੰਜਿ-ਸ਼ਹੀਦਾਂ' ਹੈ ਉਨ ਸ਼ਹੀਦੋਂ ਕਾ।
ਫ਼ਰਿਸ਼ਤੇ ਜਿਨ ਕੀ ਤਰਸਤੇ ਥੇ ਖ਼ਾਕਿ-ਪਾ[੩] ਕੇ ਲਿਯੇ ।

ਉਠਾਏਂ ਆਖੋਂ ਸੇ ਆਕਾਰ, ਯਹਾਂ ਕੀ ਮੱਟੀ ਕੋ।
ਜੋ ਖ਼ਾਕ ਛਾਨਤੇ ਫਿਰਤੇ ਹੈਂ ਕੀਮੀਯਾ[੪] ਕੇ ਲਿਯੇ ।
ਯਿਹ ਹੈ ਵੁਹ ਜਾ, ਜਹਾਂ ਚਾਲੀਸ ਤਨ ਸ਼ਹੀਦ ਹੂਏ,
ਖ਼ਤਾਬ 'ਸਰਵਰੀ[੫] ਸਿੰਘੋਂ ਨੇ ਸਰ ਕਟਾ ਕੇ ਲੀਏ।

ਦਿਲਾਈ ਪੰਥ ਕੋ ਸਰ-ਬਾਜ਼ੀਓਂ[੬] ਸੇ ਸਰਦਾਰੀ,
ਬਰਾਇ ਕੌਮ ਯਿ ਰੁਤਬੇ ਲਹੂ ਬਹਾ ਲੀਏ।

ਲੇਖਕ : ਹਕੀਮ ਮਿਰਜ਼ਾ ਅਲਹ ਯਾਰ ਖ਼ਾਂ 'ਜੋਗੀ' ਰਹਿਮਾਨੀ
(ਨੈਸ਼ਨਲ ਪੋਇਟ)

੧. ਨੱਫਾ ,ਲਾਭ । ੨. ਸਮਾਧਿ । ੩. ਚਰਨ-ਧੂੜਿ । ੪. ਰਸਾਇਣ । ੫. ਸਰਦਾਰੀ, ਰਾਜਗੀ । ੬. ਸਿਰ ਦੀਆਂ ਬਾਜ਼ੀਆਂ, ਕੁਰਬਾਨੀਆਂ

# ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ

ਪਿੰਗਲਵਾੜਾ ਸੰਸਥਾ ਸਮਾਜ ਵੱਲੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ ਅਪਾਹਿਜਾਂ, ਅਨਾਥਾਂ ਅਤੇ ਲਾਵਾਰਸਾਂ ਦਾ ਘਰ ਹੈ । ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ ਸੀ। ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ ਵਾਸਤੇ ਨਾ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਲਈ ਸਹੀ ਇਮਾਰਤ ਸੀ ਅਤੇ ਨਾ ਹੀ ਮਰੀਜ਼ਾਂ ਦੇ ਖਾਣ-ਪੀਣ ਤੇ ਦਵਾਈ ਬੂਟੀ ਕਰਨ ਲਈ ਕਿਸੇ ਤਰ੍ਹਾਂ ਦੀ ਆਰਥਿਕ ਵਿਵਸਥਾ ਹੀ ਸੀ। ਭਗਤ ਪੂਰਨ ਸਿੰਘ ਜੀ ਇਕੱਲੇ ਹੀ ਇਸ ਸੇਵਾ ਦੇ ਕਠਨ ਰਾਹ ’ਤੇ ਚੱਲ ਪਏ, ਲੋਕ ਨਾਲ ਜੁੜਦੇ ਗਏ ਅਤੇ ਕਾਰਵਾਂ ਬਣਦਾ ਗਿਆ । ਉਨ੍ਹਾਂ ਦੇ ਕਦਮ ਚਿੰਨ੍ਹਾਂ ’ਤੇ ਚੱਲਦੇ ਹੋਏ ਅੱਜ ਉਨ੍ਹਾਂ ਦੀ ਸੁਯੋਗ ਉਤਰਾਧਿਕਾਰੀ ਡਾ: ਇੰਦਰਜੀਤ ਕੌਰ ਅਤੇ ਪਿੰਗਲਵਾੜਾ ਟਰਸਟ ਦੇ ਮੈਂਬਰਾਂ ਦੀ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਅਧੀਨ ਪਿੰਗਲਵਾੜਾ ਸੰਸਥਾ ਭਾਰਤ ਵਿੱਚ ਹੀ ਨਹੀਂ ਸਗੋਂ ਦੇਸਾਂ-ਵਿਦੇਸ਼ਾਂ ਵਿੱਚ ਵੀ ਇਕ ਗੌਰਵਪੂਰਣ ਸੰਸਥਾ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ ਹੈ ।

**ਪਿੰਗਲਵਾੜਾ ਇਕ ਨਜ਼ਰ ...**

**ਨਿਵਾਸ ਅਤੇ ਸੰਭਾਲ** :-1807 ਤੋਂ ਵੱਧ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਅਤੇ ਬਜ਼ੁਰਗਾਂ ਵਾਸਤੇ ਆਪਣਾ ਘਰ ।

**ਇਲਾਜ ਅਤੇ ਸਹੂਲਤਾਂ** :- *ਦਵਾਈਆਂ, *ਮੈਡੀਕਲ ਲੈਬਾਰਟਰੀ, *ਓਪਰੇਸ਼ਨ ਥਿਏਟਰ, *ਮੁੜ ਵਸੇਬਾ ਕੇਂਦਰ, *ਐਂਬੂਲੈਂਸ, *ਮਸਨੂਈ ਅੰਗ ਕੇਂਦਰ, *ਫਿਜ਼ਿਓਥਰੈਪੀ ਸੈਂਟਰ, *ਡੈਂਟਲ ਕਲੀਨਿਕ, *ਅਲਟਰਾ-ਸਾਊਂਡ ਸੈਂਟਰ, *ਅੱਖਾਂ ਦਾ ਕਲੀਨਿਕ, *ਮੰਦ-ਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ, *ਭਗਤ ਪੂਰਨ ਸਿੰਘ ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਰਨਵਾਸ ਕੇਂਦਰ, *ਕੰਨਾਂ ਦੇ Cochlear Implant ਵਾਸਤੇ ਸਪੈਸ਼ਲ ਓਪਰੇਸ਼ਨ ਥਿਏਟਰ *ਆਪਣਾ ਘਰ, * ਖੇਡਾਂ ਦੇ ਕਮਰੇ ।

**ਜਾਗਰੂਕਤਾ** :-* ਪ੍ਰਿੰਟਿੰਗ ਪ੍ਰੈਸ, * ਲਾਇਬ੍ਰੇਰੀ, * ਕਿਤਾਬਚੇ ਅਤੇ ਇਸ਼ਤਿਹਾਰ, * ਸੈਮੀਨਾਰ ਅਤੇ ਵਰਕਸ਼ਾਪ ।

**ਵਾਤਾਵਰਨ** : -*ਨਰਸਰੀ, *ਪਾਣੀ ਸਾਫ਼ ਕਰਨ ਵਾਲਾ ਪਲਾਂਟ, *ਦਰੱਖਤ ਲਗਾਉਣਾ, *ਕੁਦਰਤੀ ਖੇਤੀ, *ਜਾਗਰੂਕਤਾ ਮੁਹਿੰਮਾਂ ।



**ਮੁਫ਼ਤ ਵਿਦਿਅਕ ਸਹੂਲਤਾਂ:**

* ਭਗਤ ਪੂਰਨ ਸਿੰਘ ਆਦਰਸ਼ ਸੀਨੀ. ਸੈਕੰ: ਸਕੂਲ, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ, ਮਾਨਾਂਵਾਲਾ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਮਾਨਾਂਵਾਲਾ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਅਟਾਰੀ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ,ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਕਟੌਰਾ, ਫਿਰੋਜ਼ਪੁਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਸਰਹਾਲੀ, ਤਰਨ ਤਾਰਨ ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, (ਪਲਸੋਰਾ) ਚੰਡੀਗੜ੍ਹ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਪਿੰਡ ਕੱਕੋਂ, ਹੁਸ਼ਿਆਰਪੁਰ।

**ਨਿਵਾਸ ਅਤੇ ਸੰਭਾਲ :**

ਪਿੰਗਲਵਾੜਾ ਸੰਸਥਾ ਦੀਆਂ 7 ਅਲੱਗ ਅਲੱਗ ਬ੍ਰਾਂਚਾਂ ਵਿਖੇ *1807 ਤੋਂ ਵੱਧ ਵੱਖ-ਵੱਖ ਬਿਮਾਰੀਆਂ ਨਾਲ ਗ੍ਰਸਤ ਮਰੀਜ਼ਾਂ ਦੇ ਰਹਿਣ ਲਈ ਸੁਚੱਜਾ ਪ੍ਰਬੰਧ ਹੈ। ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ :

| ਬਿਮਾਰੀ ਨਾਲ ਗ੍ਰਸਤ | ਗਿਣਤੀ | ਬਿਮਾਰੀ ਨਾਲ ਗ੍ਰਸਤ | ਗਿਣਤੀ |
|---|---|---|---|
| ਮਾਨਸਿਕ ਰੋਗੀ | -365 | ਏਡਜ਼ ਵਾਲੇ | -19 |
| ਅਧਰੰਗ/ ਪੋਲੀਏ ਵਾਲੇ | -159 | ਮਿਰਗੀ ਵਾਲੇ | -198 |
| ਮੰਦ-ਬੁੱਧੀ ਵਾਲੇ | -454 | ਸ਼ੂਗਰ ਵਾਲੇ | -85 |
| ਗੂੰਗੇ ਬੋਲੇ | -168 | ਕੈਂਸਰ ਵਾਲੇ | -01 |
| ਬਜ਼ੁਰਗ | -143 | ਸਕੂਲ ਜਾਣ ਵਾਲੇ ਬੱਚੇ | -88 |
| ਜ਼ਖ਼ਮਾਂ ਵਾਲੇ | -30 | ਲਾਵਾਰਸ ਬੱਚੇ | -03 |
| ਟੀ.ਬੀ. ਵਾਲੇ | -20 | ਠੀਕ ਹੋ ਚੁੱਕੇ ਰੋਗੀ | -31 |
| ਨੇਤਰਹੀਣ | -43 | | |
| **31 ਜੁਲਾਈ 2019 ਤਕ ਕੁੱਲ ਗਿਣਤੀ** | | | **1807** |

*ਮਰੀਜ਼ਾਂ ਦੀ ਗਿਣਤੀ ਵਿੱਚ ਹਰ ਸਾਲ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ ਅਤੇ ਇਲਾਜ ਉਪਰੰਤ ਠੀਕ ਹੋਏ ਮਰੀਜ਼ ਕਾਫ਼ੀ ਗਿਣਤੀ ਵਿੱਚ ਘਰਾਂ ਨੂੰ ਭੇਜ ਦਿੱਤੇ ਗਏ/ਜਾਂਦੇ ਹਨ ।

ਬ੍ਰਾਂਚਾਂ ਦਾ ਵੇਰਵਾ :

| ਬ੍ਰਾਂਚ | ਮਰੀਜ਼ |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 343 |
| 2. ਮਾਨਾਂਵਾਲਾ ਕੰਪਲੈਕਸ | 881 |
| 3. ਪੰਡੋਰੀ ਵੜੈਚ ਸ਼ਾਖਾ | 109 |
| 4. ਗੋਇੰਦਵਾਲ ਸ਼ਾਖਾ | 97 |
| 5. ਜਲੰਧਰ ਸ਼ਾਖਾ | 41 |
| 6. ਸੰਗਰੂਰ ਸ਼ਾਖਾ | 217 |
| 7. ਪਲਸੋਰਾ ਸ਼ਾਖਾ ਚੰਡੀਗੜ੍ਹ | 119 |
| **ਕੁੱਲ ਮਰੀਜ਼** | **1807** |

**ਇਲਾਜ ਅਤੇ ਸਹੂਲਤਾਂ :**

**(ੳ) ਡਿਸਪੈਂਸਰੀ ਅਤੇ ਲੈਬਾਰਟਰੀ ਦੀਆਂ ਸੁਵਿਧਾਵਾਂ**:- ਰੋਗੀਆਂ ਦੇ ਇਲਾਜ ਲਈ ਪਿੰਗਲਵਾੜਾ ਵਿਖੇ ਇਕ ਮੈਡੀਕਲ ਲੈਬਾਰਟਰੀ ਅਤੇ ਡਿਸਪੈਂਸਰੀ ਦੀ ਸੁਵਿਧਾ ਹੈ ਜਿਸ ਦਾ ਖ਼ਰਚ 90 ਲੱਖ ਰੁਪਏ ਸਾਲਾਨਾ ਹੈ।

**(ਅ) ਸਹਾਇਕ ਸਟਾਫ਼** :- ਮਾਨਸਿਕ ਰੋਗੀਆਂ ਦੀ ਸੇਵਾ-ਸੰਭਾਲ ਲਈ ਨਰਸਾਂ, ਲੈਬਾਰਟਰੀ ਟੈਕਨੀਸ਼ਨ, ਅਤੇ ਫਾਰਮਾਸਿਸਟ ਦੀਆਂ ਸੇਵਾਵਾਂ ਦਾ ਪ੍ਰਬੰਧ ਹੈ।

**(ੲ) ਅਲਟਰਾ ਸਾਊਂਡ ਕੇਂਦਰ**:- ਪਿੰਗਲਵਾੜਾ ਦੇ ਮਰੀਜ਼ਾਂ ਅਤੇ ਸੇਵਾਦਾਰਾਂ ਦੇ ਰੋਗਾਂ ਦੀ ਜਾਂਚ ਲਈ ਸੰਨ 2009 ਵਿੱਚ ਅਲਟਰਾ ਸਾਊਂਡ ਕੇਂਦਰ ਦੀ ਸਥਾਪਨਾ ਕੀਤੀ ਗਈ ।

**(ਸ) ਖ਼ੂਨਦਾਨ ਕੈਂਪ** :- ਦੁਰਘਟਨਾ ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਅਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਹਰ ਵਰ੍ਹੇ ਭਗਤ ਜੀ ਦੀ ਬਰਸੀ 'ਤੇ ਖ਼ੂਨਦਾਨ ਕੈਂਪ ਲਗਾਇਆ ਜਾਂਦਾ ਹੈ। ਇਹ ਖ਼ੂਨ ਸੰਸਥਾ ਦੇ ਰੋਗੀਆਂ ਲਈ ਵਰਤਿਆ ਜਾਂਦਾ ਹੈ।

**(ਹ) ਬਣਾਵਟੀ ਅੰਗ ਕੇਂਦਰ** :- ਜ਼ਰੂਰਤਮੰਦ ਅੰਗਹੀਣਾਂ ਲਈ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਇਕ ਬਣਾਵਟੀ ਅੰਗ ਕੇਂਦਰ ਸਥਾਪਿਤ



ਕੀਤਾ ਗਿਆ ਹੈ, ਜਿੱਥੇ ਬਣਾਵਟੀ ਅੰਗ (ਜਿਵੇਂ ਲੱਤਾਂ ਤੇ ਬਾਹਵਾਂ) ਮੁਫ਼ਤ ਲਗਾਏ ਜਾਂਦੇ ਹਨ। ਨਵੰਬਰ 2003 ਤੋਂ ਹੁਣ ਤਕ 12411 ਲੋੜਵੰਦ ਲਾਭ ਉੱਠਾ ਚੁੱਕੇ ਹਨ ।

**(ਕ) ਐਂਬੂਲੈਂਸਾਂ** :- ਮੁੱਢਲੀਆਂ ਡਾਕਟਰੀ ਸਹੂਲਤਾਂ ਨਾਲ ਲੈਸ ਐਂਬੂਲੈਂਸਾਂ ਸੜਕ ਦੁਰਘਟਨਾਵਾਂ ਦੇ ਪੀੜਿਤਾਂ ਦੀ ਸਹਾਇਤਾ ਲਈ ਹਮੇਸ਼ਾਂ ਉਪਲਭਦ ਰਹਿੰਦੀਆਂ ਹਨ। ਇਹ ਐਂਬੂਲੈਂਸਾਂ ਪਿੰਗਲਵਾੜੇ ਦੇ ਰੋਗੀਆਂ ਨੂੰ ਹਸਪਤਾਲ ਲਿਜਾਣ ਲਈ ਵੀ ਤਿਆਰ ਰਹਿੰਦੀਆਂ ਹਨ ।

**(ਖ) ਭਗਤ ਪੂਰਨ ਸਿੰਘ ਮੁੱਢਲਾ ਬਹਿਰਾਪਣ ਜਾਂਚ ਕੇਂਦਰ** :- ਨਵ-ਜਨਮੇ ਅਤੇ ਵੱਡੇ ਬੱਚਿਆਂ ਦੇ ਕੰਨਾਂ ਦਾ ਮੁੱਢਲਾ ਬਹਿਰਾਪਣ ਜਾਂਚ ਕਲੀਨਿਕ ਕੇਂਦਰ ਮਾਨਾਂਵਾਲਾ ਕੰਪਲੈਕਸ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਵਿੱਚ ਬੱਚਿਆਂ ਦਾ ਸੁਣਨ ਦਾ ਟੈਸਟ (Bera Test) ਵੀ ਬਿਨਾਂ ਕਿਸੇ ਫ਼ੀਸ ਦੇ ਕੀਤਾ ਜਾਂਦਾ ਹੈ।

**(ਗ) ਸਪੈਸ਼ਲ ਓਪਰੇਸ਼ਨ ਥਿਏਟਰ** :- ਮਾਨਾਂਵਾਲਾ ਕੰਪਲੈਕਸ ਵਿੱਚ ਇਕ ਆਧੁਨਿਕ ਓਪਰੇਸ਼ਨ ਥਿਏਟਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਹੱਡੀਆਂ ਦੀ ਜਨਰਲ ਸਰਜਰੀ, ਕੰਨਾਂ ਦੀ ਸਰਜਰੀ ਅਤੇ Cochlear Implant ਕੀਤੇ ਜਾਂਦੇ ਹਨ, ਤਾਂ ਕਿ ਜਨਮ ਤੋਂ ਬਹਿਰੇ ਬੱਚਿਆਂ ਨੂੰ ਸੁਣਨ ਲੱਗ ਪਏ ਤੇ ਇਸ ਉਪਰੰਤ ਉਨ੍ਹਾਂ ਦਾ ਗੁੰਗਾਪਣ ਦੂਰ ਹੋ ਸਕੇ।

**(ਘ) ਦੰਦਾਂ ਦਾ ਕਲੀਨਿਕ** :- ਮਰੀਜ਼ਾਂ ਦੇ ਦੰਦਾਂ ਦੀ ਸੰਭਾਲ ਅਤੇ ਇਲਾਜ ਲਈ ਦੰਦਾਂ ਦਾ ਕਲੀਨਿਕ ਵੀ ਸਥਾਪਿਤ ਕੀਤਾ ਗਿਆ ਹੈ।

**(ਙ) ਫਿਜ਼ਿਓਥਰੈਪੀ ਕੇਂਦਰ** :- ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਰੈਪੀ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਆਧੁਨਿਕ ਮਸ਼ੀਨਾਂ ਤੇ ਸਾਧਨਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਜ਼ਰੂਰਤਮੰਦ ਮੁਫ਼ਤ ਲਾਭ ਲੈ ਰਹੇ ਹਨ। ਹਰ ਰੋਜ਼ ਤਕਰੀਬਨ 80 ਮਰੀਜ਼ਾਂ ਦੀ ਫਿਜ਼ਿਓਥਰੈਪੀ ਕੀਤੀ ਜਾਂਦੀ ਹੈ।

**(ਚ) ਮੰਦਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ (Sensory Room)** :- ਮਾਨਾਂਵਾਲਾ ਕੰਪਲੈਕਸ ਵਿਖੇ ਮੰਦਬੁੱਧੀ ਬੱਚਿਆਂ ਦੇ ਸਹੀ ਵਿਕਾਸ ਲਈ ਇਕ ਆਧੁਨਿਕ Sensory Room ਸਥਾਪਿਤ ਕੀਤਾ ਗਿਆ ਹੈ।

**(ਛ) ਅੱਖਾਂ ਦਾ ਜਾਂਚ ਕੇਂਦਰ** :- ਪਿੰਗਲਵਾੜਾ ਦੇ ਨੇਤਰਹੀਣ ਜਾਂ ਲੋੜਵੰਦ

ਗ਼ਰੀਬ ਵਿਅਕਤੀਆਂ ਲਈ ਅੱਖਾਂ ਦਾ ਜਾਂਚ ਕੇਂਦਰ ਸਥਾਪਿਤ ਕੀਤਾ ਗਿਆ ਹੈ।

**(ਜ) ਪੁਨਰਵਾਸ ਕੇਂਦਰ** :- ਮਰੀਜ਼ਾਂ ਦੇ ਠੀਕ ਹੋਣ ਉਪਰੰਤ ਉਨ੍ਹਾਂ ਦੇ ਮੁੜ ਵਸੇਬੇ (Rehabilitation) ਲਈ ਕੇਂਦਰ ਹੈ।

**(ਝ) ਯੋਗ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਤੇ ਮੁੜ ਵਸੇਬਾ** :- ਪਿੰਗਲਵਾੜੇ ਵਿਖੇ ਪਲ ਕੇ ਜੁਆਨ ਹੋਏ ਲਾਵਾਰਸ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਅਤੇ ਉਨ੍ਹਾਂ ਨੂੰ ਕਮਾਉਣ ਜੋਗੇ ਬਣਾ ਕੇ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ ਜਾਂਦਾ ਹੈ ਤਾਂ ਕਿ ਪਿੰਗਲਵਾੜੇ ਤੋਂ ਬਾਹਰ ਜਾ ਕੇ ਜੇ ਉਹ ਆਮ ਸਮਾਜ ਵਿੱਚ ਵਿਚਰਨ ਤਾਂ ਆਮ ਨਾਗਰਿਕਾਂ ਵਾਲਾ ਜੀਵਨ ਜਿਊਣ ਦੇ ਕਾਬਲ ਹੋਣ।

**ਮੁਫ਼ਤ ਵਿੱਦਿਅਕ ਅਤੇ ਕਿੱਤਾ ਸਿਖਲਾਈ ਸੁਵਿਧਾਵਾਂ :-**

**(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :- ਇੱਥੇ ਗ਼ਰੀਬ ਅਤੇ ਆਸ-ਪਾਸ ਦੇ ਪਿੰਡਾਂ ਦੇ ਲੋੜਵੰਦ ਅਤੇ ਝੁੱਗੀ-ਝੌਂਪੜੀ ਵਾਲੇ 768 ਬੱਚਿਆਂ ਨੂੰ ਸਿੱਖਿਆ, ਸਟੇਸ਼ਨਰੀ, ਸਕੂਲ ਦੀ ਵਰਦੀ ਆਦਿ ਮੁਫ਼ਤ ਦਿੱਤੀ ਜਾਂਦੀ ਹੈ। ਸੰਸਥਾ ਦੀ ਇਹ ਸੁਹਿਰਦ ਸੋਚ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਅਤੇ ਇਕ ਅੱਛਾ ਨਾਗਰਿਕ ਬਣਕੇ ਸਮਾਜ ਵਿੱਚ ਵਿਚਰਣ । ਇਨ੍ਹਾਂ ਬੱਚਿਆਂ ਵਿੱਚੋਂ 92 ਬੱਚੇ ਪਿੰਗਲਵਾੜਾ ਸੰਸਥਾ ਵਿੱਚ ਪਲੇ ਹਨ ।

**(ਅ) ਕਿੱਤਾ ਸਿਖਲਾਈ ਕੇਂਦਰ** :- ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਸਿਲਾਈ-ਕਢਾਈ ਕੇਂਦਰ, ਮੋਮਬੱਤੀਆਂ ਬਣਾਉਣਾ, ਕੁਰਸੀਆਂ ਬੁਣਨਾ ਸਿਖਾਉਣਾ, ਯੋਗ ਅਧਿਆਪਕਾਂ ਦੁਆਰਾ ਚੱਲ ਰਹੇ ਹਨ। ਇਹ ਸਿਖਲਾਈ ਕੋਰਸ 6 ਮਹੀਨੇ ਦਾ ਹੁੰਦਾ ਹੈ। ਇਹ ਕੇਂਦਰ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਸਥਿਤ ਹੈ। ਮਾਨਾਂਵਾਲਾ ਦੇ ਆਸ-ਪਾਸ ਦੀਆਂ ਗ਼ਰੀਬ ਬੱਚੀਆਂ ਲਈ ਇਹ ਪ੍ਰਬੰਧ ਹੈ।

**(ੲ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :- ਇਹ ਸਕੂਲ 2005 ਤੋਂ ਚੱਲ ਰਿਹਾ ਹੈ, ਜਿਸ ਵਿੱਚ 185 ਬੱਚੇ ਆਧੁਨਿਕ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

**(ਸ) ਭਗਤ ਪੂਰਨ ਸਿੰਘ ਸਪੈਸ਼ਲ ਐਜੂਕੇਸ਼ਨ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :-ਪਿੰਗਲਵਾੜਾ ਦੇ 225 ਮੰਦਬੁੱਧੀ ਬੱਚਿਆਂ ਨੂੰ ਆਪਣੇ



ਪੈਰਾਂ 'ਤੇ ਖੜ੍ਹਾ ਕਰਨ ਹਿੱਤ ਇਸ ਸਕੂਲ ਦੀ ਸਥਾਪਨਾ ਕੀਤੀ ਗਈ ਹੈ। ਸਪੈਸ਼ਲ ਵਿਧੀਆਂ ਤੇ ਉਪਕਰਣਾਂ ਰਾਹੀਂ ਇਨ੍ਹਾਂ ਬੱਚਿਆਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ।

(ਹ) RCI ਦੇ ਅਧੀਨ

**ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼:**

(i) Diploma Special Education (Hearing Impairment) 25 ਸੀਟਾਂ।

(ii) Diploma Special Education (Mental Retardation) 25 ਸੀਟਾਂ।

**(ਕ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਅਟਾਰੀ, ਅੰਮ੍ਰਿਤਸਰ**:- ਇਸ ਵਿੱਚ 13 ਬੱਚੇ ਸਿੱਖਿਆ ਲੈ ਰਹੇ ਹਨ ।

**(ਖ) ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰਕਲਾਂ, (ਕਾਦੀਆਂ) ਜ਼ਿਲ੍ਹਾ ਗੁਰਦਾਸਪੁਰ** :- ਇਹ ਸਕੂਲ ਵੀ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਹੈ। ਇੱਥੇ ਵੀ ਸੁਯੋਗ, ਸਮਰਪਿਤ ਅਤੇ ਅਨੁਭਵੀ ਅਧਿਆਪਕਾਂ ਦੀ ਛਤਰ-ਛਾਇਆ ਹੇਠ 437 ਬੱਚੇ ਮੁਫ਼ਤ ਵਿੱਦਿਆ ਪ੍ਰਾਪਤ ਕਰ ਰਹੇ ਹਨ।

**(ਗ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਬੁੱਟਰ ਕਲਾਂ ਕਾਦੀਆਂ ਗੁਰਦਾਸਪੁਰ**:- ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਘ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਕਟੌਰਾ, ਫਿਰੋਜ਼ਪੁਰ** :- ਇਹ ਸਕੂਲ ਸਾਲ 2016 ਤੋਂ ਚਲ ਰਿਹਾ ਹੈ ਜਿਸ ਵਿੱਚ 17 ਬੱਚੇ ਸਿੱਖਿਆ ਲੈ ਰਹੇ ਹਨ ।

**(ਙ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਸਰਹਾਲੀ, ਤਰਨ ਤਾਰਨ**:- ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਚ) ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਪਲਸੋਰਾ, (ਚੰਡੀਗੜ੍ਹ)** :- ਇੱਥੇ 35 ਮੰਦਬੁੱਧੀ ਬੱਚਿਆਂ ਨੂੰ ਵਿਸ਼ੇਸ਼ ਵਿਧੀਆਂ ਤੇ ਉਪਕਰਣਾਂ ਰਾਹੀਂ ਸਿੱਖਿਅਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਯੋਗ ਬਣਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ।

**(ਛ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਪਿੰਡ ਕੱਕੋਂ ਹੁਸ਼ਿਆਰਪੁਰ**:- ਇਸ ਵਿੱਚ 9 ਬੱਚੇ ਸਿੱਖਿਆ ਲੈ ਰਹੇ ਹਨ ।

**(ਜ) ਕੰਪਿਊਟਰ ਸਿੱਖਿਆ** :- ਸੂਚਨਾ ਅਤੇ ਟੈਕਨੋਲੋਜੀ ਦੇ ਵਿਸਥਾਰ ਨੂੰ ਦੇਖਦੇ ਹੋਏ ਅਤੇ ਆਧੁਨਿਕ ਭਾਰਤ ਦੀ ਲੋੜ ਅਨੁਸਾਰ ਸਕੂਲ ਦੇ ਬੱਚਿਆਂ ਲਈ ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ ਵਿਖੇ ਕੰਪਿਊਟਰ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

**(ਝ) ਹੋਸਟਲ ਦਾ ਪ੍ਰਬੰਧ** :- ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਪੜ੍ਹਨ ਵਾਲੇ ਲਗਭਗ 176 ਲੜਕੇ ਲੜਕੀਆਂ ਲਈ ਵੱਖਰੇ-ਵੱਖਰੇ ਹੋਸਟਲਾਂ ਦਾ ਪ੍ਰਬੰਧ ਕੀਤਾ ਗਿਆ ਹੈ।

**ਵਾਤਾਵਰਣ ਜਾਗਰੂਕਤਾ** :-

ਭਗਤ ਪੂਰਨ ਸਿੰਘ ਜੀ ਵਾਤਾਵਰਣ ਦੀ ਸੰਭਾਲ ਲਈ ਬਹੁਤ ਚਿੰਤਤ ਰਹਿੰਦੇ ਸਨ। ਇਸ ਲਈ, ਧਰਤੀ ਨੂੰ ਮਾਰੂਥਲ ਬਣਨ ਤੋਂ ਰੋਕਣ ਲਈ ਅਤੇ ਮਿੱਟੀ ਖੁਰਨ (Soil Erosion) ਤੋਂ ਬਚਾਉਣ ਲਈ ਪਿੰਗਲਵਾੜਾ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਹਰ ਸਾਲ ਭਗਤ ਜੀ ਦੀ ਬਰਸੀ (5 ਅਗਸਤ) ਦੇ ਮੌਕੇ 'ਤੇ ਸੰਸਥਾ ਦੇ ਸੇਵਾਦਾਰਾਂ ਵੱਲੋਂ ਰੁੱਖ ਲਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ। ਇਹ ਰੁੱਖ ਸਕੂਲਾਂ, ਕਾਲਜਾਂ, ਸ਼ਮਸ਼ਾਨ ਘਾਟਾਂ ਅਤੇ ਜਨਤਕ ਥਾਵਾਂ 'ਤੇ ਲਗਾਏ ਜਾਂਦੇ ਹਨ।

**(ੳ) ਨਰਸਰੀ** :- ਪਿੰਗਲਵਾੜੇ ਵੱਲੋਂ ਇਕ ਨਰਸਰੀ ਤਿਆਰ ਕੀਤੀ ਗਈ ਹੈ ਜਿਸ ਵਿੱਚ ਹਰ ਸਾਲ ਲਗਪਗ 60,000 ਪੌਦੇ ਤਿਆਰ ਕੀਤੇ ਜਾਂਦੇ ਹਨ ਅਤੇ ਵੱਖ-ਵੱਖ ਸੰਸਥਾਵਾਂ ਨੂੰ ਮੁਫ਼ਤ ਵੰਡੇ ਜਾਂਦੇ ਹਨ।

**(ਅ) ਕੁਦਰਤੀ ਖੇਤੀ** :- ਜ਼ਹਿਰ ਮੁਕਤ ਫ਼ਸਲਾਂ ਤੇ ਸਬਜ਼ੀਆਂ ਪੈਦਾ ਕਰਨ ਲਈ ਪਿੰਗਲਵਾੜੇ ਵੱਲੋਂ ਕੁਦਰਤੀ ਖੇਤੀ ਦਾ ਫਾਰਮ ਤਿਆਰ ਕੀਤਾ ਗਿਆ ਹੈ। ਇੱਥੇ ਕਣਕ, ਛੋਲੇ, ਗੰਨੇ ਤੋਂ ਇਲਾਵਾ ਹਰ ਪ੍ਰਕਾਰ ਦੀਆਂ ਮੌਸਮੀ ਸਬਜ਼ੀਆਂ ਬੀਜੀਆਂ ਜਾਂਦੀਆਂ ਹਨ ਜੋ ਕਿ ਪਿੰਗਲਵਾੜੇ ਦੇ ਨਿਵਾਸੀਆਂ ਲਈ ਵਰਤੀਆਂ ਜਾਂਦੀਆਂ ਹਨ।

**(ੲ) ਜਾਗਰੂਕਤਾ ਮੁਹਿੰਮ** :- ਇਸ ਮੁਹਿੰਮ ਅਧੀਨ ਵਾਤਾਵਰਣ ਜਾਗਰੂਕਤਾ ਲਈ ਸੈਮੀਨਾਰਾਂ ਤੇ ਵਰਕਸ਼ਾਪਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

**(ਸ) ਪਾਣੀ ਸ਼ੁੱਧੀਕਰਣ ਪਲਾਂਟ**:- ਇਸ ਉਪਕਰਣ ਰਾਹੀਂ ਪਾਣੀ ਸਾਫ਼ ਕਰਕੇ ਪੀਣ ਵਾਲੇ ਤੇ ਰਸੋਈ ਵਿੱਚ ਵਰਤੇ ਜਾਣ ਵਾਲੇ ਪਾਣੀ ਦੀ ਸੁਵਿਧਾ ਪੈਦਾ ਕੀਤੀ ਗਈ ਹੈ। ਇਹ ਪਲਾਂਟ ਮਾਨਾਂਵਾਲਾ ਕੰਪਲੈਕਸ ਵਿੱਚ ਹੈ।



(ਹ) ਮੀਂਹ ਦੇ ਪਾਣੀ ਨੂੰ ਧਰਤੀ ਵਿੱਚ ਭੇਜਣਾ (Water Harvesting)

(ਕ) ਸੋਲਰ ਪਾਵਰ ਊਰਜਾ

**ਪੂਰਨ ਪ੍ਰਿੰਟਿੰਗ ਪ੍ਰੈਸ** :- ਇਹ ਛਾਪਾਖ਼ਾਨਾ ਜੋ ਕਿ ਮਾਨਾਂਵਾਲਾ ਕੰਪਲੈਕਸ ਵਿਖੇ ਸਥਿਤ ਹੈ, ਦੁਆਰਾ ਸਮਾਜਿਕ ਬੁਰਾਈਆਂ ਦੇ ਬਾਰੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਸਾਹਿਤ ਛਾਪਿਆ ਜਾਂਦਾ ਹੈ। ਇੱਥੋਂ ਹਰ ਪ੍ਰਕਾਰ ਦਾ ਧਾਰਮਿਕ, ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਸਿਹਤ ਸੰਬੰਧੀ ਸਾਹਿਤ ਛਾਪ ਕੇ ਜਨ-ਸਾਧਾਰਣ ਵਿੱਚ ਭਗਤ ਜੀ ਦੇ ਵੇਲੇ ਤੋਂ ਵੰਡਿਆ ਜਾ ਰਿਹਾ ਹੈ। ਹਰ ਤਰ੍ਹਾਂ ਦੀ ਸਮਾਜਿਕ ਚੇਤਨਾ ਪੈਦਾ ਕਰਨ ਵਾਲੇ ਕਿਤਾਬਚੇ, ਕਿਤਾਬਾਂ, ਜੀਵਨੀਆਂ ਅਤੇ ਇਸ਼ਤਿਹਾਰ ਇਸ ਪ੍ਰੈਸ ਰਾਹੀਂ ਲਗਾਤਾਰ ਛਾਪੇ ਜਾਂਦੇ ਹਨ। ਪਿੰਗਲਵਾੜੇ ਦੀ ਪੂਰਨ ਪ੍ਰਿੰਟਿੰਗ ਪ੍ਰੈਸ ਦਾ ਤੇ ਪਬਲੀਸਿਟੀ ਦਾ ਸਾਲਾਨਾ ਖ਼ਰਚਾ 1 ਕਰੋੜ 50 ਲੱਖ ਰੁਪਏ ਹੈ। ਦਾਨੀਆਂ ਦੇ ਸਹਿਯੋਗ ਨਾਲ ਚੱਲਦੇ ਇਸ ਪ੍ਰੈਸ ਦੀ ਸਮਾਜ ਨੂੰ ਬੜੀ ਵੱਡੀ ਦੇਣ ਹੈ।

**ਹੋਰ ਸਮਾਜ ਕਲਿਆਣ ਸੰਬੰਧੀ ਕਾਰਜ**:-

**(ੳ) ਕੁਦਰਤੀ ਆਫ਼ਤਾਂ ਤੋਂ ਪੀੜਿਤ ਲੋਕਾਂ ਦੀ ਸਹਾਇਤਾ** :- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੂਚਾਲ, ਜਵਾਰ-ਭਾਟਾ, ਸੁਨਾਮੀ ਲਹਿਰਾਂ ਤੋਂ ਪ੍ਰਭਾਵਿਤ ਲੋਕਾਂ ਦੀ ਪਿੰਗਲਵਾੜਾ ਸੰਸਥਾ ਵੱਲੋਂ ਸਮੇਂ-ਸਮੇਂ 'ਤੇ ਹਰ ਸੰਭਵ ਸਹਾਇਤਾ ਕੀਤੀ ਜਾਂਦੀ ਹੈ। ਸੰਨ 2008 ਵਿੱਚ ਜੁਲਾਈ-ਅਗਸਤ ਵਿੱਚ ਪੰਜਾਬ ਵਿੱਚ ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਦੇ ਹੜ੍ਹ-ਪੀੜਿਤ 800 ਪਰਿਵਾਰਾਂ ਨੂੰ ਰਾਸ਼ਨ, ਘਰੇਲੂ ਸਾਮਾਨ ਅਤੇ ਕੰਬਲ ਵੰਡੇ। ਅਗਸਤ 2010 ਵਿੱਚ ਬੱਦਲ ਫੱਟਣ ਨਾਲ ਲੇਹ-ਲਦਾਖ ਵਿੱਚ ਆਏ ਹੜ੍ਹ ਦੇ ਪੀੜਿਤਾਂ ਲਈ ਡਾ. ਇੰਦਰਜੀਤ ਕੌਰ ਜੀ ਦੀ ਅਗਵਾਈ ਵਿੱਚ ਦੋ ਟਰੱਕ ਰਾਹਤ ਸਮੱਗਰੀ-ਰਾਸ਼ਨ, ਕੰਬਲ ਅਤੇ ਊਨੀ ਕੱਪੜੇ ਦੂਰ-ਦੁਰਾਡੇ ਲੇਹ ਦੇ ਇਲਾਕਿਆਂ ਵਿੱਚ ਵੰਡੇ ਗਏ ।

**(ਅ) ਲਾਵਾਰਸ ਲਾਸ਼ਾਂ ਦਾ ਸਸਕਾਰ**:- ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਅੰਤਿਮ ਸਸਕਾਰ ਪੂਰੇ ਸਤਿਕਾਰ ਨਾਲ ਕੀਤਾ ਜਾਂਦਾ ਹੈ।

**(ੲ) ਬਿਰਧਾਂ ਦੀ ਦੇਖਭਾਲ**:- ਪਿੰਗਲਵਾੜਾ ਦੀ ਸੰਗਰੂਰ ਸ਼ਾਖਾ ਵਿੱਚ ਇਕ ਬਿਰਧ ਘਰ 2002 ਤੋਂ ਚਲ ਰਿਹਾ ਹੈ ਤੇ ਇਕ ਬਿਰਧ ਘਰ ਮਾਨਾਂਵਾਲਾ ਬ੍ਰਾਂਚ ਅੰਮ੍ਰਿਤਸਰ ਵਿਖੇ ਬਣਾਇਆ ਗਿਆ ਹੈ, ਜਿਸ ਵਿੱਚ 92 ਬਿਰਧ ਰੱਖਣ ਦਾ ਤੇ ਸੇਵਾ-ਸੰਭਾਲ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

**(ਸ) ਅਜਾਇਬ ਘਰ ਅਤੇ ਦਸਤਾਵੇਜ਼ੀ ਫ਼ਿਲਮਾਂ**:-ਕਠਨ ਮਾਰਗ ਦੇ ਪਾਂਧੀ ਭਗਤ ਪੂਰਨ ਸਿੰਘ ਜੀ ਦੀ ਜੀਵਨੀ 'ਤੇ ਅਧਾਰਤ ਤਸਵੀਰਾਂ ਦਾ ਇਕ ਸੰਗ੍ਰਹਿ ਅਜਾਇਬ ਘਰ ਦੇ ਰੂਪ ਵਿੱਚ ਪਿੰਗਲਵਾੜਾ ਸੰਸਥਾ ਦੀ ਮੁੱਖ-ਬ੍ਰਾਂਚ ਅੰਮ੍ਰਿਤਸਰ ਵਿਖੇ ਸਥਾਪਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਭਗਤ ਜੀ ਦੇ ਜੀਵਨ ਸੰਬੰਧੀ ਵੱਖ-ਵੱਖ ਬੁੱਧੀਜੀਵੀਆਂ ਦੁਆਰਾ ਦਸਤਾਵੇਜ਼ੀ ਫ਼ਿਲਮਾਂ ਤਿਆਰ ਕਰਵਾਈਆਂ ਗਈਆਂ ਹਨ; ਜਿਵੇਂ:

(i) ਇਕ ਮਿਸਾਲ (Pingalwara Presentation)

(ii) Pingalwara-Home for Homeless

(iii) Pingalwara-A selfless Home (Documentry by Gurmeet Sodhi a famous American Media personality)

(iv) ਪਿੰਗਲਵਾੜਾ ਦਸਤਾਵੇਜੀ ਫ਼ਿਲਮ 'ਸ਼ੁੱਭ ਕਰਮਨ' ।

(v) Pingalwara Educational Endeavours

(vi) ਕੁਦਰਤੀ ਖੇਤੀ (Natural Farming)

(vii) ਪਾਣੀ ਦੀ ਸਮੱਸਿਆ

(viii) ਦਰਖ਼ਤ

(ix) **ਏਹੁ ਜਨਮ ਤੁਮ੍ਹਾਰੇ ਲੇਖੇ (ਫ਼ਿਲਮ)**:-ਭਗਤ ਪੂਰਨ ਸਿੰਘ ਜੀ ਦੇ ਸੰਘਰਸ਼ਮਈ ਜੀਵਨ 'ਤੇ ਅਧਾਰਤ ਇਕ ਪੰਜਾਬੀ ਫੀਚਰ ਫ਼ਿਲਮ "ਏਹੁ ਜਨਮ ਤੁਮ੍ਹਾਰੇ ਲੇਖੇ" ਪਿੰਗਲਵਾੜਾ ਸੰਸਥਾ ਦੁਆਰਾ ਬਣਾਈ ਗਈ, ਜੋ 30 ਜਨਵਰੀ 2015 ਨੂੰ ਦੇਸ਼ ਵਿਦੇਸ਼ ਵਿੱਚ ਪ੍ਰਦਰਸ਼ਿਤ ਹੋਈ। ਇਸ ਫ਼ਿਲਮ ਦੇ ਨਿਰਮਾਣ ਦਾ ਉਦੇਸ਼ ਭਗਤ ਜੀ ਦੁਆਰਾ ਦੁਖੀ ਤੇ ਬੇਸਹਾਰਾ ਮਾਨਵਤਾ ਲਈ ਕੀਤੇ ਗਏ ਕੰਮਾਂ ਤੋਂ ਜਾਣੂ ਕਰਵਾਉਣਾ ਸੀ, ਤਾਂ ਕਿ ਭਗਤ ਜੀ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾਸਰੋਤ ਬਣ ਸਕੇ।

**(x) ਪਿੰਗਲਵਾੜਾ ਦੇ ਬੱਚਿਆਂ ਦੁਆਰਾ ਗੁਰਬਾਣੀ ਕੀਰਤਨ**:-ਇਨ੍ਹਾਂ ਬੱਚਿਆਂ ਦੁਆਰਾ ਕੀਰਤਨ ਦੀ DVD-Video ਡਾ. ਓਮ ਗੌਰੀ ਦੱਤ ਸ਼ਰਮਾ, ਡਿਪਟੀ ਡਾਇਰੈਕਟਰ ਜਲੰਧਰ ਦੂਰਦਰਸ਼ਨ ਦੁਆਰਾ ਮਿਤੀ 09-07-2016 ਨੂੰ ਰਿਲੀਜ਼ ਕੀਤੀ ਗਈ ।

**(xi) ਭਗਤ ਪੂਰਨ ਸਿੰਘ ਸਮਾਰਕ**:- ਭਗਤ ਜੀ ਦੇ ਜਨਮ ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿੱਚ "ਭਗਤ ਪੂਰਨ ਸਿੰਘ ਸਮਾਰਕ"



ਬਣਾਇਆ ਗਿਆ ਹੈ ਜਿਹੜਾ ਭਗਤ ਜੀ ਦੀ ਪਹਿਲੀ ਜਨਮ ਸ਼ਤਾਬਦੀ 4 ਜੂਨ 2004 ਨੂੰ ਸਮਰਪਿਤ ਹੈ।

**(xii) ਗਊਸ਼ਾਲਾ** :- ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਇਕ ਗਊਸ਼ਾਲਾ ਬਣਾਈ ਗਈ ਹੈ ਜੋ ਲਗਪਗ 165 ਦੁਧਾਰੂ ਪਸ਼ੂਆਂ ਦੀ ਦੇਖ ਰੇਖ ਕਰ ਰਹੀ ਹੈ। ਗਊਆਂ ਦਾ ਤਾਜ਼ਾ ਦੁੱਧ ਪਿੰਗਲਵਾੜੇ ਦੇ ਮਰੀਜ਼ਾਂ ਨੂੰ ਦਿੱਤਾ ਜਾਂਦਾ ਹੈ।

## ਜ਼ਰੂਰੀ ਸੂਚਨਾ

1. ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਰਜਿਸਟਰਾਰ ਆਫ਼ ਕੰਪਨੀਜ਼ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਪੱਤਰ ਨੰ: 130 ਆਫ਼ 1956-57 ਅਤੇ ਸੋਧ ਨੰ. A 28/4540 ਮਿਤੀ 07-07-1998 ਦੁਆਰਾ ਰਜਿਸਟਰਡ ਹੈ।

2. ਪਿੰਗਲਵਾੜੇ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਇਨਕਮ ਟੈਕਸ ਦੀ ਧਾਰਾ 80 ਜੀ ਅਨੁਸਾਰ ਇਨਕਮ ਟੈਕਸ II ਅੰਮ੍ਰਿਤਸਰ, ਪੱਤਰ ਨੰ. CIT-II/ASR/ITO (Tech.) 2011-12/4730 ਮਿਤੀ 11/12 ਜਨਵਰੀ, 2012 ਅਧੀਨ ਟੈਕਸ ਵਿੱਚ ਛੋਟ ਪ੍ਰਾਪਤ ਹੈ।

3. ਪਿੰਗਲਵਾੜਾ ਸੰਸਥਾ ਦਾ PAN ਨੰਬਰ AAATA 2237R ਹੈ। ਪਿੰਗਲਵਾੜਾ ਦਾ FCRA (Foreign contribution Regulation Act) ਰਜਿਸਟਰਾਰ ਨੰ. 115210002 ਹੈ।

4. ਪਿੰਗਲਵਾੜਾ ਸੰਸਥਾ ਦਾ ਰੋਜ਼ਾਨਾ ਖ਼ਰਚ ਸਾਢੇ ਛੇ ਲੱਖ ਰੁਪਏ ਤੋਂ ਉੱਪਰ ਹੈ, ਜੋ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਭਗਤ ਜੀ ਦੁਆਰਾ ਦਿੱਤੀ ਗਈ ਪ੍ਰੇਰਨਾ ਅਨੁਸਾਰ ਹੁੰਦਾ ਹੈ।

**ਵਾਹਿਗੁਰੂ ਜੀ ਦਾ ਖਾਲਸਾ ॥ ਵਾਹਿਗੁਰੂ ਜੀ ਦੀ ਫ਼ਤਹਿ ॥**

**ਡਾ: ਇੰਦਰਜੀਤ ਕੌਰ,**

ਪ੍ਰਧਾਨ

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ ।

# ਜੀਵਨ ਸੇਧ

* ਆਪਣੀਆਂ ਧਾਰਮਿਕ ਸੰਸਥਾਵਾਂ ਨੂੰ ਨਾ ਭੁੱਲੋ; ਇਹ ਤੁਹਾਡੇ ਲਈ ਪ੍ਰੇਰਨਾ, ਖ਼ੁਸ਼ੀ ਅਤੇ ਮੁਕਤੀ ਦਾ ਸਾਧਨ ਹਨ ।
* ਮੇਰੀ ਮਾਤਾ ਮੈਨੂੰ ਸਦਾ ਇਹੋ ਅਸੀਸ ਦਿੰਦੀ ਹੁੰਦੀ ਸੀ ਕਿ ਮੈਨੂੰ ਰੱਬ ਦਾ ਨਾਮ ਕਿਸੇ ਪਲ ਵੀ ਨਾ ਭੁੱਲੇ ਤੇ ਸੁਆਸ-ਸੁਆਸ ਵਾਹਿਗੁਰੂ ਦੇ ਨਾਮ ਦਾ ਜਾਪ ਮੇਰੇ ਹਿਰਦੇ ਵਿੱਚ ਹਰ ਵੇਲੇ ਹੁੰਦਾ ਰਹੇ ।
* ਨਾਮ ਸਿਮਰਨ ਨਾਲ ਗੁਰ-ਸਿੱਖ ਭਾਰਾ ਗਉਰਾ ਹੋ ਕੇ ਆਪਣਾ ਜੀਵਨ ਤੋਰਦਾ ਹੈ; ਉਸ ਵਿੱਚੋਂ ਸੁੱਤੇ ਹੀ ਸੱਚ, ਪਿਆਰ, ਸੇਵਾ, ਅਨੰਦ ਆਦਿਕ ਗੁਣ ਨਿਕਲਦੇ ਹਨ ।
* ਮੁਸੀਬਤਾਂ ਝੱਲਦਿਆਂ ਹੋਇਆਂ ਵੀ ਮੈਂ ਕਈ ਵਰ੍ਹਿਆਂ ਤਕ ਸਾਰੇ ਕੰਮ ਕਰਦਾ ਰਿਹਾ, ਕਿਉਂਕਿ ਇਸ ਨਾਲ ਮੇਰੀ ਰੂਹ ਨੂੰ ਖ਼ੁਸ਼ੀ ਮਿਲਦੀ ਸੀ ।
* ਜਦੋਂ ਪਿਆਰਾ ਬਹੁਤ ਛੋਟਾ ਹੁੰਦਾ ਰੋਂਦਾ ਸੀ ਤਾਂ ਮੇਰੇ ਅੰਦਰ ਦੀ ਮਮਤਾ ਉਸਦੇ ਦਰਦ ਅਤੇ ਲੋੜ ਨੂੰ ਝੱਟ ਸਮਝ ਜਾਂਦੀ ਸੀ ।
* ਮੇਰੇ ਕੋਲ ਪੈਸਾ ਨਾ ਹੋਣ ਕਾਰਨ ਮੈਨੂੰ ਤੁਰਨਾ ਪੈਂਦਾ ਸੀ । ਪਰ ਤੁਰਦਿਆਂ ਹੋਇਆਂ ਮੈਂ ਆਪਣੇ ਆਪ ਨੂੰ ਇਹ ਯਕੀਨ ਦਿਵਾਉਂਦਾ ਸੀ ਕਿ ਕਿਤੇ ਜਾਣੇ ਅਣਜਾਣੇ ਮੇਰਾ ਪੈਰ ਕਿਸੇ ਕੀੜੀ ਜਾਂ ਹੋਰ ਸੂਖਮ ਜੀਵ ਉੱਪਰ ਨਾ ਆ ਜਾਵੇ ।
* ਕੁਝ ਬੱਚੇ ਜੋ ਬਹੁਤ ਪ੍ਰਤਿਭਾਸ਼ਾਲੀ ਹੁੰਦੇ ਹਨ, ਬਹੁਤ ਗ਼ਰੀਬ ਘਰਾਂ ਵਿੱਚ ਪੈਦਾ ਹੁੰਦੇ ਹਨ । ਸਾਨੂੰ ਉਨ੍ਹਾਂ ਦੀ ਵਿੱਦਿਆ (ਸਿੱਖਿਆ) ਲਈ ਵਿਸ਼ੇਸ਼ ਉਪਰਾਲੇ ਕਰਨੇ ਚਾਹੀਦੇ ਹਨ ।
* ਕੇਸਾਂ ਅਤੇ ਦਾੜ੍ਹੀ ਦੁਆਰਾ ਬੰਦੇ ਦਾ ਸਰੂਪ ਪੂਰਨ ਹੁੰਦਾ ਹੈ, ਸੁੰਦਰਤਾ ਮਿਲਦੀ ਹੈ ਤੇ ਸਿਰ ਉੱਤੇ ਰੱਬ ਦੀ ਸੱਤਾ ਦੀ ਇਕ ਰੂਹਾਨੀ ਛਤਰੀ ਤਣੀ ਹੋਈ ਮਹਿਸੂਸ ਹੁੰਦੀ ਹੈ । ਉਸਨੂੰ ਹਰ ਕੋਮਲ ਭਾਵਾਂ ਵਾਲਾ ਮਹਿਸੂਸ ਕਰ ਸਕਦਾ ਹੈ ।
* ਅਰਾਮ ਦੀ ਤਲਾਸ਼ ਨਾ ਕਰੋ, ਕੰਮਾਂ ਦੀ ਤਲਾਸ਼ ਕਰੋ—ਤੇ ਕੰਮ ਵੀ ਔਖਿਆਂ ਦੀ, ਜਿਨ੍ਹਾਂ ਨੂੰ ਕਰਨ ਲਈ ਸ਼ਕਤੀ ਦੀ ਲੋੜ ਹੋਵੇ ਤੇ ਜਿਨ੍ਹਾਂ ਨੂੰ ਕਰਨ ਤੋਂ ਸ਼ਕਤੀ ਪੈਦਾ ਹੁੰਦੀ ਹੋਵੇ ।



**Details of Banks for sending Donation through Online/ Cheque/Draft may be sent in favour of: All India Pingalwara Charitable Society (Regd.), Amritsar' (PAN No.: AAATA 2237R)**
(The donations made to Pingalwara are exempt from Income Tax under Section 80G of I.T. Act. 1961)

| S.No. | Name of Account | Name of the Bank | Account No. | Swift/IFS Code |
|---|---|---|---|---|
| | | **(FOR FOREIGN CONTRIBUTORS)** | | |
| | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010002890 | ORBCINBBASR |
| | | **(FOR INLAND CONTRIBUTORS)** | | |
| 1. | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010003720 | ORBC 0100156 |
| 2. | All India Pingalwara Charitable Society (Regd.), Amritsar. | State Bank of India,Town Hall, Amritsar. | 10978255668 | SBIN0000609 |
| 3. | All India Pingalwara Charitable Society (Regd.), Amritsar. | Bank of India, City Centre, Amritsar. | 630510100026147 | BKID0006305 |
| 4. | All India Pingalwara Charitable Society (Regd.), Amritsar. | Axis Bank Ltd., City Centre Amritsar. | 685010100009799 | UTIB0000685 |
| 5. | All India Pingalwara Charitable Society (Regd.), Amritsar. | Punjab National Bank, Hall Bazar, Amritsar. | 0018002100097336 | PUNB0001800 |
| 6. | All India Pingalwara Charitable Society (Regd.), Amritsar. | ICICI Bank Ltd., Lawrence Road, Amritsar. | 006601012522 | ICIC0000066 |
| 7. | All India Pingalwara Charitable Society (Regd.), Amritsar. | HDFC Bank Ltd., Mall Road, Amritsar. | 01151000246510 | HDFC0000115 |
| 8. | All India Pingalwara Charitable Society (Regd.), Amritsar. | HDFC Bank Ltd., Ghanta Ghar, Golden Temple, Amritsar. | 13131000082013 | HDFC0001313 |

| | | | | |
|---|---|---|---|---|
| 9. | All India Pingalwara Charitable Society (Regd.), Amritsar. | Punjab & Sind Bank, Hall Bazar, Amritsar. | 00011000096048 | PSIB000A001 |
| 10. | All India Pingalwara Charitable Society (Regd.), Amritsar. | Bank of Baroda, Town Hall, Amritsar. | 01010100015572 | BARBOAMRITS |
| 11. | All India Pingalwara Charitable Society (Regd.), Amritsar. | Oriental Bank of Commerce, Sec-47 C, Chandigarh. | 12332011000560 | ORBC0101233 |
| 12. | All India Pingalwara Charitable Society (Regd.), Amritsar. | Punjab & Sind Bank, Sangrur. | 00671000012150 | PSIB0000067 |
| 13. | All India Pingalwara Charitable Society (Regd.), Amritsar. | State Bank of India, Patiala Gate, Sangrur. | 33530846863 | SBIN0001759 |
| 14. | All India Pingalwara Charitable Society (Regd.), Amritsar. | Punjab & Sind Bank, Gole Market, New Delhi. | 07621000007388 | PSIB0000762 |

**(IN UK)**
**S. GURBAKHSH SINGH**
**63 Peacock street, Gravesend, Kent, (U.K.)**
**DA12 IEG, Ph. 1474568574**

**(IN CANADA)**
**BIBI ABNASH KAUR KANG**
**(Pingalwara Soceity of Ontario (Regd.)**
**124 Blackmere Cir,**
**Brampton, ONT., L6W 4CI,**
**Canada**
**Ph: 905-450-9664, 416-674-3341**
**Email-abnash6@yahoo.com**

**(IN USA)**
**JASWANT SAWHNEY CHARITABLE TRUST**
**In Association with**
**All India Pingawara Charitable Society (Regd.)**
**7713 Toburk CT,**
**HANOVER, MD 21076-1643 U.S.A.**
**BIBI JATINDER KAUR DUSAJ**
**Ph. 410-551-8010**
**E-mail-kaurg 2004@yahoo.com**



*"ਇਸ ਸਮੇਂ ਹਰ ਸਿੱਖ ਨੂੰ ਚਾਹੀਦਾ ਹੈ ਕਿ ਉਹ ਰੁੱਖਾਂ ਦੇ ਪ੍ਰਚਾਰ ਲਈ ਦਸਵੰਧ ਕੱਢੇ ਤੇ ਸਾਨੂੰ ਮਾਇਆ ਭੇਜੇ, ਤਾਂ ਜੋ ਇਸ ਸਮੇਂ ਭਾਰਤ ਦੀ ਧਰਤੀ ਨੂੰ ਮਾਰੂਥਲ ਹੋਣ ਤੋਂ ਬਚਾਉਣ ਲਈ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੇ ਜੀਵਨ ਦੇ ਇਤਿਹਾਸ ਨਾਲ ਸੰਬੰਧ ਰੱਖਣ ਵਾਲੇ ਇਸ਼ਤਿਹਾਰਾਂ ਤੇ ਕਿਤਾਬਚਿਆਂ ਨੂੰ ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਵਿੱਚ ਛਾਪ ਕੇ ਦੇਸ਼ ਦੇ ਕੋਨੇ-ਕੋਨੇ ਵਿੱਚ ਪਹੁੰਚਾਇਆ ਜਾ ਸਕੇ । ਜੰਗਲਾਤ ਅਫ਼ਸਰਾਂ ਨੂੰ ਇਹ ਪਤਾ ਲੱਗੇ ਕਿ ਧਰਤੀ ਨੂੰ ਮਾਰੂਥਲ ਹੋਣ ਤੋਂ ਬਚਾਉਣ ਦੀ ਚਿੰਤਾ ਉਨ੍ਹਾਂ ਮਹਾਂਪੁਰਸ਼ਾਂ ਨੂੰ ਹੋਇਆ ਕਰਦੀ ਹੈ ਜਿਨ੍ਹਾਂ ਨੇ ਗ਼ਰੀਬਾਂ ਅਤੇ ਮੁਥਾਜਾਂ ਲਈ ਲੰਗਰ ਚਲਾਉਣੇ ਹੁੰਦੇ ਹਨ, ਕਿਉਂਕਿ ਉਹਨਾਂ ਨੇ ਇਕੱਲਿਆਂ ਪ੍ਰਸ਼ਾਦਾ ਨਹੀਂ ਛਕਣਾ ਹੁੰਦਾ ਬਲਕਿ ਨਗਾਰਾ ਵਜਾ ਕਿ ਭੁੱਖਿਆਂ ਨੂੰ ਸੱਦਾ ਦੇ ਕੇ ਸੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕਣਾ ਹੁੰਦਾ ਹੈ ।"*

**-ਭਗਤ ਪੂਰਨ ਸਿੰਘ, ਬਾਨੀ ਪਿੰਗਲਵਾੜਾ, ਅੰਮ੍ਰਿਤਸਰ ।**